ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 220 Monday, November 18, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


# ਅਸਲ ਮੁੱਦਿਆਂ ਤੋਂ ਭਟਕ ਰਹੇ ਹਨ ਪ੍ਰੇਰੀਜ਼ ਦੇ ਪ੍ਰੀਮੀਅਰ : ਜਗਮੀਤ ਸਿੰਘ



ਓਟਵਾ, 17 ਨਵੰਬਰ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਦਾ ਕਹਿਣਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲੋਕ ਆਪਣੇ ਆਪ ਨੂੰ ਓਟਵਾ ਵੱਲੋਂ ਅਣਗੌਲਿਆ ਮਹਿਸੂਸ ਕਰ ਰਹੇ ਹਨ ਪਰ ਜਿਸ ਹਿਸਾਬ ਨਾਲ ਅਲਬਰਟਾ ਦੇ ਸਸਕੈਚਵਨ ਦੇ ਪ੍ਰੀਮੀਅਰ ਆਪਣੀਆਂ ਚਿੰਤਾਵਾਂ ਪੇਸ਼ ਕਰ ਰਹੇ ਹਨ ਉਸ ਤੋਂ ਇੰਜ ਲੱਗਦਾ ਹੈ ਕਿ ਅਸਲ ਦਿੱਕਤਾਂ ਤੋਂ ਧਿਆਨ ਭਟਕ ਰਿਹਾ ਹੈ।

ਇੱਕ ਇੰਟਰਵਿਊ ਵਿੱਚ ਜਗਮੀਤ ਸਿੰਘ ਨੇ ਆਖਿਆ ਕਿ ਜਿਨ੍ਹਾਂ ਮੁੱਦਿਆਂ ਤੇ ਦਬਾਅ ਦਾ ਅਲਬਰਟਾ ਵਾਸੀਆਂ ਤੇ ਸਸਕੈਚਵਨ ਦੇ ਬਸ਼ਿੰਦਿਆਂ ਵੱਲੋਂ ਸਾਹ-ਮਣਾ ਕੀਤਾ ਜਾ ਰਿਹਾ ਹੈ ਉਹ ਸਹੀ ਹੈ ਪਰ ਉਹੀ ਸਾਰਾ ਕੁੱਝ ਹੋਰਨਾਂ ਪ੍ਰੋਵਿੰਸਾਂ ਦੇ ਲੋਕ ਵੀ ਮਹਿਸੂਸ ਕਰ ਰਹੇ ਹਨ।

ਇਹ ਪੁੱਛੇ ਜਾਣ ਉੱਤੇ ਕਿ ਕਲਾਈਮੇਟ ਚੇਂਜ ਤੋਂ ਇਲਾਵਾ ਨਵੀਂ ਪਾਰਲੀਆਮੈਂਟ ਵਿੱਚ ਉਨ੍ਹਾਂ ਦੀਆਂ ਹੋਰ ਕਿਹੜੀਆਂ ਤਰਜੀਹਾਂ ਰਹਿਣਗੀਆਂ ਅਤੇ ਪੱਛਮੀ ਪ੍ਰੋਵਿੰਸਾਂ ਦੇ ਵੱਖ ਹੋਣ ਵਾਲੇ ਅਲਾਪੇ ਜਾ ਰਹੇ ਰਾਗ ਤੋਂ ਇਲਾਵਾ ਪ੍ਰੀਮੀਅਰਜ਼ ਜੇਸਨ ਕੇਨੀ ਤੇ ਸਕਾਟ ਮੋਅ ਦੀਆਂ ਮੰਗਾਂ ਅਤੇ ਲਿਬਰਲਾਂ ਵੱਲੋਂ ਗਿਣੇ ਚੁਣੇ ਟੀਚਿਆਂ ਨਾਲ ਅੱਗੇ ਵੱਧਣ ਨੂੰ ਲੈ ਕੇ ਐਨਡੀਪੀ ਕਾਕਸ ਦੀ ਪ੍ਰਤੀਕਿਰਿਆ ਕਿਹੋ ਜਿਹੀ ਹੋਵੇਗੀ ਤਾਂ ਜਗਮੀਤ ਸਿੰਘ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਇਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਫੈਡਰਲ ਸਰਕਾਰ ਜ਼ਰੂਰ ਅੱਗੇ ਆਵੇ।

ਇਸ ਦੌਰਾਨ ਐਨਡੀਪੀ ਆਗੂ ਨੇ ਆਪਣੀਆਂ ਨਿਜੀ ਤੇ ਰੂਹਾਨੀ ਮਾਨਤਾਵਾਂ ਬਾਰੇ ਵੀ ਚਰਚਾ ਕੀਤੀ ਤੇ ਆਖਿਆ ਕਿ ਰਾਜ ਭਾਸ਼ਣ ਵਿੱਚ ਕੀਤੇ ਗਏ ਵਾਅਦਿਆਂ ਉੱਤੇ ਹੀ ਲਿਬਰਲ ਪਾਰਟੀ ਨੂੰ ਟਿਕੇ ਰਹਿਣਾ ਹੋਵੇਗਾ। ਉਨ੍ਹਾਂ ਆਖਿਆ ਕਿ ਲੋਕ ਖੁਦ ਨੂੰ ਫੈਡਰਲ ਸਰਕਾਰ ਵੱਲੋਂ ਅਣਗੌਲਿਆ ਮਹਿਸੂਸ ਕਰ ਰਹੇ ਹਨ। ਕੰਜ਼ਰਵੇਟਿਵ ਆਗੂ ਅਸਲ ਸਮੱਸਿਆ ਤੋਂ ਭਟਕ ਰਹੇ ਹਨ। ਉਨ੍ਹਾਂ ਆਖਿਆ ਕਿ ਹੈਲਥ ਕੇਅਰ ਤੇ ਐਜੂਕੇਸ਼ਨ ਸਿਸਟਮ ਦੇ ਨਾਲ ਨਾਲ ਰੋਜ਼ਗਾਰ ਲੱਭਣਾ ਹੀ ਅਸਲ ਮੁੱਦਿਆਂ ਦੀਆਂ ਉਦਾਹਰਨਾਂ ਹਨ।

...ਬਾਕੀ ਪੰਨਾ 6 'ਤੇ

# ਨੌਰਥ ਯੌਰਕ ਦੀ ਰਿਹਾਇਸ਼ੀ ਇਮਾਰਤ ਵਿੱਚ ਲੱਗੀ ਘਾਤਕ ਅੱਗ, 700 ਲੋਕਾਂ ਨੂੰ ਛੱਡਣੇ ਪਏ ਘਰ



ਟੋਰਾਂਟੋ, 17 ਨਵੰਬਰ (ਪੋਸਟ ਬਿਊਰੋ) : ਨੌਰਥ ਯੌਰਕ ਦੀ ਇੱਕ ਰਿਹਾਇਸ਼ੀ ਬਿਲਡਿੰਗ ਵਿੱਚ ਸ਼ੁੱਕਰਵਾਰ ਨੂੰ ਲੱਗੀ ਘਾਤਕ ਅੱਗ ਕਾਰਨ 700 ਦੇ ਨੇੜੇ ਤੇੜੇ ਸਥਾਨਕ ਵਾਸੀਆਂ ਨੂੰ ਆਪਣੇ ਘਰ ਛੱਡਣੇ ਪਏ। ਇਨ੍ਹਾਂ ਵਿੱਚੋਂ ਕਈਆਂ ਨੂੰ ਐਤਵਾਰ ਦੁਪਹਿਰ ਨੂੰ ਯੌਰਕ ਯੂਨੀਵਰਸਿਟੀ ਦੇ ਅਥਲੈਟਿਕ ਸੈਂਟਰ ਵਿੱਚ ਆਰਜ਼ੀ ਤੌਰ ਉੱਤੇ ਠਹਿਰਾਇਆ ਗਿਆ।

ਇਹ ਅੱਗ ਜੇਨ ਸਟਰੀਟ ਤੇ ਸਟੀਲਜ਼ ਐਵਨਿਊ ਨੇੜੇ 235 ਗੌਸਫੋਰਡ ਬੋਲੀਵੀਆਰਡ ਉੱਤੇ ਸਥਿਤ 15 ਮੰਜ਼ਿਲਾ ਰਿਹਾਇਸ਼ੀ ਬਿਲਡਿੰਗ ਵਿੱਚ ਸ਼ਾਮੀਂ 5:30 ਵਜੇ ਲੱਗੀ। ਇਸ ਕਾਰਨ ਇੱਥੇ ਰਹਿਣ ਵਾਲੇ ਲੋਕਾਂ ਨੂੰ ਇਮਾਰਤ ਫੌਰਨ ਖਾਲੀ ਕਰਨ ਲਈ ਆਖਿਆ ਗਿਆ। ਟੋਰਾਂਟੋ ਫਾਇਰ ਚੀਫ ਮੈਥਿਊ ਪੈੱਗ ਨੇ ਦੱਸਿਆ ਕਿ ਜਦੋਂ ਅੱਗ ਆਪਣੇ ਪੂਰੇ ਚਰਮ ਉੱਤੇ ਸੀ ਤਾਂ ਉਸ ਉੱਤੇ ਕਾਬੂ ਪਾਉਣ ਲਈ 20 ਟਰੱਕ ਤੇ 100 ਫਾਇਰਫਾਈਟਰ ਮੌਕੇ ਉੱਤੇ ਪਹੁੰਚੇ।

ਮੌਕੇ ਉੱਤੇ ਛੇ ਵਿਅਕਤੀਆਂ ਦੀ ਸਿਹਤ ਸਬੰਧੀ ਜਾਂਚ ਪੈਰਾਮੈਡਿਕਸ ਵੱਲੋਂ ਕੀਤੀ ਗਈ ਤੇ ਇੱਕ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

...ਬਾਕੀ ਪੰਨਾ 6 'ਤੇ

# ਕੈਨੇਡਾ ਦੀ ਵਿਦੇਸ਼ ਨੀਤੀ 'ਤੇ ਰਹੇਗੀ ਫਰੀਲੈਂਡ ਦੀ ਛਾਪ : ਵਿਸ਼ਲੇਸ਼ਕ



ਓਟਵਾ, 17 ਨਵੰਬਰ (ਪੋਸਟ ਬਿਊਰੋ) : ਨਵੇਂ ਕੈਬਨਿਟ ਵਿੱਚ ਭਾਵੇਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਕ੍ਰਿਸਟੀਆ ਫਰੀਲੈਂਡ ਨੂੰ ਕੋਈ ਹੋਰ ਮੰਤਰਾਲਾ ਦੇ ਦੇਣ ਪਰ ਆਉਣ ਵਾਲੇ ਕੁੱਝ ਸਮੇਂ ਤੱਕ ਕੈਨੇਡਾ ਦੀ ਵਿਦੇਸ਼ ਨੀਤੀ ਉੱਤੇ ਫਰੀਲੈਂਡ ਦੀ ਛਾਪ ਜ਼ਾਹਿਰਾ ਤੌਰ ਉੱਤੇ ਨਜ਼ਰ ਆਵੇਗੀ।

ਨਵੀਂ ਨੌਰਥ ਅਮੈਰੀਕਨ ਟਰੇਡ ਡੀਲ ਨੂੰ ਸਿਰੇ ਚੜ੍ਹਾਉਣ ਤੇ ਆਪਣੇ ਅਹਿਮ ਸਾਥੀ ਅਮਰੀਕਾ ਨਾਲ ਆਰਥਿਕ ਸਬੰਧਾਂ ਨੂੰ ਸੁਧਾਰਨ ਵਰਗੀਆਂ ਤਰਜੀਹਾਂ ਨੂੰ ਅੱਗੇ ਲਿਜਾਣ ਵਰਗੇ ਮਾਮਲੇ ਵਿੱਚ ਇਹ ਖਾਸਤੌਰ ਉੱਤੇ ਸੱਚ ਹੈ। ਦੇਸ਼ ਦੀ ਉੱਘੀ ਡਿਪਲੋਮੈਟ ਵਜੋਂ ਆਪਣੇ ਗੁਆਂਢੀ ਮੁਲਕ ਨਾਲ ਖੜ੍ਹੇ ਹੋਏ ਸੰਕਟ ਵਿੱਚ ਇੱਕ ਲੀਡਰ ਵਜੋਂ ਕੈਨੇਡਾ ਦੇ ਅਕਸ ਨੂੰ ਸਥਾਪਿਤ ਕਰਨ ਤੇ ਵੈਨੇਜ਼ੁਏਲਾ ਦੇ ਮਾਮਲੇ ਵਿੱਚ ਕੈਨੇਡਾ ਦੀ ਪਛਾਣ ਬਣਾਉਣ ਲਈ ਫਰੀਲੈਂਡ ਵੱਲੋਂ ਲਏ ਫੈਸਲੇ ਪ੍ਰਭਾਵਸ਼ਾਲੀ ਸਨ।

ਜਨਵਰੀ 2017 ਨੂੰ ਫਰੀਲੈਂਡ ਨੂੰ ਵਿਦੇਸ਼ ਮੰਤਰੀ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੂੰ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਤੇ ਨੌਰਥ ਅਮੈਰੀਕਨ ਫਰੀ ਟਰੇਡ ਅਗਰੀਮੈਂਟ ਨਾਲ ਸਿੱਝਣ ਦੇ ਨਾਲ ਨਾਲ ਕੈਨੇਡਾ ਦੇ ਅਰਥਚਾਰੇ ਨੂੰ ਡਿੱਗਣ ਤੋਂ ਬਚਾਉਣਾ ਸੀ। ਫਰੀਲੈਂਡ ਨੇ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਚੰਗੀ ਤਰ੍ਹਾਂ ਨਿਭਾਈਆਂ ਹਾਲਾਂਕਿ ਨਾਫਟਾ ਦੀ ਪੁਸ਼ਟੀ ਕੀਤੀ ਜਾਣੀ ਅਜੇ ਬਾਕੀ ਹੈ। ...ਬਾਕੀ ਪੰਨਾ 6 'ਤੇ


Fair Advice Financial | Care Wealth Management Inc. RDSP (Registered Disability Savings Plan) Disabled person who is eligible for Disability Tax Credit. And who is 49 years old or younger. By contributing in an RDSP Plan he/she may be eligible to receive up to$90,000 in government bonds & grants. Contact: 647-951-7900 SUKHWINDER NAHAL CFP, CLU Financial Planner www.fairadvicefinancial.com 7900 Hurontario St., Suite 308, Brampton, ON, L6Y 0P6

TOP 4% TREB REALTOR 2018. Buy With $0 Down Program. RESIDENTIAL-COMMERCIAL-INVESTMENT. SELL YOUR HOUSE Quick & For Top $$$$ GO WITH PRO SELLING GTA FOR 5 YEARS. Hardeep Sivia Broker 647-970-7374 www.HardeepSivia.com

Best Insurance Rates ▪Auto ▪Home ▪Business Dir: 647-400-2949 ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ Discounts upto 35% on Auto & Home. Amanpreet S. Batth. Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE •Life Insurance •Critical Illness Ins •Travel & Visitor Ins •RESP & TFSA & RRSP •Super Visa Insurance •Mortgage Insurance •Disability Insurance •Funeral Insurance SIMRAN SAINI 416.994.7272 www.allkindinsurance.com

INSURANCE ○Home ○Auto ○Business ○Trucking ○Life Insurance ○Commercial 647-206-2452 Sukhwinder K Singh. CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE. Super visa Insurance. Life & Disability. Critical illness. RESP. Visitor & Travel insurance. All Care Insurance Inc. (416-845-1352) Manwinder Mangat Broker. Axael InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW • Supervisa / Visitor Insurance • Life /Mortgage/Funeral Insurance • Disability Insurance • Critical Illness Insurance • RESP /RRSP JATINDERBIR S BAJWA Insurance Broker Dir: 647-928-4990 www.ufsinsurance.com # 25-831 Bovarid Dr. W. Brampton,ON,L6X0T9

JOSHI LAW OFFICE Barrister, Solicitor & Notary Public info@joshilawoffice.com | joshilawoffice.com ✧Immigration ✧Real Estate / Commercial Law ✧Affidavit / Power of Attorney 6921 Steels Ave. W. Unit 11, Etobicoke, ON Rakesh M. Joshi B.A., LL.B 416-213-8600

WE DESIGN & BUILD ANGLECON CONSTRUCTION Fully Insured | Team of licensed trades | Quality work & on-time insured RESIDENTIAL • Custom homes • Home additions • Full home renovations • Legal basement COMMERCIAL • New store design & build • Lease hold Improvements • Medical, offices, restaurants, retail & salon FAST TRACK PERMIT & CONSTRUCTION 437.219.5009 info@anglecon.ca BRAMPTON ◦ MISSISSAUGA ◦ ETOBICOKE ◦ OAKVILLE

INSURANCE Auto | Home | Business | Trucking | Life ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage RAJESH SOOD (RAJ) CAIB (hons.), MBA (finance), RIBO ਸੰਪਰਕ ਕਰੋ: 416-908-6237 AXMEX Unit 1, 30 Topflight dr., Mississauga

GOEL TRAVEL Low Rates Best Service ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ ਗੋਇਲ ਟਰੈਵਲ Tico # 50021780 905.796.7500 900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ • ਪਾਵਰ ਆਫ ਸੇਲ ਨੋਟਿਸ ? • ਗਾਰਨਿਸ਼ਮੈਂਟ? • ਬੈਂਕ ਵਲੋਂ ਪੈਸੇ ਦੀ ਮੰਗ ? • ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ? ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ ਹੁਣੇ ਹੀ ਕਾਲ ਕਰੋ 75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ ਕਰਜ਼ੇ ਦੀ ਸਿਰਦਰਦੀ ? Late Evening and Weekends Appointments Available 1888 864 3131 Jasbir Singh Hundal Qualified Credit Counsellor www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SEHMBI RENOVATIONS ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ • Custom Kitchen Cabinets • Legal Basement • Completly Furnished • Painting & Flooring ਵਾਜਿਬ ਕੀਮਤ ਤੇ ਸਮੇਂ ਸਿਰ ਕੰਮ Jaswant Sehmbi: 647.524.0885

Law Office of Aman Sharma -Real Estate -Commercial Lease -Business Purchase & Sale -Notarizations & Affidavits -Wills & Power Of Attorney Fax: 905-913-2344 Tel: 905-913-2355 4515 Ebenezer Rd, Suite 211, Brampton, Ontario L6P2K7 Aman Sharma Open Saturday Providing excellent quality legal services to our clients

Mortgage! We Will Beat Any Rate !!! Purchase || Refinance || Major Banks /Credit Unions || Private Lenders || Second Mortgages-Lowest 6.99 % The Mortgage Centre Cell: 416-841-4218 Tel: 905-216-5563 AvonFinancial Inc. Brokerage Lic. 12538 Harpreet Singh Goraya Principal Broker (Lic # M12000607) 831 Bovaird Dr. West, Unit 25, Brampton, ON L6X 0T9 Fax: 905-216-0392

SNOW PLOWING & SALTING SERVICES WE SERVICE ALL KINDS OF PROPERTIES - Truck & Trailer parking yards - Plazas & Industrial buildings - Banquet halls & restaurants - Gas stations & repair shops - Offices & Clinics FREE We are Professional, Reliable & Experienced AAA LANDSCAPING 647-784-1213

PROTECT YOUR HOME FROM PESTS Pest Control Low Rates/Excellent Pest Control Services 100% Success rate for bed bug Treatment Free Home Inspection Call Today Ranjit Sidhu Certified & Licenced Exterminator BED BUG MATTRESS COVER ALSO AVAILABLE A-Z Pest Control Inc. Cell: 647.668.3944 | Office: 905.405.0648 info@atozpestcontroltoronto.com | www.atozpestcontroltoronto.com

•Super Visa Insurance •Visitor Visa Insurance •Travel Insurance •Student Insurance •New Immigrant 90 Days Med. Insurance Punjab Insurance Inc www.punjabinsurance.com Sherjang Singh Rana 416.910.9000 rana@punjabinsurance.ca 10-7003 Steeles Ave. West, Etobicoke, ON M9W 0A2 Harpreet Rana 416.871.3571 harpreetrana@punjabinsurance.ca

CN Forklift Training Center Counterbalance All Types. Walkie pallet Low Lift. Electric Motor Narrow Aisle Reach. Cherry Order Picker. License $69 Toll Free: 1 855 230 0001 7033 Telford Way, Unit #4, Mississauga, ON L5S 1V4 When You Need Re certified License & Training First Call to us Cell: 416 726 6206 Tel: 905 405 0001 NC Dhawan Certified Instructor

KELLEY LAW OFFICE ✓Immigration ✓Family Law ✓Corporate ✓Real Estate ✓Business Closing ✓Wills & Estate ✓Power of Attorney/Affidavit /Attestations www.kelleylawoffice.ca | info@kelleylawoffice.ca 1200 Derry Road E, #15, Mississauga, ON L5T 0B3 Shinder Kelley 905-362-0755

Royal Pest Control Residential Commercial Industrial Specialist in Bedbugs Service All Pest Control : •Mouse & Rats •Spiders & Fleas •Bedbugs •Wasps •Cockroaches •Carpenter Ants •Silver Fish •Racoons Call : PARESH PATEL 416 938 4598

MANN LAW FIRM • Real Estate Law • Wills & Estates • Power of Attorney • Affidavits Notarization / Declaration • Business Law • Family Law • Civil Litigation Maninder S. Mann B.A. (Hons.), LLB BARRISTER SOLICITOR NOTARY Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

PEST PROBLEM ? Residential & Commercial All Pest Control MICE, COCKROACH, BEDBUG & ALL COMMON BUGS Protect yourself & your family from the Pests 100% Customer Satisfaction AFFORDABLE & RELIABLE KSG Pest Control Inc. 647.990.3205 www.ksgpestcontrol.ca ksgpestcontrol@gmail.com Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਪਾਰਲੀਮੈਂਟ ਦਾ ਕਰਨ ਇਜਲਾਸ ਖਾਤਰ,
ਦਿੱਲੀ ਅੰਦਰ ਜਦ ਬੈਠਕ ਬੁਲਾਈ ਬੇਲੀ।
ਕਰੀਏ ਬਹਿਸ ਵਿਕਾਸ ਦੀ ਬਾਤ ਵਾਲੀ,
ਬਾਤ ਮੁੜ ਕੇ ਸਰਕਾਰ ਦੁਹਰਾਈ ਬੇਲੀ।
ਜਿਨ੍ਹਾਂ ਗੱਲਾਂ ਤੋਂ ਕੌੜ ਕੁਝ ਚੜ੍ਹਨ ਵਾਲੀ,
ਵਿਰੋਧੀ ਆਗੂਆਂ ਵੀ ਬਾਤ ਪਾਈ ਬੇਲੀ।
ਆਈ ਮੁੱਢਾਂ ਤੋਂ ਚੱਲੀ ਹੈ ਪਿਰਤ ਜਿੱਦਾਂ,
ਸਮਝੋ ਗਈ ਉਹ ਫਿਰ ਨਿਭਾਈ ਬੇਲੀ।
ਚੱਲਿਆ ਜਦੋਂ ਅਜਲਾਸ ਤਾਂ ਵੇਖ ਲੈਣਾ,
ਪਊਗਾ ਰੌਲਾ ਤੇ ਪਊ ਫਿਰ ਖੱਪ ਬੇਲੀ।
ਦੂਸ਼ਣਬਾਜ਼ੀ ਤੇ ਲੱਗਣਗੇ ਫੇਰ ਨਾਅਰੇ,
ਹੁੰਦਾ ਰਹਿਣਾ ਈ ਕੰਮ ਤਾਂ ਠੱਪ ਬੇਲੀ।

**ਤੀਸ ਮਾਰ ਖਾਂ**

# ਅਯੁੱਧਿਆ ਕੇਸ : ਮੁਸਲਿਮ ਪਰਸਨਲ ਲਾਅ ਬੋਰਡ ਨੇ ਰੀਵੀਊ ਪਟੀਸ਼ਨ ਪੇਸ਼ ਕਰਨ ਦਾ ਫੈਸਲਾ ਲਿਆ

### * ਸੁਪਰੀਮ ਕੋਰਟ ਦੇ ਹੁਕਮ ਦੇ ਰੀਵਿਊ ਦੀ ਮੰਗ ਕੀਤੀ ਜਾਵੇਗੀ



ਲਖਨਊ, 17 ਨਵੰਬਰ, (ਪੋਸਟ ਬਿਊਰੋ)- ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਕੇਸ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਵਿਰੁੱਧ ਚੁਣੌਤੀ ਮੁੜ ਵਿਚਾਰ ਦੀ ਅਰਜ਼ੀ ਦੇਣ ਲਈ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਆਪਣਾ ਮਨ ਬਣਾ ਲਿਆ ਹੈ। ਬੋਰਡ ਦੀ ਬੈਠਕ ਵਿਚ ਫੈਸਲਾ ਕੀਤਾ ਗਿਆ ਹੈ ਕਿ ਅਯੁੱਧਿਆ ਵਾਲੇ ਕੇਸ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਵਿਰੁੱਧ ਮੁੜ ਵਿਚਾਰ ਪਟੀਸ਼ਨ ਦਾਇਰ ਕੀਤੀ ਜਾਵੇਗੀ।

ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੀ ਅੱਜ ਦੀ ਬੈਠਕ ਮਗਰੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਵਿਚ ਬੋਰਡ ਨੇ ਕਿਹਾ ਕਿ ਮਸਜਿਦ ਦੀ ਜ਼ਮੀਨ ਦੇ ਬਦਲੇ ਮੁਸਲਮਾਨ ਕੋਈ ਦੂਜੀ ਥਾਂ ਜ਼ਮੀਨ ਕਬੂਲ ਨਹੀਂ ਕਰ ਸਕਦੇ। ਬੋਰਡ ਵੱਲੋਂ ਸਈਅਦ ਕਾਸਿਮ ਰਸੂਲ ਇਲੀਆਸ ਨੇ ਪ੍ਰੈੱਸ ਕਾਨਫਰੰਸ ਵਿਚ ਸੁਪਰੀਮ ਕੋਰਟ ਦੇ ਪਿਛਲੇ ਹਫਤੇ ਦੇ ਫੈਸਲੇ ਬਾਰੇ ਕੁਝ ਗੱਲਾਂ ਦੀ ਚਰਚਾ ਕੀਤੀ ਤੇ ਦੱਸਿਆ ਕਿ ਇਸ ਆਧਾਰ ਉੱਤੇ ਮੁੜ ਵਿਚਾਰ ਦੀ ਅਰਜ਼ੀ ਪੇਸ਼ ਕੀਤੀ ਜਾਵੇਗੀ। ਬੋਰਡ ਨੇ ਮਸਜਿਦ ਦੀ ਬਜਾਏ ਪੰਜ ਏਕੜ ਜ਼ਮੀਨ ਦੂਜੀ ਥਾਂ ਲੈਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਹ ਸ਼ਰੀਅਤ ਦੇ ਵਿਰੁੱਧ ਹੈ। ਉਂਜ ਬਾਬਰੀ ਮਸਜਿਦ ਕੇਸ ਵਿੱਚ ਮੁੱਖ ਧਿਰ ਇਕਬਾਲ ਅੰਸਾਰੀ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਨਮਾਨ ਕਰਦਿਆਂ ਕਿਹਾ ਕਿ ਉਹ ਨਵੀਂ ਪਟੀਸ਼ਨ ਦਾਖ਼ਲ ਕਰਨ ਦੇ ਫ਼ੈਸਲੇ ਨਾਲ ਸਹਿਮਤ ਨਹੀਂ।

ਵਰਨਣ ਯੋਗ ਹੈ ਕਿ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੀ ਇਹ ਮੀਟਿੰਗ ਪਹਿਲਾਂ ਅੱਜ ਐਤਵਾਰ ਨੂੰ ਲਖਨਊ ਦੇ ਨਦਵਾਤੁਲ ਉਲਮਾ ਵਿਚ ਹੋਣੀ ਸੀ, ਪਰ ਪ੍ਰਸ਼ਾਸਨ ਤੋਂ ਆਗਿਆ ਨਾ ਮਿਲਣ ਦੇ ਕਾਰਨ ਡਾਲੀਗੰਜ ਵਿਚਲੇ ਮੁਮਤਾਜ ਪੋਸਟ ਗਰੈਜੂਏਟ ਕਾਲਜ ਵਿੱਚਕੀਤੀ ਗਈ। ਬੋਰਡ ਦੇ ਪੰਜਾਹ ਮੈਂਬਰ ਹਨ, ਜਿਨ੍ਹਾਂ ਵਿੱਚੋਂ 35 ਮੈਂਬਰਾਂ ਤੋਂ ਬਿਨਾ ਵਿਸ਼ੇਸ਼ ਤੌਰ ਉੱਤੇ ਸੱਦੇ ਗਏ ਮੁਸਲਮਾਨ ਆਗੂ ਵੀ ਸ਼ਾਮਲ ਹੋਏ।ਕਰੀਬ ਤਿੰਨ ਘੰਟੇ ਦੀ ਬੈਠਕਵਿੱਚ ਸੁਪਰੀਮ ਕੋਰਟ ਦੇ ਫ਼ੈਸਲੇ ਦੇ ਸਾਰੇ ਪੱਖਾਂ ਦੀ ਚਰਚਾ ਕੀਤੀ ਗਈ ਤੇ ਫਿਰਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬੋਰਡ ਦੇ ਸੈਕਟਰੀ ਅਤੇ ਬਾਬਰੀ ਮਸਜਿਦ ਐਕਸ਼ਨ ਕਮੇਟੀ ਦੇ ਕਨਵੀਨਰ ਜ਼ਫ਼ਰਯਾਬ ਜਿਲਾਨੀ ਨੇ ਕਿਹਾ ਕਿ ਸਾਡੀ ਧਿਰ ਨੂੰ ਸੁਪਰੀਮ ਕੋਰਟ ਦਾ ਫ਼ੈਸਲਾ ਮਨਜ਼ੂਰ ਨਹੀਂ। ਇਹ ਕਿਹਾ ਗਿਆ ਹੈ ਕਿ ਸੁਪਰੀਮ ਕੋਰਟ ਦੇ ਫ਼ੈਸਲੇ ਵਿੱਚ ਕਈ ਪੱਖਾਂ ਵਿੱਚ ਨਾ ਕੇਵਲ ਆਪਾ-ਵਿਰੋਧ ਹੈ, ਸਗੋਂ ਇਹ ਪਹਿਲੀ ਨਜ਼ਰੇ ਅਣਉਚਿਤ ਜਾਪਦਾ ਹੈ।ਉਨ੍ਹਾਂ ਕਿਹਾ ਕਿ ਪਟੀਸ਼ਨ ਵਿਚ ਇਹ ਜ਼ਿਕਰ ਹੋਵੇਗਾ ਕਿ ਮਸਜਿਦ ਦੀ ਜ਼ਮੀਨ ਦੇ ਬਦਲੇ ਮੁਸਲਮਾਨ ਕੋਈ ਹੋਰ ਜ਼ਮੀਨ ਨਹੀਂਲੈ ਸਕਦੇ, ਉਹ ਕਿਸੇ ਦੂਜੇ ਥਾਂਦੇ ਹੱਕ ਲੈਣ ਵਾਸਤੇ ਸੁਪਰੀਮ ਕੋਰਟ ਨਹੀਂ ਗਏ ਸਨ, ਸਗੋਂ ਮਸਜਿਦ ਦੀ ਜ਼ਮੀਨ ਦਾ ਨਿਆਂ ਲੈਣ ਗਏ ਸਨ। ਉਨ੍ਹਾਂ ਕਿਹਾ ਕਿ ਅਯੁੱਧਿਆ ਵਿੱਚਨਵੀਂਮਸਜਿਦ ਬਣਾਉਣ ਦੀ ਸਾਨੂੰ ਕੀ ਲੋੜ ਹੈ, ਪਹਿਲਾਂ ਹੀ ਉਸ ਨਗਰ ਵਿੱਚ ਮਸਜਿਦਾਂ ਮੌਜੂਦ ਹਨ।

ਇਸ ਮੌਕੇ ਬੋਰਡ ਦੇ ਸੈਕਟਰੀ ਮੌਲਾਨਾ ਉਮਰੇਨ ਮਹਿਫੂਜ਼ ਰਹਿਮਾਨੀ ਨੇ ਕਿਹਾ ਕਿ ਸ਼ਰੀਅਤ ਅਨੁਸਾਰ ਮਸਜਿਦ ਦੇ ਬਦਲੇਅਸੀਂ ਕੋਈ ਚੀਜ਼ ਜਾਂ ਜ਼ਮੀਨ ਨਹੀਂ ਲੈ ਸਕਦੇ, ਇਸ ਲਈ ਅਯੁੱਧਿਆ ਵਿਚ ਬਾਬਰੀ ਮਸਜਿਦ ਦੇ ਬਦਲੇ ਪੰਜ ਏਕੜ ਜ਼ਮੀਨ ਵੀ ਨਹੀਂਲਵਾਂਗੇ। ਬਾਬਰੀ ਮੁਸਲਿਮ ਐਕਸ਼ਨ ਕਮੇਟੀ ਦੇ ਕੋ-ਕਨਵੀਨਰ ਕਾਸਿਮ ਰਸੂਲ ਇਲਿਆਸ ਨੇ ਕਿਹਾ ਕਿ ਅਸੀਂ ਇਸ ਫ਼ੈਸਲੇ ਦੇ 30 ਦਿਨਾਂ ਅੰਦਰ ਨਜ਼ਰਸਾਨੀ ਪਟੀਸ਼ਨ ਪੇਸ਼ ਕਰ ਦਿਆਂਗੇ। ਅੱਜ ਮੀਟਿੰਗ ਦੀ ਪ੍ਰਧਾਨਗੀ ਇਸ ਬੋਰਡ ਦੇ ਪ੍ਰਧਾਨ ਮੌਲਾਨਾ ਸਈਦ ਮੁਹੰਮਦ ਰਾਬੇ ਹਸਨੀ ਨਦਵੀ ਨੇ ਕੀਤੀ ਅਤੇ ਇਸ ਵਿਚ ਜਮੀਅਤ ਉਲਮਾ-ਏ-ਹਿੰਦ ਦੇ ਮੁਖੀ ਮੌਲਾਨਾ ਅਰਸ਼ਦ ਮਦਨੀ, ਪਾਰਲੀਮੈਂਟਦੇ ਮੈਂਬਰ ਅਸਦ ਉਦ ਦੀਨ ਓਵੈਸੀ, ਮੌਲਾਨਾ ਵਲੀ ਰਹਿਮਾਨੀ, ਜਲਾਲ ਉਦ ਦੀਨ ਉਮਰੀ, ਪਾਰਲੀਮੈਂਟ ਮੈਂਬਰ ਮੁਹੰਮਦ ਬਸ਼ੀਰ ਤੇ ਮਹਿਲਾ ਮੈਂਬਰਾਨ ਡਾ. ਆਸਮਾ ਜ਼ਾਹਰਾ, ਆਮਨਾ ਰਿਜ਼ਵਾਨਾ, ਪਰਵੀਨ ਖ਼ਾਨ, ਮਮਦੂਹਾ ਮਾਜ਼ਿਦ ਵੀ ਸ਼ਾਮਲ ਹੋਈਆਂ।

ਜਫ਼ਰਯਾਬ ਜਿਲਾਨੀ ਨੇ ਕਿਹਾ ਕਿ ਨਜ਼ਰਸਾਨੀ ਪਟੀਸ਼ਨ ਪੇਸ਼ਕਰਨ ਲਈ ਤਿੰਨ ਧਿਰਾਂ ਦੀ ਸਹਿਮਤੀ ਹੋ ਗਈ ਹੈ। ਮੌਲਾਨਾ ਮਹਿਫੂਜ਼ ਉਰ ਰਹਿਮਾਨ, ਮੁਹੰਮਦ ਉਮਰ ਤੇ ਮਿਸਬਾਹ ਉਦ ਦੀਨ ਦੀ ਧਿਰ ਸਾਡੇ ਨਾਲ ਅਤੇ ਜਮੀਅਤ ਉਲਮਾ ਹਿੰਦ ਧਿਰ ਦੇ ਪ੍ਰਧਾਨ ਅਰਸ਼ਦ ਮਦਨੀ ਨੇ ਅਰਜ਼ੀਪੇਸ਼ ਕਰਨ ਦਾ ਐਲਾਨ ਕੀਤਾ ਹੈ ਤਾਂ ਇਕਬਾਲ ਅੰਸਾਰੀ ਹੀ ਬਚੇ ਹਨ, ਕਿਉਂਕਿ ਉਹ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਸਹਿਮਤ ਹਨ। ਇਸ ਬਾਰੇ ਪੁੱਛਣ ਉੱਤੇ ਜਫ਼ਰਯਾਬ ਜਿਲਾਨੀ ਦਾ ਕਹਿਣਾ ਸੀ ਕਿ ਅਯੁੱਧਿਆ ਵਿੱਚ ਪੁਲਿਸ ਪ੍ਰਸ਼ਾਸਨ ਕਿਸੇ ਨੂੰ ਇਸ ਫ਼ੈਸਲੇ ਵਿਰੁੱਧ ਬੋਲਣ ਨਹੀਂ ਦੇਂਦਾ। ਹੋ ਸਕਦਾ ਹੈ ਕਿ ਇਕਬਾਲ ਅੰਸਾਰੀ ਵੀ ਦਬਾਅ ਵਿਚ ਹੋਣ।ਹੈਰਾਨੀ ਵਾਲੀ ਗੱਲ ਸੀ ਕਿ ਜਮੀਅਤ ਉਲਮਾ-ਏ-ਹਿੰਦ ਦੇ ਜਨਰਲ ਸੈਕਟਰੀ ਮੌਲਾਨਾ ਮਹਿਮੂਦ ਮਦਨੀ ਵੀ ਇਸ ਬੋਰਡ ਦੀ ਮੀਟਿੰਗ ਵਿਚਾਲੇ ਛੱਡ ਕੇ ਚਲੇ ਗਏ। ਮੀਡੀਆ ਨੇ ਉਨ੍ਹਾਂ ਨਾਲ ਗੱਲ ਕਰਨੀ ਚਾਹੀ ਤਾਂ ਉਹ ਚੁੱਪ ਰਹੇ। ਉਨ੍ਹਾਂ ਦੇ ਮੀਟਿੰਗ ਛੱਡਣ ਤੋਂ ਕਈ ਤਰ੍ਹਾਂ ਦੇ ਕਿਆਫੇ ਲਾਏ ਗਏ ਹਨ। ਬੋਰਡ ਦੇ ਉਪ ਚੇਅਰਮੈਨ ਤੇ ਸੀਨੀਅਰ ਸ਼ੀਆ ਧਰਮਗੁਰੂ ਮੌਲਾਨਾ ਡਾ. ਕਲਬੇ ਸਾਦਿਕ ਵੀ ਮੀਟਿੰਗ ਵਿਚ ਸ਼ਾਮਲ ਨਹੀਂ ਹੋਏ।

ਬਾਬਰੀ ਮਸਜਿਦ ਦੀ ਮੁੱਖ ਧਿਰਵਜੋਂ ਪੇਸ਼ ਹੁੰਦੇ ਰਹੇ ਮੁਹੰਮਦ ਇਕਬਾਲ ਨੇ ਕਿਹਾ ਕਿ ਨਜ਼ਰਸਾਨੀ ਸਾਨੂੰ ਨਹੀਂ ਚਾਹੀਦੀ, ਜਿਸ ਨੇ ਅਦਾਲਤ ਜਾਣਾ ਹੈ, ਚਲਾ ਜਾਵੇ। ਮੈਂ ਅਦਾਲਤ ਦਾ ਫ਼ੈਸਲਾ ਪ੍ਰਵਾਨ ਕਰਨ ਦੇ ਆਪਣੇ ਰੁਖ਼ ਉੱਤੇ ਪੂਰੀ ਤਰ੍ਹਾਂ ਕਾਇਮ ਹਾਂ। ਉਨ੍ਹਾਂ ਨੇ ਦੁਹਰਾਇਆ ਕਿ ਸਾਨੂੰ ਬਾਬਰੀ ਮਸਜਿਦ ਭੁੱਲ ਕੇ ਅੱਗੇ ਵੱਲ ਦੇਖਣਾ ਪਵੇਗਾ।

## ਚੀਨ ਦੀ ਫੌਜ ਹਾਂਗਕਾਂਗ ਵਿੱਚ ਪਹਿਲੀ ਵਾਰ ਮੈਦਾਨ ਵਿੱਚ ਨਿਕਲੀ



ਬੀਜਿੰਗ, 17 ਨਵੰਬਰ, (ਪੋਸਟ ਬਿਊਰੋ)- ਹਾਂਗਕਾਂਗ ਵਿਚ ਨਵੇਂ ਬਣ ਰਹੇ ਹਵਾਲਗੀ ਕਾਨੂੰਨ ਦੇ ਵਿਰੋਧ ਵਿਚ ਪਿਛਲੇ ਪੰਜ ਮਹੀਨਿਆਂਤੋਂ ਜਾਰੀ ਵਿਰੋਧ ਪ੍ਰਦਰਸ਼ਨ ਵਿਚ ਇਸ ਸ਼ਨੀਵਾਰ ਪਹਿਲੀ ਵਾਰ ਚੀਨ ਨੇ ਆਪਣੀ ਫੌਜ ਨੂੰ ਤਾਇਨਾਤ ਕੀਤਾ ਹੈ। ਇਸ ਮੌਕੇ ਸਾਦੇ ਕੱਪੜਿਆਂ ਵਿਚ ਫੌਜ ਦੇ ਜਵਾਨ ਸੜਕਾਂ ਸਾਫ ਕਰਦੇ ਨਜ਼ਰ ਆਏ।

ਦੁਨੀਆ ਦੀ ਸਭ ਤੋਂ ਵੱਡੀ ਫੌਜ ਪੀਪਲਜ਼ ਲਿਬਰੇਸ਼ਨ ਆਰਮੀ (ਚੀਨੀ ਫੌਜ) ਦੇ ਹਾਂਗਕਾਂਗ ਗੈਰੀਸਨ ਦੇ ਫੌਜੀਆਂ ਨੂੰ ਹਾਂਗਕਾਂਗ ਵਿਚ 5 ਮਹੀਨੇ ਤੋਂ ਵੱਧ ਸਮੇਂ ਤੋਂਚੱਲ ਰਹੀ ਗੜਬੜ ਦੇ ਦੌਰਾਨ ਪਹਿਲੀ ਵਾਰ ਤਾਇਨਾਤ ਕੀਤਾ ਗਿਆ ਤੇ ਦਰਜਨਾਂ ਜਵਾਨਾਂ ਨੇ ਸੜਕਾਂ ਰੋਕਣ ਵਾਲੀਆਂ ਚੀਜ਼ਾਂ ਹਟਾਉਣ ਵਿਚ ਮਦਦ ਲਈ ਮਾਰਚ ਕੀਤਾ।ਇਕ ਸਾਲ ਤੋਂ ਵੱਧ ਸਮੇਂ ਵਿਚ ਇਹ ਪਹਿਲੀ ਵਾਰ ਸੀ ਕਿ ਚੀਨੀ ਫੌਜਦੇ ਸਥਾਨਕ ਗੈਰੀਸਨ ਨੂੰ ਜਨਤਕ ਕੰਮ ਲਾਇਆ ਗਿਆ ਹੈ। ਰਿਪੋਰਟ ਹੈ ਕਿ ਜ਼ਿਆਦਾ ਫੌਜੀ ਹਰੇ ਰੰਗ ਦੀਆਂ ਟੀ-ਸ਼ਰਟਾਂਤੇ ਕਾਲੇ ਰੰਗ ਦੀਆਂ ਕਮੀਜ਼ਾਂ ਪਹਿਨ ਕੇ ਲਾਲ ਰੰਗ ਦੀਆਂ ਬਾਲਟੀਆਂ ਲੈ ਕੇ ਬੈਪਟਿਸਟ ਯੂਨੀਵਰਸਿਟੀ ਦੇ ਕੈਂਪਸ ਨੇੜੇ ਸੜਕਾਂ ਉੱਤੇ ਪਏ ਪਰਚੇ, ਸੜੇ ਹੋਏ ਟਾਇਰ, ਇੱਟਾਂ ਆਦਿ ਨੂੰ ਹਟਾਉਣ ਲਈ ਨੇਲੂਨ ਟੋਂਗ ਬੈਰਕ ਤੋਂ ਕਰੀਬ 4 ਵਜੇ ਨਿਕਲੇ। ਇਕ ਫੌਜੀ ਨੇ ਕਿਹਾ ਕਿ ਇਸ ਕਾਰਵਾਈ ਦਾ ਹਾਂਗਕਾਂਗ ਸਰਕਾਰ ਨਾਲ ਕੋਈ ਲੈਣਾ-ਦੇਣਾ ਨਹੀਂ। ਇਸ ਫੌਜੀ ਅਧਿਕਾਰੀ ਨੇ ਰਾਸ਼ਟਰਪਤੀ ਸ਼ੀ ਜਿਨਪਿੰਗ ਵੱਲੋਂ ਕਹੀ ਗੱਲ ਦੇ ਹਵਾਲੇ ਨਾਲ ਕਿਹਾ ਕਿ ਅਸੀਂ ਇਹ ਸ਼ੁਰੂਆਤ ਕੀਤੀ ਹੈ, ਹਿੰਸਾ ਰੋਕਣਾ ਤੇ ਅਰਾਜਕਤਾ ਨੂੰ ਖਤਮ ਕਰਨਾ ਸਾਡੀ ਜ਼ਿੰਮੇਵਾਰੀ ਹੈ। ਅੱਗ ਬੁਝਾਊ ਕਰਮਚਾਰੀ ਤੇ ਪੁਲਸ ਅਧਿਕਾਰੀ ਵੀ ਫੌਜੀਆਂ ਨਾਲ ਇਸ ਕੰਮ ਵਿਚ ਸ਼ਾਮਲ ਹੋ ਗਏ ਸਨ। ਇਸ ਤੋਂ ਪਹਿਲਾਂ ਹਾਂਗਕਾਂਗ ਦੇ ਸੁਰੱਖਿਆ ਸੈਕਟਰੀ ਜੌਨ ਲੀ ਕਾ-ਚੀ ਨੇ ਕਿਹਾ ਕਿ ਚੀਨੀ ਫੌਜ ਸੁਤੰਤਰ ਰੂਪ ਨਾਲ ਫੈਸਲਾ ਲੈ ਸਕਦੀ ਹੈ ਕਿ ਫੌਜੀਆਂ ਨੂੰ ਮਿਲਟਰੀ ਸਾਈਟਾਂ ਦੇ ਬਾਹਰ ਵਾਲੰਟੀਅਰ ਸੇਵਾ ਲਈ ਭੇਜਿਆ ਜਾਵੇ ਜਾਂ ਨਹੀਂ।

ਲੋਕਲ ਸਰਕਾਰ ਦੇ ਕੋਲ ਪਿਛਲਾ ਕੋਈ ਰਿਕਾਰਡ ਨਹੀਂ ਕਿ ਪਹਿਲਾਂ ਇਹ ਕਿੰਨੀ ਵਾਰ ਹੋਇਆ ਹੈ। ਪਿਛਲੇ ਸਾਲ ਅਕਤੂਬਰ ਵਿਚ ਮੰਗਖੁਟ ਤੂਫਾਨ ਵੇਲੇ ਉਖੜੇ ਰੁੱਖਾ ਹਟਾਉਣ ਵਿਚ ਮਦਦ ਲਈ 400 ਤੋਂ ਵੱਧ ਫੌਜੀਆਂ ਨੂੰ ਹਾਂਗਕਾਂਗ ਦੇ ਕੰਟਰੀ ਮਾਰਕਸ ਵਿਚ ਟੁੱਕੜੀਆਂ ਵਿਚ ਭੇਜਿਆ ਗਿਆ ਸੀ।

## ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਗਏ ਸਿੱਧੂ ਮੂਸੇਵਾਲਾ ਨੇ ਫਿਰ ਤਿੱਖੇ ਤੇਵਰ ਦਿਖਾਏ

ਅੰਮ੍ਰਿਤਸਰ, 17 ਨਵੰਬਰ (ਪੋਸਟ ਬਿਊਰੋ)- ਵਿਵਾਦਾਂ ਵਿੱਚ ਘਿਰੇ ਹੋਏ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਨੇ ਬੀਤੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਤਾਂ ਉਸ ਦੀ ਆਮਦ ਦੌਰਾਨ ਹੋਏ ਤਕਰਾਰ ਵਿੱਚ ਇਲੈਕਟ੍ਰਾਨਿਕ ਮੀਡੀਆ ਦਾ ਇੱਕ ਪੱਤਰਕਾਰ ਹੇਠਾਂ ਡਿੱਗਣ ਕਾਰਨ ਜ਼ਖਮੀ ਹੋ ਗਿਆ। ਵਰਨਣ ਯੋਗ ਹੈ ਕਿ ਸਿੱਧੂ ਮੂਸੇਵਾਲਾ ਵੱਲੋਂ ਗਾਏ ਗੀਤ 'ਜੱਟੀ ਜਿਊਣੇ ਮੋੜ ਵਰਗੀ' ਵਿੱਚ ਸਿੱਖ ਇਤਹਾਸ ਦੀ ਮਹਾਨ ਨਾਇਕਾ ਮਾਈ ਭਾਗੋ ਦਾ ਜ਼ਿਕਰ ਕੀਤੇ ਜਾਣ ਉਤੇ ਸਿੱਖ ਸੰਗਤ ਨੇ ਸਖਤ ਇਤਰਾਜ਼ ਕੀਤਾ ਸੀ ਅਤੇ ਇਸ ਬਾਰੇ ਅਕਾਲ ਤਖਤ 'ਤੇ ਸ਼ਿਕਾਇਤਾਂ ਵੀ ਪੁੱਜੀਆਂ ਸਨ। ਇੱਕ ਵੀਡੀਓ ਵੀ ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਸੀ। ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਨੇ ਇਸ ਬਾਰੇ ਕਾਨੂੰਨੀ ਕਾਰਵਾਈ ਲਈ ਸ਼੍ਰੋਮਣੀ ਕਮੇਟੀ ਨੂੰ ਆਖਿਆ ਸੀ ਅਤੇ ਕਮੇਟੀ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦੇ ਕੇ ਉਸ ਖਿਲਾਫ ਕੇਸ ਦਰਜ ਕਰਨ ਦੀ ਅਪੀਲ ਕੀਤੀ ਸੀ।

GNR ਹਰਬਲ ਤੇਲ 647-853-5800
globalnaturalremedies@yahoo.com
ਦਰਦਾਂ ਵਾਸਤੇ | ਮਰਦਾਂ ਲਈ | ਔਰਤਾਂ ਲਈ
Pain-Care | He-Oil | Stress-Care | Chest Massage Oil
Ext. Use Only | Joint Support | For Men Only | Feel Relaxed
Herbal Products
$9.99 $19.99 $9.99 $14.99
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਪਾਰਲੀਮੈਂਟ ਸੈਸ਼ਨ: ਸਰਬ ਪਾਰਟੀ ਮੀਟਿੰਗ ਵਿਚ ਮੋਦੀ ਨੇ ਸਾਰੇ ਮੁੱਦਿਆਂ ਉੱਤੇ ਚਰਚਾ ਦਾ ਭਰੋਸਾ ਦਿੱਤਾ



ਨਵੀਂ ਦਿੱਲੀ, 17 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਪਾਰਲੀਮੈਂਟ ਦੇ ਸਰਦ ਰੁੱਤ ਸੈਸ਼ਨਤੋਂ ਪਹਿਲਾਂ ਸਰਕਾਰ ਵੱਲੋਂਅੱਜ ਐਤਵਾਰ ਨੂੰ ਸੱਦੀ ਗਈ ਸਰਬ ਪਾਰਟੀ ਮੀਟਿੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਰੋਸਾ ਦਿੱਤਾ ਕਿ ਸਰਕਾਰ ਪਾਰਲੀਮੈਂਟ ਵਿੱਚ ਸਾਰੇ ਮੁੱਦਿਆਂ ਉੱਤੇ ਚਰਚਾ ਕਰਨ ਲਈ ਤਿਆਰ ਹੈ। ਵਿਰੋਧੀ ਧਿਰ ਨੇ ਲੋਕ ਸਭਾ ਦੇ ਮੌਜੂਦਾ ਮੈਂਬਰ ਤੇ ਨੈਸ਼ਨਲ ਕਾਨਫਰੰਸ ਦੇ ਆਗੂ ਅਤੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦੇ ਗ੍ਰਿਫਤਾਰੀ ਦਾ ਮੁੱਦਾ ਚੁੱਕਿਆ ਤੇ ਉਨ੍ਹਾਂ ਨੇ ਸਦਨ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇਣਲਈ ਕਿਹਾ। ਲੋਕ ਸਭਾ ਵਿੱਚ ਕਾਂਗਰਸ ਪਾਰਲੀਮੈਂਟਰੀ ਗਰੁੱਪ ਦੇ ਨੇਤਾ ਅਧੀਰ ਰੰਜਨ ਚੌਧਰੀ ਦੇ ਅਨੁਸਾਰ ਵਿਰੋਧੀ ਧਿਰ ਨੇ ਇਸ ਸੈਸ਼ਨ ਵਿੱਚ ਆਰਥਿਕ ਮੰਦੀ, ਬੇਰੁਜ਼ਗਾਰੀ ਤੇ ਕਿਸਾਨੀ ਸੰਕਟ ਦੇ ਮੁੱਦਿਆਂ ਉੱਤੇ ਚਰਚਾ ਕਰਵਾਉਣ ਦੀ ਮੰਗ ਕੀਤੀ।

ਅੱਜ ਦੀ ਇਸ ਮੀਟਿੰਗ ਵਿਚ ਕੁੱਲ 27 ਪਾਰਟੀਆਂ ਦੇ ਆਗੂ ਸ਼ਾਮਲ ਹੋਏ। ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਦੇ ਅਨੁਸਾਰ ਮੀਟਿੰਗ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਾਰਲੀਮੈਂਟ ਦਾ ਸਭ ਤੋਂ ਅਹਿਮ ਕੰਮ ਵੱਖ-ਵੱਖ ਮੁੱਦਿਆਂ ਉੱਤੇ ਚਰਚਾ ਤੇ ਬਹਿਸ ਕਰਨਾ ਹੈ। ਉਨ੍ਹਾਂ ਨੇ ਇਹਸੈਸ਼ਨ ਵੀ ਪਿਛਲੇ ਇਜਲਾਸ ਜਿੰਨਾ ਸਫਲ ਹੋਣ ਦੀ ਆਸ ਪ੍ਰਗਟ ਕੀਤੀ ਹੈ। ਜੋਸ਼ੀ ਦੇ ਮੁਤਾਬਕ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਸਦਨ ਦੇ ਨਿਯਮਾਂ ਤੇ ਪ੍ਰਤੀਕਿਰਿਆ ਦੇ ਘੇਰੇ ਵਿਚ ਰਹਿ ਕੇ ਸਰਕਾਰ ਸਾਰੇ ਮੁੱਦਿਆਂ ਉੱਤੇ ਚਰਚਾਲਈ ਤਿਆਰ ਹੈ।' ਵਿਰੋਧੀ ਧਿਰ ਦੇ ਆਗੂਆਂ ਵੱਲੋਂ ਉਠਾਏ ਮੁੱਦਿਆਂ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪ੍ਰਦੂਸ਼ਣ, ਵਾਤਾਵਰਨ, ਅਰਥਚਾਰਾ, ਕਿਸਾਨ ਤੇ ਖੇਤੀ ਸਮੇਤ ਸਾਰੇ ਮੁੱਦਿਆਂ ਉੱਤੇ ਸਰਕਾਰ ਵਿਰੋਧੀ ਪਾਰਟੀਆਂ ਦੇ ਹਾਂ-ਪੱਖੀ ਸਹਿਯੋਗ ਨਾਲ ਪੈਂਡਿੰਗ ਵਿਧਾਨਕ ਕਾਰਜਾਂ ਤੇ ਨੀਤੀ ਬਾਰੇ ਫ਼ੈਸਲਿਆਂ ਉੱਤੇ ਕੰਮ ਕਰਨ ਦਾ ਯਤਨ ਕਰਦੀ ਰਹੇਗੀ।

ਦੂਸਰੇ ਪਾਸੇ ਪ੍ਰਧਾਨ ਮੰਤਰੀ ਦੇ ਭਰੋਸੇ ਉੱਤੇ ਤਸੱਲੀ ਪ੍ਰਗਟ ਨਾ ਕਰਦੇ ਹੋਏ ਰਾਜ ਸਭਾ ਦੀ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਹਕੀਕਤ ਇਹ ਹੈ ਕਿ ਜਦੋਂ ਵੀ ਸਦਨ ਵਿੱਚ ਆਰਥਿਕ ਮੰਦੀ, ਕਿਸਾਨਾਂ ਦੀ ਹਾਲਤਤੇ ਬੇਰੁਜ਼ਗਾਰੀ ਦੇ ਮੁੱਦੇ ਉਠਾਏ ਜਾਂਦੇ ਹਨ ਤਾਂ ਸਰਕਾਰ ਦਾ ਰੁਖ ਬਦਲ ਜਾਂਦਾ ਹੈ।ਵਿਰੋਧੀ ਧਿਰ ਨੇ ਸਾਬਕਾ ਮੁੱਖ ਮੰਤਰੀ ਤੇ ਹਾਊਸ ਦੇ ਮੈਂਬਰ ਫਾਰੂਕ ਅਬਦੁੱਲਾ ਦੀ ਗ੍ਰਿਫਤਾਰੀ ਦਾ ਮੁੱਦਾ ਉਠਾ ਕੇ ਉਨ੍ਹਾਂ ਨੂੰ ਪਾਰਲੀਮੈਂਟਸੈਸ਼ਨ ਵਿਚ ਹਿੱਸਾ ਲੈਣ ਦੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ। ਸਰਕਾਰ ਨੇ ਵਿਰੋਧੀ ਧਿਰ ਦੀ ਇਸ ਮੰਗਦੇ ਬਾਰੇ ਕੋਈ ਜਵਾਬਨਹੀਂ ਦਿੱਤਾ। ਨੈਸ਼ਨਲ ਕਾਨਫਰੰਸ ਦੇ ਪਾਰਲੀਮੈਂਟ ਮੈਂਬਰ ਹਸਨੈਨ ਮਸੂਦੀ ਨੇ ਕਿਹਾ ਕਿ ਪਾਰਲੀਮੈਂਟਸੈਸ਼ਨ ਵਿਚ ਫਾਰੂਕ ਅਬਦੁੱਲਾ ਦੀ ਹਾਜ਼ਰੀ ਯਕੀਨੀ ਬਣਾਉਣਾ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਗੁਲਾਮ ਨਬੀ ਆਜ਼ਾਦ ਨੇ ਵੀ ਇਸ ਦਾ ਸਮਰਥਨ ਕਰਦਿਆਂ ਕਿਹਾ ਕਿ ਕਿਸੇ ਪਾਰਲੀਮੈਂਟ ਮੈਂਬਰ ਨੂੰ ਨਾਜਾਇਜ਼ ਹਿਰਾਸਤ ਵਿਚ ਕਿਵੇਂ ਰੱਖਿਆ ਗਿਆ ਹੈ?' ਉਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਜੇਲ੍ਹ ਵਿਚ ਬੰਦ ਕਾਂਗਰਸ ਦੇ ਸੀਨੀਅਰ ਆਗੂ ਪੀ. ਚਿਦੰਬਰਮ ਨੂੰ ਵੀ ਸਦਨ ਦੀ ਕਾਰਵਾਈ ਵਿਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ। ਆਜ਼ਾਦ ਦਾ ਕਹਿਣਾ ਸੀ ਕਿ ਪਹਿਲਾਂ ਅਜਿਹੇ ਮਾਮਲਿਆਂ ਵਿੱਚਪਾਰਲੀਮੈਂਟ ਮੈਂਬਰਾਂ ਨੂੰ ਸਦਨ ਦੀ ਕਾਰਵਾਈ ਵਿਚ ਹਿੱਸਾ ਲੈਣਾ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ।

## ਖਜ਼ਾਨਾ ਮੰਤਰੀ ਨੇ ਖੁਦ ਕਿਹਾ: ਏਅਰ ਇੰਡੀਆ ਅਤੇ ਭਾਰਤ ਪੈਟਰੋਲੀਅਮ ਇਸ ਮਾਰਚ ਤਕ ਵਿਕ ਜਾਣਗੀਆਂ



ਨਵੀਂ ਦਿੱਲੀ, 17 ਨਵੰਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਕਿਹਾ ਹੈ ਕਿ ਏਅਰ ਇੰਡੀਆ ਅਤੇ ਤੇਲ ਕਾਰੋਬਾਰ ਸੰਭਾਲਣ ਵਾਲੀ ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮੀਟੇਡ (ਬੀਪੀਸੀ ਐੱਲ) ਨੂੰ ਵੇਚਣ ਦੀ ਤਿਆਰੀਹੋਈ ਪਈ ਹੈ ਅਤੇ ਇਸ ਕੰਮ ਨੂੰ ਅਗਲੇ ਸਾਲ ਮਾਰਚ ਤਕ ਪੂਰਾ ਕਰ ਲਿਆ ਜਾਵੇਗਾ।

ਕੇਂਦਰੀ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅਖਬਾਰ ਟਾਈਮਜ਼ ਆਫ ਇੰਡੀਆ ਨੂੰ ਦਿੱਤੇਇੰਟਰਵਿਊ ਵਿੱਚਸਾਫ ਕਿਹਾ ਕਿ ਸਰਕਾਰ ਨੂੰ ਇਨ੍ਹਾਂ ਦੋ ਕੰਪਨੀਆਂ ਦੀ ਵਿਕਰੀਤੋਂ ਇਸ ਸਾਲ ਵਿੱਚ ਇਕ ਲੱਖ ਕਰੋੜ ਰੁਪਏ ਦੇ ਲਾਭ ਦੀ ਆਸ ਹੈ। ਨਿਰਮਲਾ ਸੀਤਾਰਮਨ ਨੇ ਕਿਹਾ ਕਿ ਏਅਰ ਇੰਡੀਆ ਦੀ ਵਿਕਰੀ ਦੀ ਪ੍ਰਕਿਰਿਆ ਵਿੱਚ ਪੈਸਾ ਲਾਉਣ ਵਾਲੀਆਂ ਧਿਰਾਂ ਇਸ ਬਾਰੇ ਪਹਿਲਾਂ ਹੀ ਉਤਸ਼ਾਹ ਵਿੱਚ ਹਨ। ਉਂਜ ਏਅਰ ਇੰਡੀਆ ਨੂੰ ਵੇਚਣ ਲਈ ਪਿਛਲੇ ਸਾਲ ਤੋਂਤਿਆਰੀਹੋ ਰਹੀ ਹੈ, ਪਰ ਉਦੋਂ ਨਿਵੇਸ਼ਕਾਂ ਨੇ ਇਸ ਨੂੰ ਖਰੀਦਣ ਦੀ ਰੁਚੀ ਨਹੀਂ ਦਿਖਾਈ ਸੀ। ਵਰਨਣ ਯੋਗ ਹੈ ਕਿ ਮੌਜੂਦਾ ਸਾਲ ਵਿੱਚ ਟੈਕਸ ਕੁਲੈਕਸ਼ਨ ਵਿੱਚ ਗਿਰਾਵਟ ਦੇਖਣਪਿੱਛੋਂ ਸਰਕਾਰ ਇਸ ਦੀ ਵਿਕਰੀ ਕਰ ਕੇ ਪੈਸੇ ਵੱਟਣੇਚਾਹੁੰਦੀ ਹੈ।

ਇਸ ਦੌਰਾਨ ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਣ ਨੇ ਆਰਥਿਕ ਸੁਸਤੀ ਨਾਲ ਨਿਪਟਣ ਲਈ ਚੁੱਕੇ ਕਦਮਾਂ ਬਾਰੇ ਕਿਹਾ ਕਿ ਕਈ ਖੇਤਰ ਸੁਸਤੀ ਤੋਂ ਨਿਕਲ ਰਹੇ ਹਨ। ਉਨ੍ਹਾਂ ਕਿਹਾ ਕਿ ਉਦਯੋਗਾਂ ਦੇ ਮਾਲਕਾਂ ਨੂੰ ਬੈਲੇਂਸ ਸ਼ੀਟਾਂ ਠੀਕ ਕਰਨ ਨੂੰ ਕਿਹਾ ਗਿਆ ਹੈ ਤੇ ਉਨ੍ਹਾਂ ਵਿੱਚ ਕਈ ਨਵੇਂ ਪੂੰਜੀ ਨਿਵੇਸ਼ ਲਈ ਤਿਆਰ ਹੋ ਰਹੇ ਹਨ। ਪਿਛਲੇ ਵੀਰਵਾਰ ਨਿੱਜੀ ਖੇਤਰ ਦੀਆਂ ਦੋ ਵੱਡੀਆਂ ਕੰਪਨੀਆਂ ਏਅਰਟੈੱਲ ਅਤੇ ਵੋਡਾਫੋਨ ਆਈਡੀਆ ਦੀ ਵਿੱਤੀ ਹਾਲਤ ਸਾਹ-ਮਣੇ ਆਉਣ ਪਿੱਛੋਂ ਸਰਕਾਰ ਦੀ ਚਿੰਤਾ ਵਧ ਗਈ ਹੈ। ਨਿਰਮਲਾ ਸੀਤਾਰਮਨ ਨੇ ਕੰਪਨੀਆਂ ਤੇ ਉਨ੍ਹਾਂ ਦੇ ਕਰੋੜਾਂ ਗਾਹਕਾਂ ਨੂੰ ਭਰੋਸਾਦਿੱਤਾ ਕਿ ਸਰਕਾਰ ਉਨ੍ਹਾਂ ਨੂੰ ਡੁੱਬਣ ਨਹੀਂ ਦੇਵੇਗੀ, ਵਿੱਤ ਮੰਤਰਾਲਾ ਇਸ ਦਾਹੱਲ ਲੱਭਣ ਦੇ ਯਤਨ ਕਰ ਰਿਹਾ ਹੈ। ਸੀਤਾਰਮਣ ਦੇ ਮੁਤਾਬਕ ਸਰਕਾਰ ਦੀ ਕੋਸ਼ਿਸ਼ ਹੈ ਕਿ ਭਾਰਤ ਵਿੱਚ ਕੰਮ ਕਰਦੀ ਕੋਈ ਵੀ ਕੰਪਨੀ ਬੰਦ ਨਾ ਹੋਵੇ ਤੇ ਸਾਰੀਆਂ ਅੱਗੇ ਵਧਣ।

# ਜਗਮੇਲ ਕਤਲ ਕਾਂਡ: ਭੜਕੇ ਹੋਏ ਲੋਕਾਂ ਨੇ ਸੁਨਾਮ-ਲਹਿਰਾ ਮੇਨ ਰੋਡ ਰੋਕਿਆ

### * ਅਮਰਿੰਦਰ ਵੱਲੋਂ 3 ਮਹੀਨਿਆਂ ਵਿੱਚ ਇਨਸਾਫ ਯਕੀਨੀ ਕਰਨ ਦੇ ਹੁਕਮ



ਸੰਗਰੂਰ, 17 ਨਵੰਬਰ, (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਚੰਗਾਲੀਵਾਲਾ ਵਿਚਲੇ ਅਨੁਸੂਚਿਤ ਜਾਤੀ ਦੇਨੌਜਵਾਨ ਜਗਮੇਲ ਸਿੰਘ ਦੀ ਮੌਤ ਦਾ ਮਾਮਲਾ ਤੂਲ ਫੜ ਗਿਆ ਹੈ। ਐਤਵਾਰ ਨੂੰ ਉਸ ਦੇ ਪਰਿਵਾਰਕ ਮੈਂਬਰਾਂ ਅਤੇ ਹੋਰ ਭੜਕੇ ਹੋਏ ਲੋਕਾਂ ਨੇ ਪਰਿਵਾਰ ਨੂੰ 50 ਲੱਖ ਰੁਪਏ ਦਾ ਮੁਆਵਜ਼ਾ, ਘਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਲਈਸੰਗਰੂਰ ਵਿਚ ਧਰਨਾ ਸ਼ੁਰੂ ਕਰ ਦਿੱਤਾ ਅਤੇ ਸੁਨਾਮ ਨੂੰ ਜਾਂਦੀ ਸੜਕ ਉੱਤੇ ਟਰੈਫਿਕ ਜਾਮ ਕਰ ਦਿੱਤੀ ਹੈ। ਇਸ ਦੌਰਾਨ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਅਤੇ ਸੁਨਾਮ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਪੀੜਤ ਪਰਿਵਾਰ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਦਾ ਸਮਰਥਨ ਕੀਤਾ ਹੈ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਵਕਤ ਵਿਦੇਸ਼ ਦੌਰੇ ਉੱਤੇ ਹਨ, ਪਰ ਉਨ੍ਹਾਂ ਨੇ ਓਥੋਂ ਹੀ ਰਾਜ ਦੇ ਚੀਫ ਸੈਕਟਰੀ ਅਤੇ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਹੁਕਮ ਦਿੱਤੇ ਹਨ ਕਿ ਸੰਗਰੂਰ ਦੇ ਦਲਿਤ ਵਿਅਕਤੀ ਦੀ ਮਾਰਕੁਟ, ਜਿਸ ਕਾਰਨ ਉਸ ਦੀ ਮੌਤ ਹੋਈ ਹੈ, ਦੇਦੋਸ਼ੀਆਂ ਵਿਰੁੱਧ ਸਮਾਂ-ਬੱਧ ਜਾਂਚ ਤੇ ਅਦਾਲਤੀ ਕਾਰਵਾਈ ਨੂੰ ਤੇਜ਼ੀ ਨਾਲ ਯਕੀਨੀ ਬਣਾਇਆ ਜਾਵੇ। ਰਾਜ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਪੁਲਸ ਨੇ ਸਾਰੇ 4 ਦੋਸ਼ੀ ਗ੍ਰਿਫਤਾਰ ਕਰ ਲਏ ਹਨ। ਬੁਲਾਰੇ ਨੇ ਦੱਸਿਆ ਕਿ ਵਿਦੇਸ਼ ਤੋਂ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਅਤੇ ਡੀ ਜੀ ਪੀ ਦਿਨਕਰ ਗੁਪਤਾ ਤੋਂ ਕੇਸ ਦੀ ਜਾਣਕਾਰੀ ਲਈ ਤੇ ਜਗਮੇਲ ਸਿੰਘ ਦੀ ਮੌਤ ਕਾਰਨ ਬਣੀ ਸਥਿਤੀ ਦਾ ਜਾਇਜ਼ਾ ਲੈਣ ਪਿੱਛੋਂ ਦੋਵਾਂ ਸੀਨੀਅਰ ਅਫਸਰਾਂ ਨੂੰ ਹੁਕਮ ਦਿੱਤੇ ਹਨ ਕਿ ਇਸ ਜੁਰਮ ਦੇ ਦੋਸ਼ੀਆਂ ਨੂੰ ਤਿੰਨ ਮਹੀਨਿਆਂ ਵਿੱਚ ਮਿਸਾਲੀ ਤੇ ਸਖ਼ਤ ਸਜ਼ਾ ਯਕੀਨੀ ਬਣਾਉਣ ਵਿੱਚ ਕੋਈ ਕਸਰ ਨਾ ਛੱਡੀ ਜਾਵੇ।

ਇਸ ਮੌਕੇ ਮੁੱਖ ਮੰਤਰੀ ਨੇ ਸਾਰੀਆਂਰਾਜਸੀ ਧਿਰਾਂ ਨੂੰ ਇਸ ਮੁੱਦੇ ਨੂੰ ਸਿਆਸੀ ਰੰਗ ਨਾ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਇਹ ਮਾਨਵਤਾ ਦੇ ਖਿਲਾਫ ਅਪਰਾਧ ਹੈ, ਜਿਸ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸਰਕਾਰ ਦਲਿਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਉਨ੍ਹਾਂ ਵਿਰੁੱਧ ਜ਼ੁਲਮ ਸਹਿਣ ਨਹੀਂ ਕੀਤਾ ਜਾਵੇਗਾ। ਇਸ ਕੇਸ ਬਾਰੇ ਉਨ੍ਹਾਂ ਕਿਹਾ ਕਿ ਦੋਸ਼ੀਆਂ ਵਿਰੁੱਧ ਲਹਿਰਾ ਥਾਣੇ ਵਿੱਚ ਧਾਰਾ 302 ਦਾ ਕੇਸ ਦਰਜ ਕਰਨ ਦੇ ਨਾਲ ਹੋਰ ਧਾਰਾਵਾਂ ਤੋਂ ਬਿਨਾ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ (ਅੱਤਿਆਚਾਰ ਰੋਕਣ) ਦੇ ਐਕਟ ਦੀਆਂ ਧਾਰਾਵਾਂ ਦਾ ਵੀ ਕੇਸ ਦਰਜ ਕੀਤਾ ਗਿਆ ਹੈ ਅਤੇ ਅਗਲੀ ਕਾਰਵਾਈ ਜਾਰੀ ਹੈ।ਵਰਨਣ ਯੋਗ ਹੈ ਕਿ ਦੋਸ਼ੀਆਂ ਨੇ ਜਗਮੇਲ ਸਿੰਘ ਉੱਤੇ ਤਸ਼ੱਦਦ ਤੋਂਪਿੱਛੋਂ ਗਲੀ ਵਿੱਚ ਸੁੱਟ ਦਿੱਤਾ ਸੀ। ਉਸ ਨੂੰ ਵੱਖ-ਵੱਖ ਤਿੰਨ ਹਸਪਤਾਲਾਂ ਵਿੱਚ ਇਲਾਜ ਮਗਰੋਂਪੀ ਜੀ ਆਈ ਚੰਡੀਗੜ੍ਹ ਭੇਜਿਆ ਗਿਆ ਸੀ, ਜਿੱਥੇ ਉਸ ਦੀਆਂ ਦੋਵੇਂ ਲੱਤ ਕੱਟ ਦਿੱਤੀਆਂ ਜਾਣ ਦੇ ਬਾਅਦ ਵੀ ਜਾਨ ਨਹੀਂ ਬਚਾਈ ਜਾ ਸਕੀ।

ਆਮ ਆਦਮੀ ਪਾਰਟੀ ਦੇ ਆਗੂ ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਲੀਡਰ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿੱਚਅਪਰਾਧੀ ਤੇ ਗੈਰ-ਸਮਾਜੀ ਤੱਤਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ ਅਤੇ ਦਲਿਤਾਂ ਉੱਤੇ ਇਹ ਅੱਤਿਆਚਾਰ ਦਾ ਇਹ ਕੋਈ ਪਹਿਲਾ ਕੇਸਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਭੀਮ ਟਾਂਕ ਦੀ ਘਟਨਾ ਨੂੰ ਤਾਜ਼ਾ ਕਰ ਦਿੱਤਾ ਹੈ।

## ਸੁਨਿਆਰੇ ਤੋਂ ਸਵਾ ਕਰੋੜ ਰੁਪਏ ਲੁੱਟੇ ਗਏ

ਅੰਮ੍ਰਿਤਸਰ, 17 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਗੁਰੂ ਬਾਜ਼ਾਰ ਵਿੱਚ ਸੋਨੇ ਦੇ ਗਹਿਣਿਆਂ ਦਾ ਕੰਮ ਕਰਨ ਵਾਲੇ ਸੁਰਿੰਦਰ ਕੁਮਾਰ 'ਤੇ ਹਮਲਾ ਕਰ ਕੇ ਕੱਲ੍ਹ ਲੁਟੇਰਿਆਂ ਨੇ ਸਵਾ ਕਰੋੜ ਰੁਪਏ ਲੁੱਟ ਲਏ। ਇਸ ਵਾਰਦਾਤ ਵਿੱਚ ਤਿੰਨ ਲੁਟੇਰੇ ਸ਼ਾਮਲ ਸਨ। ਸੁਨਿਆਰਾ ਗਹਿਣੇ ਲੈ ਕੇ ਦਿੱਲੀ ਤੋਂ ਅੰਮ੍ਰਿਤਸਰ ਆਇਆ ਸੀ। ਇਸ ਵਾਰਦ-ਾਤ ਵਿੱਚ ਕਿਸੇ ਭੇਦੀ ਦਾ ਹੱਥ ਲੱਗ ਰਿਹਾ ਹੈ। ਪੁਲਸ ਵੱਲੋਂ ਕੇਸ ਦਰਜ ਕਰ ਕੇ ਲਗਾਤਾਰ ਛਾਪੇਮਾਰੀ ਜਾਰੀ ਹੈ। ਗੇਟ ਭਗਤਾਂਵਾਲਾ ਨੇੜੇ ਕਟੜਾ ਕਰਮ ਸਿੰਘ ਦੇ ਰਹਿਣ ਵਾਲੇ ਸੁਰਿੰਦਰ ਕੁਮਾਰ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਸੋਨੇ ਦੇ ਗਹਿਣਿਆਂ ਦਾ ਕੰਮ ਕਰਦਾ ਹੈ। ਉਸ ਨੇ ਗੁਰੂ ਬਾਜ਼ਾਰ ਚੌਰਸਤੀ ਅਟਾਰੀ ਵਿੱਚ 17 ਨਵੰਬਰ ਨੂੰ ਨਵਾਂ ਸ਼ੋਅਰੂਮ ਖੋਲ੍ਹਣਾ ਹੈ। ਇਸ ਦੇ ਲਈ ਉਹ ਦਿੱਲੀ ਮਾਲ ਲੈਣ ਗਿਆ ਸੀ। ਦਿੱਲੀ ਤੋਂ ਬਸ ਵਿੱਚ ਸਵਾਰ ਹੋ ਕੇ ਕੱਲ੍ਹ ਸਵੇਰੇ ਉਹ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਦੇ ਬਾਹਰ ਪਹੁੰਚਿਆ। ਉਸ ਵੇਲੇ ਬਹੁਤਾ ਟਰੈਫਿਕ ਨਹੀਂ ਸੀ, ਇਸ ਲਈ ਰੇਲਵੇ ਦੇ ਨਵੇਂ ਪੁਲ ਤੋਂ ਹੁੰਦੇ ਹੋਏ ਹਾਲ ਗੇਟ ਵੱਲ ਜਾ ਰਿਹਾ ਸੀ। ਪਿੱਛੋਂ ਮੋਟਰ ਸਾਈਕਲ ਸਵਾਰ ਨੌਜਵਾਨ ਆਏ ਅਤੇ ਦਾਤਰ ਨਾਲ ਹਮਲਾ ਕਰ ਦਿੱਤਾ।

# ਅਯੁੱਧਿਆ ਬਾਰੇ ਫ਼ੈਸਲਾ ਦੇਣ ਵਾਲੇ ਜਸਟਿਸ ਨਜ਼ੀਰ ਦੀ ਸੁਰੱਖਿਆ ਵਧਾਈ ਗਈ



ਨਵੀਂ ਦਿੱਲੀ, 17 ਨਵੰਬਰ, (ਪੋਸਟ ਬਿਊਰੋ)- ਅਯੁੱਧਿਆ ਦੇ ਬਹੁ-ਚਰਚਿਤ ਰਾਮ ਜਨਮ ਭੂਮੀ-ਬਾਬਰੀ ਮਸਜਿਦ ਕੇਸ ਦਾ ਫੈਸਲਾ ਦੇਣ ਸਮੇਂ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਜੱਜਾਂ ਵਿੱਚੋਂ ਇੱਕ ਜਸਟਿਸ ਐੱਸ. ਅਬਦੁਲ ਨਜ਼ੀਰ ਨੂੰ 'ਜ਼ੈੱਡ' ਕੈਟੇਗਰੀ ਦੀ ਸੁਰੱਖਿਆ ਦੇ ਦੇਣ ਦਾ ਫ਼ੈਸਲਾ ਹੋਇਆ ਹੈ। ਪਤਾ ਲੱਗਾ ਹੈ ਕਿ ਪਾਪੂਲਰ ਫਰੰਟ ਆਫ਼ ਇੰਡੀਆ (ਪੀ ਐੱਫ ਆਈ) ਤੋਂ ਖ਼ਤਰੇ ਕਾਰਨ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੁਰੱਖਿਆ ਦਿੱਤੀ ਗਈ ਹੈ।

ਇਸ ਸੰਬੰਧ ਵਿੱਚ ਕੇਂਦਰ ਦੇ ਗ੍ਰਹਿ ਮੰਤਰਾਲੇ ਨੇ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀਆਰਪੀ ਐੱਫ) ਅਤੇ ਲੋਕਲ ਪੁਲਿਸ ਨੂੰ ਜਸਟਿਸ ਐੱਸ. ਨਜ਼ੀਰ ਤੇ ਉਨ੍ਹਾਂ ਦੇ ਪਰਿਵਾਰ ਨੂੰ ਸੁਰੱਖਿਆ ਦੇਣ ਲਈ ਕਿਹਾ ਹੈ। ਸੁਰੱਖਿਆ ਏਜੰਸੀਆਂ ਵੱਲੋਂ ਖ਼ਤਰੇ ਬਾਰੇ ਦਿੱਤੀ ਗਈ ਚਿਤਾਵਨੀ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ।

ਖਬਰ ਏਜੰਸੀ ਦੀ ਰਿਪੋਰਟ ਅਨੁਸਾਰ ਪੀ ਐੱਫਆਈ ਤੇ ਹੋਰ ਸੰਗਠਨਾਂ ਤੋਂ ਖ਼ਤਰੇ ਦੇ ਪੱਖੋਂ ਸਰਕਾਰ ਢਿੱਲ ਨਹੀਂ ਵਰਤਣਾ ਚਾਹੁੰਦੀ ਤੇ ਸੁਰੱਖਿਆ ਬਲਾਂ ਤੇ ਲੋਕਲ ਪੁਲਿਸ ਨੂੰ ਆਦੇਸ਼ ਦਿੱਤਾ ਹੈ ਕਿ ਕਰਨਾਟਕ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚਲੇ ਜਸਟਿਸ ਨਜ਼ੀਰ ਦੇ ਪਰਿਵਾਰਕ ਮੈਂਬਰਾਂ ਨੂੰ ਜ਼ੈੱਡ ਸ੍ਰੇਣੀ ਸਕਿਓਰਟੀਦਿੱਤੀ ਜਾਵੇ।ਜਸਟਿਸ ਨਜ਼ੀਰ ਦੇ ਬੈਂਗਲੁਰੂ, ਮੰਗਲੂਰੂ ਜਾਂ ਕਰਨਾਟਕਾ ਰਾਜ ਦੇ ਕਿਸੇ ਵੀ ਹਿੱਸੇ ਵਿੱਚ ਜਾਣ ਉੱਤੇ ਉਨ੍ਹਾਂ ਨੂੰ ਕਰਨਾਟਕ ਦੇ ਕੋਟੇ ਤਹਿਤ 'ਜ਼ੈੱਡ' ਸ਼੍ਰੇਣੀ ਦੀ ਸੁਰੱਖਿਆ ਮੁਤਾਬਕ ਪੈਰਾ ਮਿਲਟਰੀ ਫੋਰਸ ਤੇ ਪੁਲਿਸ ਦੇ 22 ਜਵਾਨਾਂ ਵੱਲੋਂ ਸੁਰੱਖਿਆ ਦਿੱਤੀ ਜਾਂਦੀ ਹੈ।

ਵਰਨਣ ਯੋਗ ਹੈ ਕਿ 9 ਨਵੰਬਰ ਨੂੰ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿੱਚਅਯੁੱਧਿਆ ਸ਼ਹਿਰ ਵਿਚਲੀ ਵਿਵਾਦ ਵਾਲੀ 2.77 ਏਕੜ ਜ਼ਮੀਨ ਉੱਤੇ ਰਾਮ ਮੰਦਰ ਬਣਾਉਣਅਤੇ ਇਸ ਦੇ ਨਾਲ ਹੀ ਅਯੁੱਧਿਆ ਵਿੱਚ ਮਸਜਿਦ ਬਣਾਉਣ ਦੇ ਲਈ ਮੁਸਲਿਮ ਧਿਰ 5 ਏਕੜ ਜ਼ਮੀਨ ਦੇਣ ਲਈ ਸਰਕਾਰ ਨੂੰ ਨਿਰਦੇਸ਼ ਦਿੱਤਾ ਸੀ।ਰਾਮ ਜਨਮ ਭੂਮੀਵਾਲੇ ਇਸ ਫ਼ੈਸਲੇ ਤੋਂ ਬਿਨਾ ਜਸਟਿਸ ਨਜ਼ੀਰ ਸੁਪਰੀਮ ਕੋਰਟ ਦੀ ਉਸ ਪੰਜ ਮੈਂਬਰੀ ਬੈਂਚ ਵਿੱਚ ਸਨ, ਜਿਸ ਨੇ 2017 ਵਿੱਚ ਤਿੰਨ ਤਲਾਕ ਨੂੰ ਗ਼ੈਰ ਸੰਵਿਧਾਨਿਕ ਐਲਾਨ ਕਰਨ ਦਾ ਫੈਸਲਾ ਕੀਤਾ ਸੀ।










# ਲਾਲਾ ਲਾਜਪਤ ਰਾਏ ਦੇ 91ਵੇਂ ਬਲੀਦਾਨ ਦਿਵਸ ਮੌਕੇ ਸਮਾਰਕ ’ਤੇ ਕੀਤੇ ਸ਼ਰਧਾ ਦੇ ਫੁੱਲ ਭੇਂਟ



ਢੁੱਡੀਕੇ (ਮੋਗਾ) 17 ਨਵੰਬਰ (ਗਿਆਨ ਸਿੰਘ): ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ ਅਤੇ ਇੰਨ੍ਹਾਂ ਮਹਾਨ ਸ਼ਹੀਦਾਂ ਦੀਆਂ ਸ਼ਹਾਦਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਸ੍ਰੋਤ ਹਨ।

ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਅੱਜ ਪਿੰਡ ਢੁੱਡੀਕੇ ਵਿਖੇ ਲਾਲਾ ਲਾਜਪਤ ਰਾਏ ਦੇ ਜ਼ਨਮ ਸਥਾਨ ‘ਤੇ ਆਯੋਜਿਤ ਉਨ੍ਹਾਂ ਦੇ 91ਵੇਂ ਬਲਿਦਾਨ ਦਿਵਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਅਤੇ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਨੇ ਵੀ ਲਾਲਾ ਲਾਜਪਤ ਰਾਏ ਦੀ ਸਮਾਰਕ ‘ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਮੌਕੇ ਡਿਪਟੀ ਕਮਿਸ਼ਨਰ ਸੰਦੀਪ ਹੰਸ ਨੇ ਲਾਲਾ ਲਾਜਪਤ ਰਾਏ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਨੇ ਸਾਲ 1928 ‘ਚ ਆਪਣੀ ਸ਼ਹਾਦਤ ਦੇ ਕੇ ਆਜ਼ਾਦੀ ਦੇ ਸੰਘਰਸ਼ ਵਿੱਚ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਲਾਲਾ ਲਾਜਪਤ ਰਾਏ ਵੱਲੋ ਦਿੱਤੀ ਗਈ ਲਾਮਿਸਾਲ ਸ਼ਹਾਦਤ ਦਾ ਕੋਈ ਮੁੱਲ ਨਹੀਂ ਅਤੇ ਦੇਸ਼ ਦੇ ਮਹਾਨ ਯੋਧਿਆਂ ਦੀਆਂ ਕੁਰਬਾਨੀਆਂ ਦੀ ਬਦੌਲਤ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਉਨ੍ਹਾਂ ਕਿਹਾ ਕਿ ਲਾਲਾ ਲਾਜਪਤ ਰਾਏ ਤੋਂ ਪ੍ਰੇਰਣਾ ਲੈ ਕੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਆਦਿ ਸ਼ਹੀਦਾਂ ਨੇ ਮਹਾਨ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਸੇਧ ਲੈ ਕੇ ਦੇਸ਼ ਦੇ ਨਵ-ਨਿਰਮਾਣ ‘ਚ ਯੋਗਦਾਨ ਪਾਉਣ ਲਈ ਅੱਗੇ ਆਉਣ।

ਸਾਬਕਾ ਮੰਤਰੀ ਡਾ: ਮਾਲਤੀ ਥਾਪਰ ਨੇ ਕਿਹਾ ਕਿ ਲਾਲਾ ਲਾਜਪਤ ਰਾਏ ਨੇ ਅੰਗਰੇਜ਼ੀ ਸਾਮਰਾਜ ਦੇ ਸਾਈਮਨ ਕਮਿਸ਼ਨ ਦਾ ਵਿਰੋਧ ਕੀਤਾ, ਜਿਸ ਕਰਕੇ ਅੰਗਰੇਜ਼ ਸਰਕਾਰ ਵੱਲੋਂ ਉਨ੍ਹਾਂ ‘ਤੇ ਲਾਠੀਆਂ ਵਰ੍ਹਾਈਆਂ ਗਈਆਂ ਅਤੇ ਉਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਲਾਲਾ ਲਾਜਪਤ ਰਾਏ ਵੱਲੋਂ ਕਹੇ ਆਖਰੀ ਸ਼ਬਦ ‘ਮੇਰੇ ਸ਼ਰੀਰ ਤੇ ਪਈ ਇੱਕ-ਇੱਕ ਲਾਠੀ ਅੰਗਰੇਜ਼ ਸਰਕਾਰ ਦੇ ਕਫ਼ਨ ‘ਚ ਕਿੱਲ ਸਾਬਤ ਹੋਵੇਗੀ‘ ਨੂੰ ਆਜ਼ਾਦੀ ਲਹਿਰ ਦੇ ਯੋਧਿਆਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਕੇ ਅਤੇ ਦੇਸ਼ ਨੂੰ ਆਜ਼ਾਦ ਕਰਵਾ ਕੇ ਸਹੀ ਸਾਬਤ ਕੀਤਾ। ਉਨ੍ਹਾਂ ਕਿਹਾ ਕਿ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਨੇ ਅਨੇਕਾਂ ਸੂਰਬੀਰ ਯੋਧੇ ਪੈਦਾ ਕੀਤੇ, ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਭਾਰਤ ਦੇਸ਼ ਆਜ਼ਾਦ ਹੋਇਆ। ਉਨ੍ਹਾਂ ਕਿਹਾ ਕਿ ਲੰਬੇ ਸੰਘਰਸ਼ ਤੋਂ ਬਾਅਦ ਮਿਲੀ ਆਜ਼ਾਦੀ ਨੂੰ ਬਰਕਰਾਰ ਰੱਖਣਾ ਦੇਸ਼ ਦੇ ਹਰ ਨਾਗਰਿਕ ਦਾ ਮੁੱਢਲਾ ਫ਼ਰਜ਼ ਹੈ।

ਇਸ ਮੌਕੇ ਲਾਲਾ ਲਾਜਪਤ ਰਾਏ ਜਨਮ ਸਥਾਨ ਕਮੇਟੀ ਦੇ ਜਨਰਲ ਸਕੱਤਰ ਰਣਜੀਤ ਸਿੰਘ ਧੰਨਾ ਨੇ ਜੀ ਆਇਆਂ ਕਹਿੰਦਿਆਂ ਲਾਲਾ ਲਾਜਪਤ ਰਾਏ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

# ਪੰਜਾਬ ਦੀਵਾਲੀ ਬੰਪਰ ਲੁਧਿਆਣਾ ਦੇ ਡੇਅਰੀ ਮਾਲਕ ਨੇ ਜਿੱਤਿਆ

## ਅਮਨਦੀਪ ਸਿੰਘ ਨੇ ਜਿੱਤਿਆ 2.50 ਕਰੋੜ ਰੁਪਏ ਦਾ ਪਹਿਲਾ ਇਨਾਮ



ਪੰਜਾਬ ਰਾਜ ਮਾਂ ਲਕਸ਼ਮੀ ਦੀਵਾਲੀ ਪੂਜਾ ਬੰਪਰ ਦਾ ਜੇਤੂ ਅਮਨਦੀਪ ਸਿੰਘ ਆਪਣੇ ਪਰਿਵਾਰ ਮੈਂਬਰਾਂ ਨਾਲ।

ਚੰਡੀਗੜ੍ਹ, 17 ਨਵੰਬਰ (ਗਿਆਨ ਸਿੰਘ): ਪੰਜਾਬ ਰਾਜ ਮਾਂ ਲਕਸ਼ਮੀ ਦੀਵਾਲੀ ਪੂਜਾ ਬੰਪਰ-2019 ਨੇ ਲੁਧਿਆਣਾ ਦੇ ਇੱਕ ਛੋਟੇ ਡੇਅਰੀ ਫਾਰਮ ਦੇ ਮਾਲਕ ਅਮਨਦੀਪ ਸਿੰਘ ਦੀ ਜ਼ਿੰਦਗੀ ਰੌਸ਼ਨ ਕਰ ਦਿੱਤੀ ਹੈ। ਅਮਨਦੀਪ ਸਿੰਘ ਨੇ 2.50 ਕਰੋੜ ਰੁਪਏ ਦਾ ਪਹਿਲਾ ਇਨਾਮ ਜਿੱਤਿਆ ਹੈ।

ਆਮ ਜੀਵਨ ਬਸਰ ਕਰ ਰਹੇ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਮੇਹਰਬਾਨ ਦੇ ਵਸਨੀਕ ਅਮਨਦੀਪ ਸਿੰਘ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਉਹ ਰਾਤੋ ਰਾਤ ਕਰੋੜਪਤੀ ਬਣ ਜਾਵੇਗਾ ਪਰ ਪੰਜਾਬ ਲਾਟਰੀਜ਼ ਵਿਭਾਗ ਨੇ ਇਸਨੂੰ ਸੱਚ ਕਰ ਵਿਖਾਇਆ ਹੈ। ਪਹਿਲਾ ਇਨਾਮ ਜਿੱਤਣ ਤੋਂ ਬਾਅਦ ਬਾਗੋ ਬਾਗ ਨਜ਼ਰ ਆ ਰਹੇ 35 ਸਾਲਾ ਅਮਨਦੀਪ ਸਿੰਘ ਨੇ ਕਿਹਾ ਕਿ ਉਸਨੂੰ ਇੰਝ ਜਾਪ ਰਿਹਾ ਹੈ ਕਿ ਜਿਵੇਂ ਉਸਦਾ ਸੁਪਨਾ ਸਾਕਾਰ ਹੋ ਗਿਆ ਹੋਵੇ। ਉਸਨੇ ਕਿਹਾ ਕਿ ਉਹ ਜਿੱਤੀ ਹੋਈ ਇਨਾਮੀ ਰਾਸ਼ੀ ਨੂੰ ਆਪਣੇ ਚੰਗੇਰੇ ਭਵਿੱਖ ਲਈ ਵਰਤੇਗਾ। ਉਸਨੇ ਕਿਹਾ ਕਿ ਉਹ ਇਸ ਇਨਾਮੀ ਰਾਸ਼ੀ ਨਾਲ ਆਪਣੇ ਡੇਅਰੀ ਫਾਰਮ ਦੇ ਧੰਦੇ ਦਾ ਵਿਸਥਾਰ ਕਰਨਾ ਚਾਹੁੰਦਾ ਹੈ ਅਤੇ ਬਚੀ ਹੋਈ ਰਾਸ਼ੀ ਉਹ ਆਪਣੇ ਦੋ ਬੱਚਿਆਂ, ਇੱਕ ਲੜਕਾ ਅਤੇ ਇੱਕ ਲੜਕੀ, ਦੀ ਪੜ੍ਹਾਈ ’ਤੇ ਖ਼ਰਚ ਕਰੇਗਾ।

ਉਸਨੇ ਇਨਾਮੀ ਰਾਸ਼ੀ ਲੈਣ ਲਈ ਪੰਜਾਬ ਲਾਟਰੀਜ਼ ਵਿਭਾਗ ਕੋਲ ਦਸਤਾਵੇਜ਼ ਜਮ੍ਹਾਂ ਕਰਵਾ ਦਿੱਤੇ ਹਨ। ਉਸਨੇ ਪੰਜਾਬ ਲਾਟਰੀਜ਼ ਵਿਭਾਗ ਵੱਲੋਂ ਪਾਰਦਰਸ਼ੀ ਅਤੇ ਨਿਰਪੱਖ ਤਰੀਕੇ ਨਾਲ ਲਾਟਰੀਆਂ ਦੇ ਡਰਾਅ ਕੱਢਣ ਦੀ ਪ੍ਰਣਾਲੀ ’ਤੇ ਸੰਤੁਸ਼ਟੀ ਪ੍ਰਗਟਾਈ। ਲਾਟਰੀਜ਼ ਵਿਭਾਗ ਦੇ ਅਧਿਕਾਰੀਆਂ ਨੇ ਉਸਨੂੰ ਇਨਾਮੀ ਰਾਸ਼ੀ ਜਲਦ ਤੋਂ ਜਲਦ ਜਾਰੀ ਕਰਨ ਦਾ ਭਰੋਸਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਲਾਟਰੀਜ਼ ਵਿਭਾਗ ਵੱਲੋਂ ਪੰਜਾਬ ਰਾਜ ਮਾਂ ਲਕਸ਼ਮੀ ਦੀਵਾਲੀ ਪੂਜਾ ਬੰਪਰ ਦਾ ਡਰਾਅ 1 ਨਵੰਬਰ, 2019 ਨੂੰ ਕੱਢਿਆ ਗਿਆ ਸੀ ਅਤੇ ਹਿਮਾਚਲ ਪ੍ਰਦੇਸ਼ ਦੇ ਵਸਨੀਕ ਸੰਜੀਵ ਕੁਮਰ ਜੋ ਕਿ ਪੇਸ਼ੇ ਤੋਂ ਇੱਕ ਪੇਂਟਰ ਹੈ, ਨੂੰ ਵੀ 2.50 ਕਰੋੜ ਰੁਪਏ ਦਾ ਪਹਿਲਾ ਇਨਾਮ ਨਿਕਲਿਆ ਸੀ।

# ਖੱਤਰੀ ਸਭਾ ਅਤੇ ਮਹਿਲਾ ਖੱਤਰੀ ਸਭਾ ਨੇ 550 ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਪਾਏ ਭੋਗ



ਮੋਗਾ 17 ਨਵੰਬਰ (ਗਿਆਨ ਸਿੰਘ): ਖੱਤਰੀ ਸਭਾ ਅਤੇ ਮਹਿਲਾ ਖੱਤਰੀ ਸਭਾ ਮੋਗਾ ਨੇ ਅੱਜ ਇਥੇ ਖੱਤਰੀ ਭਵਨ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਸਰਦਾਰ ਨਗਰ ਦੇ ਮੈਂਬਰਾਂ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਅਤੇ ਭਾਈ ਬਾਜ਼ ਸਿੰਘ ਕੋਟਈਸੇਖਾਂ ਕੀਰਤਨੀ ਜਥੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਰੀ ਗਿਣਤੀ ਵਿੱਚ ਖੱਤਰੀ ਸਭਾ ਅਤੇ ਮਹਿਲਾ ਖੱਤਰੀ ਸਭਾ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਲੋਹਾਮ ਨੇ ਖੱਤਰੀ ਸਭਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੂੰ ਸਿਰੋਪਾਓ ਪਹਿਨਾ ਕੇ ਸਨਮਾਨ ਕੀਤਾ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਖੱਤਰੀ ਸਭਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਇੱਕ ਉੱਚਾ ਰੁਤਬਾ ਦਿੱਤਾ ਹੈ ਅਤੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਲਸਫਾ ਸਮਾਜਿਕ ਬਰਾਬਰੀ ਸਥਾਪਿਤ ਕਰਨ ਦਾ ਮੂਲ ਮੰਤਰ ਹੈ। ਇਸ ਮੌਕੇ ਸੰਬੋਧਨ ਕਰਦਿਆਂ ਮਹਿਲਾ ਖੱਤਰੀ ਸਭਾ ਪ੍ਰਧਾਨ ਪੂਜਾ ਥਾਪਰ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੋ ਕਿਉਂ ਮੰਦਾ ਆਖੀਏ ਜਿਤੁ ਜੰਮਹਿ ਰਾਜਾਨ ਦੇ ਮਹਾਂਵਾਕ ਨੇ ਦੁਨੀਆ ਵਿਚ ਔਰਤ ਦੀ ਮਹਾਨਤਾ ਨੂੰ ਉਚਾ ਦਰਜਾ ਦਿੱਤਾ ਹੈ। ਸਾਬਕਾ ਤਹਿਸੀਲਦਾਰ ਜਸਵੰਤ ਰਾਏ ਦਾਨੀਂ ਨੇ ਇਸ ਮੌਕੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਂਝੀਵਾਲਤਾ ਦਾ ਸੰਦੇਸ਼ ਸਾਡੀ ਅੱਜ ਦੀਆਂ ਸਾਰੀਆਂ ਸਮਸਿਆਵਾਂ ਦਾ ਸਮਾਧਾਨ ਹੈ। ਇਸ ਮੌਕੇ ਚੀਫ਼ ਪੈਟਰਨ ਇੰਦੂ ਪੁਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਵੰਡ ਛਕੋ ਦਾ ਸੰਦੇਸ਼ ਦਿੱਤਾ ਹੈ ਉਹ ਸਾਨੂੰ ਅਪਣੀ ਨੇਕ ਕਮਾਈ ਵਿਚੋਂ ਕਮਜ਼ੋਰ ਵਰਗਾਂ ਦੇ ਲੋਕਾਂ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੰਦਾ ਹੈ। ਇਸ ਸਮਾਗਮ ਵਿੱਚ ਪ੍ਰਧਾਨ ਵਿਜੇ ਧੀਰ ਐਡਵੋਕੇਟ ਅਤੇ ਮਹਿਲਾ ਖੱਤਰੀ ਸਭਾ ਪ੍ਰਧਾਨ ਪੂਜਾ ਥਾਪਰ ਅਤੇ ਚੀਫ਼ ਪੈਟਰਨ ਇੰਦੂ ਪੁਰੀ ਤੋਂ ਇਲਾਵਾ ਰਮੇਸ਼ ਵੋਹਰਾ, ਨਰੇਸ਼ ਸੂਰੀ, ਬਲਜਿੰ-ਦਰ ਸਿੰਘ ਸਹਿਗਲ, ਭਜਨ ਪ੍ਰਕਾਸ਼ ਵਰਮਾ, ਐਮ ਐਲ ਮੋਲੜੀ, ਨਰੋਤਮ ਪੁਰੀ, ਸਾਬਕਾ ਕੋਂਸਲਰ ਪਰਸ਼ੋਤਮ ਪੁਰੀ, ਡਾਕਟਰ ਐਮ ਐਲ ਜੈਦਕਾ, ਵਿਜੇ ਥਾਪਰ, ਸੁਸੀਲ ਸਿਆਲ, ਪ੍ਰਦੀਪ ਭੰਡਾਰੀ, ਪ੍ਰੋਫੈਸਰ ਸੁਰੇਸ਼ ਮਲਹੋਤਰਾ, ਹਰੀਸ਼ ਧੀਰ, ਸਾਬਕਾ ਤਹਿਸੀਲਦਾਰ ਜਸਵੰਤ ਰਾਏ ਦਾਨੀਂ, ਦਰਸ਼ਨ ਧੀਰ, ਰਮੇਸ਼ ਕੁਕੂ, ਰਕੇਸ਼ ਭੱਲਾ, ਡਾਕਟਰ ਸਤੀਸ਼ ਕੋਛੜ, ਪ੍ਰੇਮ ਭੰਡਾਰੀ, ਡਾਕਟਰ ਪ੍ਰਿਥਵੀ ਰਾਜ ਚਾਟਲੇ, ਰਜਿੰਦਰ ਪੁਰੀ ਗੋਇਲ ਟ੍ਰੈਵਲਜ, ਸਤਿਆ ਪ੍ਰਕਾਸ਼ ਉੱਪਲ, ਵਨੀਤ ਚੋਪੜਾ, ਸੁਰਿੰਦਰ ਕੁਮਾਰ ਚੋਪੜਾ, ਮੋਹਿਤ ਧਵਨ, ਅਮਿਤ ਗਾਂਧੀ, ਸੁਨੀਲ ਧੀਰ, ਸ਼ਿਵਿ ਪਲਤਾ, ਧਰਮਵੀਰ ਰਿਹਾਨ, ਹਰਪ੍ਰੀਤ ਸਿੰਘ ਸਹਿਗਲ, ਅਦੇਸ਼ ਇੰਦਰ ਸਿੰਘ ਸਹਿਗਲ, ਡਾਕਟਰ ਜਸਵੀਰ ਸਿੰਘ ਸਹਿਗਲ, ਮਹੇਸ਼ ਇੰਦਰ ਸਿੰਘ ਸਹਿਗਲ, ਐਚ ਆਰ ਮਦਾਨ, ਰਜੀਵ ਤਾਂਗੜੀ, ਰਕੇਸ਼ ਜੈਸਵਾਲ ਬੁਘੀ, ਮਨੋਜ਼ ਜੈਸਵਾਲ, ਪਰਮਜੀਤ ਸਿੰਘ ਮਲਹੋਤਰਾ, ਭਾਰਤ ਭੂਸ਼ਨ ਢੰਡ, ਰਜੇਸ਼ ਮਲਹੋਤਰਾ, ਨਰੇਸ਼ ਧੀਰ ਨੈਸਲੇ, ਸੁਰਿੰਦਰ ਝੱਟਾ, ਕ੍ਰਿਸ਼ਨ ਸੂਦ ਸਾਬਕਾ ਕੋਂਸਲਰ, ਰਕੇਸ਼ ਸਿਤਾਰਾ, ਸੋਨੂੰ ਕੱਕੜ, ਕੇਵਲ ਕ੍ਰਿਸ਼ਨ ਕੋਛੜ, ਅਸ਼ੋਕ ਬੇਰੀ, ਕ੍ਰਿਸ਼ਨ ਚੋਧਰੀ, ਹਰੀ ਪ੍ਰਕਾਸ਼ ਢੰਡ, ਕੇਵਲ ਕ੍ਰਿਸ਼ਨ ਚੋਧਰੀ, ਰਮਨ ਧੀਰ, ਹਰਸ਼ ਧੀਰ, ਰਜੀਵ ਧੀਰ, ਜਗਜੀਵ ਧੀਰ, ਸੰਜੀਵ ਧੀਰ ਐਡਵੋਕੇਟ, ਪ੍ਰਦੀਪ ਭੰਡਾਰੀ, ਸੁਭਾਸ਼ ਉਪਲ, ਸੰਜੀਵ ਕੋੜਾ ( ਰਿੰਮੀ), ਅਨਿਲ ਸੱਭਰਵਾਲ, ਇੰਦਰ ਪਾਲ ਪਲਤਾ, ਕੁਲਦੀਪ ਸਾਹਨੀ ਸਰਕਾਰੀ ਵਕੀਲ, ਰਜਿੰਦਰ ਗਾਂਧੀ, ਰਮਨ ਮਾਕਰ, ਰਮਨ ਧੀਰ, ਹਰਸ਼ ਧੀਰ, ਡਾਕਟਰ ਵਿਜੇ ਉਪਲ, ਸੰਜੀਵ ਬੇਦੀ, ਚਿਤਰੰਜਨ ਸੋਹਰ, ਜਤਿੰਦਰ ਚੰਡੋਕ, ਪ੍ਰਿਤਪਾਲ ਸਿੰਘ ਸਰੀਨ, ਰਮੇਸ਼ ਕੋਛੜ, ਤਰਸੇਮ ਚੋਪੜਾ, ਜਤਿਨ ਧੀਰ, ਵਿਪਨ ਲੂੰਬਾ, ਵਿਨੋਦ ਸਹਿਗਲ, ਸਾਹਿਲ ਹਾਂਡਾ, ਦੀਪਕ ਭੱਲਾ, ਲਵਲੀ ਢੰਡ, ਬਿੰਨੀ ਢੰਡ, ਸੁਰਿੰਦਰ ਵਿਨਾਇਕ, ਪਵਨ ਕੱਕੜ, ਪਵਨ ਸ਼ਿੰਗਾਰੀ, ਤਿਲਕ ਰਾਜ ਸੋਢੀ, ਸਰਵਜੀਤ ਸਿੰਘ ਮੈਂਗੀ, ਬਲਵਿੰਦਰ ਢੱਲ, ਬਲਵਿੰਦਰ ਸਿੰਘ ਸੋਢੀ, ਆਦਰਸ਼ ਪੱਬੀ, ਰਵੀ ਧੀਰ, ਵਿਨੋਦ ਬਾਲਾ ਧੀਰ, ਸੁਸ਼ਮਾ ਜੈਦਕਾ, ਸ਼ਕਤੀ ਬਾਲਾ ਧੀਰ, ਅਨੀਤਾ ਕੋੜਾ, ਕੰਚਨ ਭੰਡਾਰੀ, ਹਰਮਿੰਦਰ ਕੌਰ ਸਹਿਗਲ, ਸੁਨੀਤਾ ਚੋਪੜਾ, ਸੁਨੀਤਾ ਢੱਲ, ਸੁਮਨ ਮਲਹੋਤਰਾ ਪ੍ਰਿੰਸੀਪਲ, ਅੰਜੂ ਵਿਨਾਇਕ, ਮੀਨੂ ਬੇਦੀ, ਸੋਨੀਆ ਢੰਡ, ਕੰਚਨ ਭੰਡਾਰੀ, ਕੁਮਕੁਮ ਭੰਡਾਰੀ, ਪ੍ਰਦੀਪ ਭਾਰਤੀ ਐਡਵੋਕੇਟ, ਪ੍ਰਵੀਨ ਕੁਮਾਰ ਸ਼ਰਮਾ , ਅਸ਼ੋਕ ਕਾਲੀਆ, ਦਵਿੰਦਰ ਸਿੰਘ ਜੋੜਾਂ, ਗੁਰਸੇਵਕ ਸਿੰਘ ਸਨਿਆਸੀ, ਸੁਰਿੰਦਰ ਸਿੰਘ ਬਾਵਾ, ਸੱਤ ਪਾਲ ਸਿੰਘ ਕੰਡਾ, ਚਰਨਜੀਤ ਸਿੰਘ ਭੰਮ, ਪ੍ਰਿਆਵਰਤ ਗੁਪਤਾ, ਵੀ ਪੀ ਸੇਠੀ, ਛੋਟਾ ਸਿੰਘ, ਮਨੀ ਸਿੰਘ ਘਾਰੂ, ਜਸਪ੍ਰੀਤ ਸਿੰਘ ਢਿੱਲੋਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਆਨ-ਲਾਈਨ ਕੁਇਜ਼ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਨਕਦ ਇਨਾਮ, ਮੈਡਲ ਅਤੇ ਸਨਮਾਨ ਪੱਤਰ ਦਿੱਤੇ



ਮੋਗਾ 17 ਨਵੰਬਰ (ਗਿਆਨ ਸਿੰਘ) ਪੰਜਾਬ ਸਰਕਾਰ ਸਿੱਖਿਆ ਵਿਭਾਗ ਦੀ ਆਈ.ਸੀ.ਟੀ. ਸ਼ਾਖਾ ਵੱਲੋਂ ਪੰਜਾਬ ਭਰ ਵਿੱਚ ਵਿਦਿਆਰਥੀਆਂ ਦੇ ਆਨ ਲਾਈਨ ਸ਼ਾਫਟਵੇਅਰ ਰਾਹੀਂ ਕੰਪਿਊਟਰ ਕੁਇਜ਼ ਮੁਕਾਬਲੇ ਕਰਵਾਏ ਗਏ। ਇਸੇ ਲੜੀ ਤਹਿਤ ਜ਼ਿਲ੍ਹਾ ਮੋਗਾ ਦੇ ਕੰਪਿਊਟਰ ਕੁਇਜ਼ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਮੋਗਾ ਜਸਪਾਲ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਮਨਜੀਤ ਕੌਰ ਦੀ ਅਗਵਾਈ ਵਿੱਚ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਭੀਮਨਗਰ ਮੋਗਾ ਵਿਖੇ ਕਰਵਾਏ ਗਏ।

ਇਸ ਸਬੰਧੀ ਦਿਲਬਾਗ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਸਰਕਾਰੀ ਸਕੂਲਾਂ ਦੇ ਨੌਵੀਂ ਅਤੇ ਦਸਵੀਂ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਛੇ ਬਲਾਕਾਂ ਵਿੱਚੋਂ ਜੇਤੂ ਵਿਦਿਆਰਥੀਆਂ ਨੇ ਇਸ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਭਾਗ ਲਿਆ। ਉਨ੍ਹਾਂ ਦੱਸਿਆ ਕਿ ਇਸ ਮੁਕਾਬਲੇ ਵਿੱਚ ਦਸਵੀਂ ਜਮਾਤ ਵਿੱਚੋਂ ਪਹਿਲਾ ਸਥਾਨ ਸੁਖਪ੍ਰੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਠੱਠੀ ਭਾਈ, ਦੂਜਾ ਸਥਾਨ ਰੋਹਿਤ ਕੁਮਾਰ ਸਰਕਾਰੀ ਹਾਈ ਸਕੂਲ ਕੋਟ ਈਸੇ ਖਾਂ (ਲੜਕੇ), ਜਸਕਰਨ ਸਿੰਘ ਸਰਕਾਰੀ ਹਾਈ ਸਕੂਲ ਇੰਦਰਗੜ੍ਹ ਅਤੇ ਨੌਵੀ ਜਮਾਤ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਨਿਰਵੈਰ ਸਿੰਘ ਸਰਕਾਰੀ ਹਾਈ ਸਕੂਲ ਨੰਗਲ, ਦੂਜਾ ਸਥਾਨ ਜਗਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਮੁਸਤਫਾ ਅਤੇ ਤੀਜਾ ਸਥਾਨ ਹਰਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਠੱਠੀ ਭਾਈ ਨੇ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਰਵਿੰਦਰਪਾਲ ਸਿੰਘ ਅਤੇ ਆਕਾਸ਼ਦੀਪ ਮਿੱਤਲ ਵੱਲੋਂ ਇਹ ਮੁਕਾਬਲੇ ਕਰਵਾਏ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਮੋਗਾ ਨੇ ਇਨ੍ਹਾਂ ਜੇਤੂ ਵਿਦਿਆਰਥੀਆਂ, ਸਕੂਲ ਮੁਖੀਆਂ ਅਤੇ ਗਾਈਡ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਭਾਗ ਵੱਲੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂ ਕ੍ਰਮਵਾਰ 1000/700/500 ਰੁਪਏ ਦੇ ਨਕਦ ਇਨਾਮ, ਮੈਡਲ ਅਤੇ ਸਨਮਾਨ ਪੱਤਰ ਦੇ ਕੇ ਹੌਸਲਾਂ ਅਫਜ਼ਾਈ ਕੀਤੀ। ਇਸ ਮੌਕੇ ਦਿਲਬਾਗ ਸਿੰਘ ਬਰਾੜ, ਪ੍ਰਿੰਸੀਪਲ ਮਨਜੀਤ ਕੌਰ, ਅਮਰਦੀਪ ਸਿੰਘ, ਸ਼ੁਸ਼ੀਲ ਕੁਮਾਰ, ਮਨਜੀਤ ਕੌਰ ਅਤੇ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਦੇ ਕੰਪਿਊਟਰ ਅਧਿਆਪਕ ਅਤੇ ਸਕੂਲ ਸਟਾਫ ਹਾਜ਼ਰ ਸੀ।

ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

Study Visa / Visitor Visa

IELTS
LEARN & ACQUIER SKILLS TO SUCCEED



Canada Australia New Zealand USA UK

Garhshankar Chowk
Banga - 144505

Silvern Consultants
Vision. Passion. Excellence

+91-98887-12109
+91-70093-79011
01823-500594
info.silvernconsultants@gmail.com

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ






ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20 Etobicoke ON, M9V 3Y6

# ਅਸਲ ਮੁੱਦਿਆਂ ਤੋਂ ਭਟਕ ਰਹੇ ਹਨ ਪ੍ਰੇਰੀਜ਼ ਦੇ ਪ੍ਰੀਮੀਅਰ : ਜਗਮੀਤ ਸਿੰਘ

...ਪੰਨਾ 1 ਦਾ ਬਾਕੀ

ਜਗਮੀਤ ਸਿੰਘ, ਜਿਨ੍ਹਾਂ ਦਾ ਇੱਕ ਐਮਪੀ ਅਲਬਰਟਾ ਵਿੱਚ ਚੁਣਿਆ ਗਿਆ ਤੇ ਸਸਕੈਚਵਨ ਵਿੱਚ ਤਾਂ ਐਨਡੀਪੀ ਖਾਤਾ ਵੀ ਨਹੀਂ ਖੋਲ੍ਹ ਸਕੀ, ਟਰਾਂਸ ਮਾਊਨਟੇਨ ਪਾਈਪਲਾਈਨ ਪ੍ਰੋਜੈਕਟ ਦਾ ਵਿਰੋਧ ਕਰਦੇ ਆਏ ਹਨ ਅਤੇ ਐਨਵਾਇਰਮੈਂਟ ਸਬੰਧੀ ਸਖ਼ਤ ਨਿਯਮਾਂ ਦੇ ਪੱਖ ਵਿੱਚ ਹਨ। ਪਰ ਦੂਜੇ ਪਾਸੇ ਅਲਬਰਟਾ ਦੇ ਲੋਕ ਇਸ ਨੂੰ ਆਰਥਿਕ ਸਥਿਰਤਾ ਦਾ ਅਟੁੱਟ ਹਿੱਸਾ ਮੰਨਦੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਕੇਨੀ ਨੇ ਇਹ ਐਲਾਨ ਕੀਤਾ ਸੀ ਕਿ ਫੈਡਰਲ ਸਰਕਾਰ ਨਾਲ ਕਈ ਤਰ੍ਹਾਂ ਦੇ ਕੀਤੇ ਗਏ ਸਮਝੌਤਿਆਂ ਤੇ ਪ੍ਰਬੰਧਾਂ ਨੂੰ ਖ਼ਤਮ ਕਰਨ ਲਈ ਉਹ ਫੇਅਰ ਡੀਲ ਪੈਨਲ ਤਿਆਰ ਕਰਨ ਬਾਰੇ ਸੋਚ ਰਹੇ ਹਨ। ਇਨ੍ਹਾਂ ਵਿੱਚ ਫੈਡਰਲ ਸਰਕਾਰ ਦੇ ਕੌਸਟ ਸ਼ੇਅਰ ਪ੍ਰੋਗਰਾਮ ਜਿਵੇਂ ਕਿ ਪ੍ਰਸਤਾਵਿਤ ਫਾਰਮਾਕੇਅਰ ਪ੍ਰੋਗਰਾਮ, ਜਿਸ ਦੀ ਜਗਮੀਤ ਸਿੰਘ ਵੀ ਪੈਰਵੀ ਕਰਦੇ ਹਨ, ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਅਜਿਹਾ ਸਿਸਟਮ ਲਿਆਉਣਾ ਚਾਹੁੰਦੇ ਹਨ ਜਿਸ ਤਹਿਤ ਫੈਡਰਲ ਸਰਕਾਰ ਨਾਲ ਸਮਝੌਤਿਆਂ ਤੋਂ ਪਹਿਲਾਂ ਸਕੂਲਾਂ ਨੂੰ ਪ੍ਰੋਵਿੰਸ਼ੀਅਲ ਸਰਕਾਰ ਤੋਂ ਇਜਾਜ਼ਤ ਲੈਣੀ ਹੋਵੇਗੀ। ਜਗਮੀਤ ਸਿੰਘ ਨੇ ਆਖਿਆ ਕਿ ਤੇਲ ਤੇ ਗੈਸ ਉੱਤੇ ਹੋਰ ਜ਼ਿਆਦਾ ਨਿਰਭਰ ਕਰਨ ਦੀ ਥਾਂ ਅਲਬਰਟਾ ਨੂੰ ਆਪਣੇ ਅਰਥਚਾਰੇ ਵਿੱਚ ਵੰਨ ਸੁਵੰਨਤਾ ਲਿਆਉਣੀ ਹੋਵੇਗੀ। ਉਨ੍ਹਾਂ ਆਖਿਆ ਕਿ ਉਹ ਇਕੁਅਲਾਈਜ਼ੇਸ਼ਨ ਫਾਰਮੂਲੇ ਵੱਲ ਵੀ ਧਿਆਨ ਦੇ ਰਹੇ ਹਨ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਅਜੇ ਵੀ ਕੰਮ ਕਰ ਰਿਹਾ ਹੈ ਤੇ ਜਾਇਜ਼ ਹੈ।

ਉਨ੍ਹਾਂ ਆਖਿਆ ਕਿ ਸਾਨੂੰ ਅਜਿਹੇ ਭਵਿੱਖ ਦੀ ਲੋੜ ਹੈ ਜਿੱਥੇ ਅਸੀਂ ਰੋਜ਼ਗਾਰ ਦੇ ਮੌਕੇ ਪੈਦਾ ਕਰਦੇ ਹੋਏ ਕਲਾਈਮੇਟ ਸੰਕਟ ਨਾਲ ਨਜਿੱਠੀਏ। ਅਸੀਂ ਲੋਕਾਂ ਨੂੰ ਇਹ ਯਕੀਨ ਦਿਵਾ ਸਕੀਏ ਕਿ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਦਾ ਰਾਹ ਹੈ ਤੇ ਲੋਕ ਇਹੋ ਵੇਖਣਾ, ਸੁਣਨਾ ਤੇ ਮਹਿਸੂਸ ਕਰਨਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਕਰਨ ਦੀ ਲੋੜ ਨਾ ਰਹੇ। ਜਗਮੀਤ ਸਿੰਘ ਨੇ ਇਹ ਵੀ ਆਖਿਆ ਕਿ ਲਿਬਰਲਾਂ ਦੇ ਰਾਜ ਭਾਸ਼ਣ ਵਿੱਚ ਉਹ ਫਾਰਮਾਕੇਅਰ ਤੇ ਡੈਂਟਲ ਕੇਅਰ ਦੇ ਮਾਮਲੇ ਵਿੱਚ ਮਿਥੀ ਹੋਈ ਸਮਾਂਸੀਮਾਂ ਤੇ ਠੋਸ ਵਚਨਬੱਧਤਾਵਾਂ ਚਾਹੁੰਦੇ ਹਨ ਨਹੀਂ ਤਾਂ ਉਹ ਲਿਬਰਲਾਂ ਦੇ ਖਿਲਾਫ ਵੋਟ ਕਰਨਗੇ।

## ਡੋਨਾਲਡ ਟਰੰਪ ਨੂੰ ਝਟਕਾ: ਲੁਸੀਆਨਾ ਵਿੱਚ ਫਿਰ ਡੈਮੋਕ੍ਰੇਟ ਗਵਰਨਰ ਚੁਣਿਆ ਗਿਆ

*** ਟਰੰਪ ਦੀ ਨਿੱਜੀ ਪ੍ਰਚਾਰ ਮੁਹਿੰਮ ਵੀ ਬੇਕਾਰ ਗਈ**



ਵਾਸ਼ਿੰਗਟਨ, 17 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਲੁਸੀਆਨਾ ਰਾਜ ਦੇ ਲੋਕਾਂ ਨੇ ਗਵਰਨਰ ਅਹੁਦੇ ਲਈ ਕੱਲ੍ਹ ਸ਼ਨੀਵਾਰ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੌਹਨ ਬੇਲ ਐਡਵਰਡਸ ਨੂੰ ਫਿਰ ਚੁਣ ਲਿਆ ਹੈ। ਡੈਮੋਕ੍ਰੇਟਿਕ ਪਾਰਟੀ ਦੀ ਇਸ ਰਾਜਦੀਜਿੱਤ ਨੂੰ ਇਸ ਵਕਤ ਮਹਾਦੋਸ਼ ਜਾਂਚ ਦਾ ਸਾਹਮਣਾ ਕਰ ਰਹੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਨੇ ਇੱਥੇ ਇੱਕ ਵਿਆਪਕ ਚੋਣ ਮੁਹਿੰਮ ਚਲਾਈ ਸੀ।

ਵਰਨਣ ਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪਏਥੋਂ ਦੇ ਗਵਰਨਰ ਲਈ ਰਿਪਬਲਿਕਨ ਧਿਰਦੇ ਉਮੀਦਵਾਰ ਤੇ ਰਾਜ ਦੇ ਕਾਰੋਬਾਰੀ ਐਡੀ ਰਿਸਪੋਨ ਦਾ ਪ੍ਰਚਾਰ ਕਰਨ ਲਈ ਤਿੰਨ ਵਾਰ ਲੁਈਸਿਆਨਾ ਖੁਦਆਏ ਸਨ। ਨਿਊਯਾਰਕ ਟਾਈਮਜ਼ ਦੇ ਮੁਤਾ-ਬਕ ਜੌਹਨ ਬੇਲ ਐਡਵਰਡਸ51.3 ਫੀਸਦੀ ਵੋਟਾਂ ਨਾਲ ਜਿੱਤੇ ਤੇ ਰਿਸਪੋਨ ਨੂੰ 48.7 ਫੀਸਦੀ ਵੋਟਾਂ ਹੀ ਮਿਲੀਆਂ ਹਨ।ਵਰਨਣਯੋਗ ਹੈ ਕਿ 2016 ਦੀਆਂ ਚੋਣਾਂ ਵਿੱਚਡੋਨਾਲਡ ਟਰੰਪ ਨੂੰ 20 ਫੀਸਦੀ ਤੋਂ ਵੱਧ ਵੋਟਾਂ ਨਾਲ ਜਿੱਤ ਮਿਲੀ ਸੀ। ਰੀਸਪੋਨ ਦੀ ਹਾਰ ਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਨੂੰਨਿੱਜੀ ਝਟਕਾ ਮੰਨਿਆ ਜਾ ਰਿਹਾ ਹੈ, ਕਿਉਂਕਿ ਉਹ ਲਗਾਤਾਰ ਦਾਅਵਾ ਕਰ ਰਹੇ ਸਨ ਕਿ ਉਨ੍ਹਾਂ ਦੀ ਪਾਪੂਲਰਟੀ ਨਾਲ ਪਾਰਟੀ ਨੂੰ ਪੂਰੇ ਦੇਸ਼ ਤੋਂ ਜਿੱਤ ਮਿਲੇਗੀ। ਪਿਛਲੇ ਹਫਤੇ ਕੈਂਟਕੀ ਰਾਜ ਵਿੱਚ ਰਿਪ-ਬਲਿਕਨ ਗਵਰਨਰ ਮੈਟ ਬੇਵਿਨ ਦੀ ਹਾਰ ਹੋਈ ਤੇ ਡੈਮੋਕ੍ਰੇਟ ਪਾਰਟੀ ਦੇ ਐਂਡੀ ਬੇਸ਼ਹਿਅਰ ਜਿੱਤ ਗਏ ਸਨ। ਲੁਸੀਆਨਾ ਵਿੱਚ ਟਰੰਪ ਦੀ ਧਿਰ ਦੀ ਲਗਾਤਾਰ ਦੂਸਰੀ ਹਾਰ ਹੋਈ ਹੈ।

## ਕੈਨੇਡਾ ਦੀ ਵਿਦੇਸ਼ ਨੀਤੀ ’ਤੇ ਰਹੇਗੀ ਫਰੀਲੈਂਡ ਦੀ ਛਾਪ : ਵਿਸ਼ਲੇਸ਼ਕ

...ਪੰਨਾ 1 ਦਾ ਬਾਕੀ

ਵੈਨੇਜ਼ੁਏਲਾ ਵਿੱਚ ਕੈਨੇਡਾ ਦੇ ਤਤਕਾਲੀ ਅੰਬੈਸਡਰ ਬੈੱਨ ਰੋਅਜ਼ਵੈੱਲ ਅਨੁਸਾਰ ਇੱਕ ਵਾਰੀ ਤਾਂ ਗਲੋਬਲ ਅਫੇਅਰਜ਼ ਕੈਨੇਡਾ ਵਿੱਚ ਵੈਨੇਜ਼ੁਏਲਾ ਦੀ ਅੰਤਰਿਮ ਸਮੱਸਿਆ ਬਾਰੇ ਇਹ ਹਾਲਾਤ ਪੈਦਾ ਹੋ ਗਏ ਸਨ ਕਿ ਕੀ ਇਸ ਲੈਟਿਨ ਅਮਰੀਕੀ ਗੁਆਂਢੀ ਨੂੰ ਉਸ ਦੇ ਹਾਲ ਉੱਤੇ ਹੀ ਰਹਿਣ ਦਿੱਤਾ ਜਾਵੇ ਜਾਂ ਕੈਨੇਡਾ ਮਦਦ ਲਈ ਅੱਗੇ ਆਵੇ? ਪਰ ਤਿੰਨ ਸਾਲ ਬਾਅਦ ਕੈਨੇਡਾ ਲੀਮਾ ਗਰੁੱਪ ਦਾ ਅਹਿਮ ਮੈਂਬਰ ਹੈ। ਲੀਮਾ ਗਰੁੱਪ ਅਜਿਹਾ ਗਰੁੱਪ ਹੈ ਜਿਸ ਵਿੱਚ ਅਮਰੀਕਾ ਨੂੰ ਛੱਡ ਕੇ ਦਰਜਨਾਂ ਨੌਰਥ ਅਮਰੀਕੀ ਮੁਲਕ ਸ਼ਾਮਲ ਹਨ। ਇਸ ਦੌਰਾਨ ਵੈਨੇਜ਼ੁਏਲਾ ਵਿੱਚ ਜਮਹੂਰੀਅਤ ਲਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤੇ ਉੱਥੋ ਦੇ ਰਫਿਊਜੀਆਂ ਨੂੰ ਸਾਂਭਣ ਲਈ ਵੀ ਕੈਨੇਡਾ ਅੱਗੇ ਆਇਆ।

ਕੈਨੇਡੀਅਨ ਇੰਟਰਨੈਸ਼ਨਲ ਕਾਊਂਸਲ ਦੇ ਪ੍ਰੈਜ਼ੀਡੈਂਟ ਰੋਜ਼ਵੈੱਲ ਨੇ ਆਖਿਆ ਕਿ ਵੈਨੇਜ਼ੁਏਲਾ ਨਾਲ ਸਬੰਧਤ ਖੇਤਰੀ ਤੇ ਕੌਮਾਂਤਰੀ ਗੱਲਬਾਤ ਦੇ ਐਨ ਵਿਚਕਾਰ ਕੈਨੇਡਾ ਦੇ ਹੋਣ ਦਾ ਕਾਰਨ ਫਰੀਲੈਂਡ ਵੱਲੋਂ ਨਿਜੀ ਤੌਰ ਉੱਤੇ ਕੀਤੀਆਂ ਗਈਆਂ ਪੇਸ਼ਕਦਮੀਆਂ ਹੀ ਹਨ। ਹਾਲਾਂਕਿ ਫਰੀਲੈਂਡ ਡਾਊਨਟਾਊਨ ਟੋਰਾਂਟੋ ਦੇ ਹਲਕੇ ਦੀ ਨੁਮਾਇੰਦਗੀ ਕਰਦੀ ਹੈ ਪਰ ਉਸ ਨੂੰ ਅਲਬਰਟਾ ਵਿਚਲੀਆਂ ਆਪਣੀਆਂ ਜੜ੍ਹਾਂ ਉੱਤੇ ਮਾਣ ਹੈ। ਉਨ੍ਹਾਂ ਦਾ ਜਨਮ ਪੀਸ ਰਿਵਰ ਵਿੱਚ ਹੋਇਆ ਸੀ।

## ਨੌਰਥ ਯੌਰਕ ਦੀ ਰਿਹਾਇਸ਼ੀ ਇਮਾਰਤ ਵਿੱਚ ਲੱਗੀ ਘਾਤਕ ਅੱਗ, 700 ਲੋਕਾਂ ਨੂੰ ਛੱਡਣੇ ਪਏ ਘਰ

...ਪੰਨਾ 1 ਦਾ ਬਾਕੀ

ਉਸ ਤੋਂ ਬਾਅਦ ਤੋਂ ਹੀ ਵਿਅਕਤੀ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ ਤੇ ਉਸ ਦੀ ਸਥਿਤੀ ਵਿੱਚ ਸੁਧਾਰ ਦੱਸਿਆ ਜਾ ਰਿਹਾ ਹੈ। ਇਸ ਘਟਨਾ ਤੋਂ ਕਈ ਘੰਟੇ ਬਾਅਦ ਟੋਰਾਂਟੋ ਦੇ ਡਿਪਟੀ ਫਾਇਰ ਚੀਫ ਟੋਨੀ ਬੋਵਾਟਾ ਨੇ ਆਖਿਆ ਕਿ ਰਾਤੀਂ 1:00 ਵਜੇ ਇਮਾਰਤ ਦੀ ਅੱਠਵੀਂ ਮੰਜ਼ਿਲ ਤੋਂ ਇੱਕ ਲਾਸ਼ ਵੀ ਮਿਲੀ। ਪੁਲਿਸ ਵੱਲੋਂ ਮ੍ਰਿਤਕ ਸਬੰਧੀ ਵੇਰਵੇ ਹਾਲ ਦੀ ਘੜੀ ਜਾਰੀ ਨਹੀਂ ਕੀਤੇ ਗਏ।

ਅਧਿਕਾਰੀਆਂ ਵੱਲੋਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਗਈ ਹੈ ਕਿ ਇਮਾਰਤ ਦੀਆਂ ਤਿੰਨ ਮੰਜ਼ਿਲਾਂ ਨੂੰ ਕਾਫੀ ਨੁਕਸਾਨ ਹੋਇਆ ਹੈ ਤੇ ਅੱਗ ਲੱਗਣ ਕਾਰਨ ਹਰੇਕ ਯੂਨਿਟ ਖਾਲੀ ਕਰਵਾ ਲਈ ਗਈ। ਇਸ ਇਮਾਰਤ ਵਿੱਚ ਮੁੜ ਰਹਿਣ ਲਈ ਲੋਕਾਂ ਦੇ ਆਉਣ ਤੋਂ ਪਹਿਲਾਂ ਇਸ ਇਮਾਰਤ ਦੀ ਕਈ ਪੱਖਾਂ ਤੋਂ ਜਾਂਚ ਕੀਤੇ ਜਾਣ ਦੀ ਲੋੜ ਹੈ। ਐਤਵਾਰ ਦੁਪਹਿਰ ਨੂੰ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਸਿਟੀ ਨੇ ਆਖਿਆ ਕਿ ਅੱਗੇ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਚੱਲ ਰਹੀ ਹੈ।

## ਮੋਦੀ ਵੱਲੋਂ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਕੀਤੀਆਂ ਸਿਫਾਰਸ਼ਾਂ ਹਾਲੇ ਤੱਕ ਲਾਗੂ ਨਹੀਂ ਹੋਈਆਂ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ)- ਇਸ ਗੱਲ ਬਾਰੇ ਬਹੁਤ ਲੋਕਾਂ ਨੂੰ ਪਤਾ ਨਹੀਂ ਹੋਣਾ ਕਿ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਵਕਤ ਅੱਜ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਇੱਕ ਕਮੇਟੀ ਬਣਾਈ ਗਈ ਸੀ, ਜਿਸ ਦੀਆਂ ਸਿਫਾਰਸ਼ਾਂ ਅੱਜ ਤੱਕ ਲਾਗੂ ਨਹੀਂ ਹੋਈਆਂ।

ਸਾਲ 2014 ਤੋਂ ਪਹਿਲਾਂ ਯੂ ਪੀ ਏ ਦੀ ਡਾਕਟਰ ਮਨਮੋਹਨ ਸਿੰਘ ਵਾਲੀ ਸਰਕਾਰ ਵੇਲੇ ਨਰਿੰਦਰ ਮੋਦੀ ਦੀ ਜਦੋਂ ਸਾਲ 2010 ਵਿੱਚ ਗੁਜਰਾਤ ਦੇ ਮੁੱਖ ਮੰਤਰੀ ਸਨ, ਓਦੋਂ ਐਡਵੋਕੇਟ ਫੈਰੀ ਸੋਫਤ ਨੇ ਪੰਜਾਬ ਹਰਿਆਣਾ ਹਾਈ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਅਤੇ ਸਾਲ 2010 ਵਿੱਚ ਦੇਸ਼ ਦੇ ਓਦੋਂ ਦੇ ਪ੍ਰਧਾਨ ਮੰਤਰੀ ਵੱਲੋਂ ਖਪਤਕਾਰ ਮਾਮਲਿਆਂ ਬਾਰੇ ਓਦੋਂ ਦੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਇੱਕ ਵਰਕਿੰਗ ਗਰੁੱਪ ਬਣਾਇਆ ਸੀ, ਜਿਸ ਨੇ 2011 ਵਿੱਚ ਆਪਣੀਆਂ ਸਿਫਾਰਸ਼ਾਂ ਵਿੱਚ ਕਿਹਾ ਸੀ ਕਿ ਕਿਸਾਨਾਂ ਨੂੰ ਸਾਰੀਆਂ ਫਸਲਾਂ ਵਾਸਤੇ ਘੱਟੋ ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦਿੱਤਾ ਜਾਵੇ, ਇਸ ਨਾਲ ਕਿਸਾਨਾਂ ਦੀ ਆਮਦਨ ਸੁਰੱਖਿਅਤ ਹੋ ਜਾਵੇਗੀ ਅਤੇ ਦੇਸ਼ ਦੀ ਅੰਨ ਸੁਰੱਖਿਆ ਵੀ ਇੱਕ ਤਰ੍ਹਾਂ ਤੈਅ ਹੋਵੇਗੀ। ਫੈਰੀ ਸੋਫਤ ਨੇ ਤਾਜ਼ਾ ਪਟੀਸ਼ਨ ਵਿੱਚ ਕਿਹਾ ਹੈ ਕਿ ਇਹ ਸਿਫਾਰਸ਼ਾਂ ਲਾਗੂ ਨਹੀਂ ਹੋਈਆਂ ਅਤੇ ਸਾਰੀਆਂ ਫਸਲਾਂ ਦਾ ਐੱਮ ਐੱਸ ਪੀ ਨਾ ਮਿਲਣ ਕਾਰਨ ਕਿਸਾਨ ਜਾਂ ਘੱਟ ਕੀਮਤ 'ਤੇ ਫਸਲ ਵੇਚਣ ਨੂੰ ਮਜਬੂਰ ਹਨ ਤੇ ਉਹ ਸੜਕਾਂ 'ਤੇ ਆਪਣੀ ਫਸਲ ਸੁੱਟ ਦਿੰਦੇ ਅਤੇ ਖੁਦਕੁਸ਼ੀਆਂ ਦਾ ਰਾਹ ਫੜਦੇ ਹਨ। ਇਹ ਸਿਫਾਰਸ਼ਾਂ ਲਾਗੂ ਕਰਾਉਣ ਲਈ ਹਾਈ ਕੋਰਟ ਵਿੱਚ ਦਾਇਰ ਕੀਤੀ ਗਈ ਜਨਹਿਤ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਇਹ ਕਮੇਟੀਆਂ ਬਣਾਉਣ ਦਾ ਫਾਇਦਾ ਤਦੇ ਹੈ, ਜੇ ਇਨ੍ਹਾਂ ਦੀਆਂ ਉੱਤੇ ਇੰਨ-ਬਿੰਨ ਅਮਲ ਹੋਵੇ। ਪਟੀਸ਼ਨ ਵਿੱਚ ਹਾਈ ਕੋਰਟ ਦਾ ਧਿਆਨ ਦਿਵਾਇਆ ਗਿਆ ਕਿ ਖੁਦ ਪ੍ਰਧਾਨ ਮੰਤਰੀ ਮੋਦੀ ਨੂੰ ਉਸ ਕਮੇਟੀ ਦੀਆਂ ਸਿਫਾਰਸ਼ਾਂ ਲਾਗੂ ਕਰਨ ਲਈ ਮੰਗ ਪੱਤਰ ਦਿੱਤਾ ਗਿਆ ਸੀ, ਪਰ ਅਜੇ ਤੱਕ ਕਾਰਵਾਈ ਨਹੀਂ ਹੋਈ, ਇਸ ਲਈ ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੇ ਲਈ ਢੁੱਕਵੀਂ ਹਦਾਇਤ ਕੀਤੀ ਜਾਵੇ। ਹਾਈ ਕੋਰਟ ਦੇ ਚੀਫ ਜਸਟਿਸ ਦੀ ਅਗਵਾਈ ਵਾਲੇ ਡਵੀਜ਼ਨ ਬੈਂਚ ਨੇ ਕੇਂਦਰੀ ਖੇਤੀ, ਸਹਿਕਾਰਤਾ ਅਤੇ ਕਿਸਾਨ ਭਲਾਈ ਸਕੱਤਰ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਬਾਰ ਸਕੱਤਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਪਟੀਸ਼ਨਰ ਰਾਮ ਕੁਮਾਰ ਵੱਲੋਂ ਦਿੱਤੇ ਮੰਗ ਪੱਤਰਾਂ 'ਤੇ ਅੱਠ ਹਫਤਿਆਂ ਵਿੱਚ ਫੈਸਲਾ ਲੈਣ।

## ਸਾਬਕਾ ਚੀਫ ਸੈਕਟਰੀ ਰਮੇਸ਼ਇੰਦਰ ਸਿੰਘ ਦਾ ਵੀ ਪਰਾਲੀ ਚਲਾਣ ਕੱਟਿਆ ਗਿਆ

ਸੰਗਰੂਰ, 17 ਨਵੰਬਰ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਅਪਰੇਸ਼ਨ ਬਲਿਊ ਸਟਾਰ ਦੇ ਦੌਰਾਨ ਇੱਕ ਮੈਜਿਸਟਰੇਟ ਵਜੋਂ ਡਿਊਟੀ ਨਿਭਾ ਚੁੱਕੇ ਅੰਮ੍ਰਿਤਸਰ ਦੇ ਸਾਬਕਾ ਡਿਪਟੀ ਕਮਿਸ਼ਨਰ ਅਤੇ ਜ਼ਿਲਾ ਸੰਗਰੂਰ ਦੇ ਅਮਰਗੜ੍ਹ ਦੇ ਵਸਨੀਕ ਰਮੇਸ਼ਇੰਦਰ ਸਿੰਘ ਦਾ ਪਰਾਲੀ ਨੂੰ ਅੱਗ ਲਾਉਣ ਦੇ ਦੋਸ਼ ਵਿੱਚ ਅਮਰਗੜ੍ਹ ਪ੍ਰਸ਼ਾਸਨ ਨੇ ਚਲਾਨ ਕੱਟ ਦਿੱਤਾ ਹੈ। ਰਮੇਸ਼ਇੰਦਰ ਸਿੰਘ ਪੰਜਾਬ ਚੀਫ ਸੈਕਟਰੀ ਰਹਿ ਚੁੱਕੇ ਹਨ।

ਪਤਾ ਲੱਗਾ ਹੈ ਕਿ ਸਾਬਕਾ ਚੀਫ ਸੈਕਟਰੀ ਰਮੇਸ਼ਇੰਦਰ ਸਿੰਘ ਦੇ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਾਉਣ ਦੀ ਘਟਨਾ ਦੀ ਸੂਚਨਾ ਜਦੋਂ ਨਾਇਬ ਤਹਿਸੀਲਦਾਰ ਅਮਰਗੜ੍ਹ ਜਗਦੀਪ ਇੰਦਰ ਸਿੰਘ ਸੋਢੀ ਦੇ ਦਫਤਰ ਪਹੁੰਚੀ ਤਾਂ ਉਹ ਕਾਨੂੰਨਗੋ ਅਕਬਰ ਖਾਨ ਅਤੇ ਥਾਣੇਦਾਰ ਪਰਮਜੀਤ ਸਿੰਘ ਨੂੰ ਨਾਲ ਲੈ ਕੇ ਉਨ੍ਹਾਂ ਖੇਤਾਂ ਵਿੱਚ ਪਹੁੰਚੇ, ਪਰ ਅੱਗ ਲਾਉਣ ਵਾਲਾ ਫਰਾਰ ਹੋ ਗਿਆ। ਜਦੋਂ ਇਸ ਖੇਤ ਦੇ ਮਾਲਕ ਬਾਰੇ ਸਰਕਾਰੀ ਰਿਕਾਰਡ ਤੋਂ ਪੜਤਾਲ ਕੀਤੀ ਗਈ ਤਾਂ ਇਹ ਖੇਤ ਪੰਜਾਬ ਵਿੱਚ ਲੰਮਾ ਸਮਾਂ ਰਾਜ ਕਰਦੀ ਰਹੀ ਅਕਾਲੀ-ਭਾਜਪਾ ਸਰਕਾਰ ਵੇਲੇ ਚੀਫ ਸੈਕਟਰੀ ਰਹਿ ਚੁੱਕੇ ਰਮੇਸ਼ਇੰਦਰ ਸਿੰਘ ਦਾ ਹੋਣ ਬਾਰੇ ਪਤਾ ਲੱਗਾ। ਨਾਇਬ ਤਹਿਸੀਲਦਾਰ ਨੂੰ ਦੱਸਿਆ ਗਿਆ ਕਿ ਇਸ ਜ਼ਮੀਨ ਉਤੇ ਬਚਿੱਤਰ ਸਿੰਘ ਖੇਤਰੀ ਕਰਦਾ ਹੈ, ਪਰ ਕਾਨੂੰਨ ਮੁਤਾਬਕ ਪਰਾਲੀ ਸਾੜਨ ਲਈ ਚਕੌਤੇਦਾਰ ਦੇ ਨਾਲ ਜ਼ਮੀਨ ਦਾ ਮਾਲਕ ਵੀ ਸਿੱਧੇ ਤੌਰ ਉੱਤੇ ਜ਼ਿੰਮੇਵਾਰ ਹੁੰਦਾ ਹੈ। ਨਾਇਬ ਤਹਿਸੀਲਦਾਰ ਨੇ ਕਿਹਾ ਕਿ ਇਸ ਖੇਤ ਦਾ ਚਲਾਣ ਕਰਨ ਦੀ ਕਾਰਵਾਈ ਦੀ ਸਮੁੱਚੀ ਸੂਚਨਾ ਐਸ ਡੀ ਐਮ ਮਾਲੇਰਕੋਟਲਾ ਤੋਂ ਇਲਾਵਾ ਜ਼ਿਲੇ ਦੇ ਉਚ ਅਧਿਕਾਰੀਆਂ ਨੂੰ ਭੇਜ ਦਿੱਤੀ ਗਈ ਹੈ।

## ਫ਼ਰੀਦਕੋਟ ਨੂੰ ਦੀਨ ਦਿਆਲ ਉਪਾਧਿਆਏ ਪੰਚਾਇਤ ਸ਼ਸ਼ਕਤੀਕਰਨ ਪੁਰਸਕਾਰ ਮਿਲਣਾ ਮਾਣ ਵਾਲੀ ਗੱਲ : ਕੁਸ਼ਲਦੀਪ ਢਿੱਲੋਂ



ਫ਼ਰੀਦਕੋਟ, 17 ਨਵੰਬਰ (ਗਿਆਨ ਸਿੰਘ): ਜ਼ਿਲ੍ਹਾ ਪਰੀਸ਼ਦ ਫ਼ਰੀਦਕੋਟ ਨੂੰ ਦੀਨ ਦਿਆਲ ਉਪਾਧਿਆਏ ਪੰਚਾਇਤ ਸ਼ਸ਼ਕਤੀਕਰਨ ਪੁਰਸਕਾਰ 2019 ਲਈ ਪੰਜਾਬ ਵਿਚੋਂ ਵਧੀਆ ਕਾਰਗੁਜ਼ਾਰੀ ਕਰਕੇ ਪਹਿਲੇ ਸਥਾਨ ਤੇ ਆਉਣ ਕਰਕੇ ਮਿਲੀ 50 ਲੱਖ ਰੁਪਏ ਦੀ ਇਨਾਮੀ ਰਾਸ਼ੀ ਸਬੰਧੀ ਮੁੱਖ ਮੰਤਰੀ ਪੰਜਾਬ ਦੇ ਸਿਆਸੀ ਸਲਾਹਕਾਰ ਕੁਸ਼ਲਦੀਪ ਸਿੰਘ ਢਿੱਲੋਂ ਨੇ ਮੁਬਾਰਕਬਾਦ ਦਿੱਤੀ ਹੈ। ਢਿੱਲੋਂ ਨੇ ਇਹ ਖੁਸ਼ੀ ਜ਼ਿਲ੍ਹਾ ਪਰੀਸਦ ਦੇ ਅਧਿਕਾਰੀਆਂ,ਸਟਾਫ਼ ਅਤੇ ਨਵੇਂ ਚੁਣੇ ਗਏ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਨਾਲ ਹੋਈ ਪ੍ਰਭਾਵਸ਼ਾਲੀ ਮੀਟਿੰਗ ਮੌਕੇ ਸਾਂਝੀ ਕੀਤੀ।

ਉਨ੍ਹਾਂ ਦੱਸਿਆ ਕਿ ਇਹ ਪੁਰਸਕਾਰ ਸਾਲ 2017-18 ਲਈ ਫ਼ਰੀਦਕੋਟ ਪੰਚਾਇਤ (ਜਨਰਲ) ਨੂੰ ਸੂਬੇ ’ਚ ਮਗਨਰੇਗਾ ਤਹਿਤ ਕਰਵਾਏ ਗਏ ਕੰਮਾਂ ’ਚ ਪਹਿਲਾ ਸਥਾਨ ਪ੍ਰਾਪਤ ਕਰਨ ਤੇ ਉਨ੍ਹਾਂ ਚੇਅਰਮੈਨ ਜ਼ਿਲ੍ਹਾ ਪਰੀਸ਼ਦ ਮੈਡਮ ਕਿਰਨਦੀਪ ਕੌਰ ਅਤੇ ਵਾਈਸ ਚੇਅਰਮੈਨ ਦਰਸ਼ਨ ਸਿੰਘ ਸਹੋਤਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਹਲਕੇ ਦੇ ਮਗਨਰੇਗਾ ਅਧੀਨ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਲਈ ਹੋਰ ਤਕੜੇ ਹੋ ਕੇ ਕੰਮ ਕਰਨ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਫ਼ਰੀਦਕੋਟ ਨੂੰ ਮਗਨਰੇਗਾ ਅਧੀਨ ਕਰਵਾਏ ਜਾਂਦੇ ਕੰਮਾਂ ਲਈ ਭਾਰਤ ਵਿਚ ਪਹਿਲਾ ਸਥਾਨ ਹਾਸਲ ਹੋਵੇ। ਇਸ ਲਈ ਸਾਡੀ ਟੀਚੇ ਦੀ ਪ੍ਰਾਪਤੀ ਲਈ ਸਾਡੀ ਹੋਰ ਵੀ ਜ਼ਿੰਮੇਵਾਰੀ ਵੱਧ ਜਾਂਦੀ ਹੈ ਇਸ ਲਈ ਜ਼ਿਲ੍ਹੇ ਦੇ ਵਿਕਾਸ ਦੇ ਕੰਮ ਕਰਵਾ ਕੇ ਲੋਕਾਂ ਦੀਆਂ ਉਮੀਦਾਂ ਨੂੰ ਬਰਕਰਾਰ ਰੱਖਿਆ ਜਾਵੇ।

ਕੁਸ਼ਲਦੀਪ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਦਿੱਤੇ ਗਏ ਅਵਾਰਡ ਸਬੰਧੀ ਗੱਲ ਕਰਦਿਆਂ ਦੱਸਿਆ ਕਿ ਜ਼ਿਲ੍ਹਾ ਪਰੀਸ਼ਦ ਦੀਆਂ ਪੰਜ ਸਥਾਈ ਕਮੇਟੀਆਂ ਬਣੀਆਂ ਹਨ। ਜਿਸ ਵਿਚ ਹਰੇਕ ਕਮੇਟੀ ਦੇ ਪੰਜ ਮੈਂਬਰ ਹਨ, ਜਿੰਨ੍ਹਾਂ ਵੱਲੋਂ ਪਿੰਡਾਂ ’ਚ ਕੀਤੇ ਜਾਣ ਵਾਲੇ ਵਿਕਾਸ ਕੰਮਾਂ ਦਾ ਸੁਝਾਅ ਦਿੱਤਾ ਗਿਆ। ਜਿਸ ਤੇ ਅਮਲ ਕਰਦਿਆਂ ਵਿਕਾਸ ਦੇ ਕੰਮ ਕਰਵਾਏ ਗਏ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪਰੀਸ਼ਦ ਵੱਲੋਂ ਵਧੀਆ ਢੰਗ ਨਾਲ ਰਿਕਾਰਡ ਮੇਨਟੇਨ ਕੀਤਾ ਗਿਆ ਸੀ। ਜਿਸ ਦਾ ਪਹਿਲਾਂ ਰਾਜ ਸਰਕਾਰ ਵੱਲੋਂ ਛਾਣਬੀਣ ਕੀਤੀ ਗਈ। ਇਸ ਉਪਰੰਤ ਪੇਂਡੂ ਵਿਕਾਸ ਤੇ ਪੰਚਾਇਤ ਮੰਤਰਾਲਿਆ ਭਾਰਤ ਸਰਕਾਰ ਦੀ ਟੀਮ ਵੱਲੋਂ ਦੌਰਾ ਕਰਕੇ ਚੈਕਿੰਗ ਕੀਤੀ ਗਈ ਅਤੇ ਵਧੀਆ ਕੰਮ ਲਈ ਤਾਰੀਫ਼ ਕੀਤੀ। ਸਾਰੇ ਕੀਤੇ ਗਏ ਕੰਮਾਂ ਦੀ ਪੜਤਾਲ ਤੋਂ ਬਾਅਦ ਇਹ ਇਨਾਮ ਹਾਸਲ ਹੋਇਆ ਹੈ ਜੋ ਕਿ ਜ਼ਿਲ੍ਹੇ ਲਈ ਬੜੀ ਮਾਣ ਵਾਲੀ ਗੱਲ ਹੈ।

ਇਸ ਮੌਕੇ ਜ਼ਿਲ੍ਹਾ ਪਰੀਸ਼ਦ ਦੀ ਚੇਅਰਪਰਸਨ ਸ਼੍ਰੀਮਤੀ ਕਿਰਨਦੀਪ ਕੌਰ ਨੇ ਦੱਸਿਆ ਕਿ ਫ਼ਰੀਦਕੋਟ ਜ਼ਿਲ੍ਹੇ ’ਚ ਕਰਵਾਏ ਗਏ ਮਗਨਰੇਗਾ ਅਧੀਨ ਵਿਕਾਸ ਦੇ ਕੰਮ ਜਿੰਨ੍ਹਾਂ ਵਿਚ ਨਵੇਂ ਪਾਰਕਾਂ ਦਾ ਨਿਰਮਾਣ, ਛੱਪੜਾਂ ਦੀ ਸਫ਼ਾਈ, ਛੱਪੜਾਂ ਦੀ ਪਾਣੀ ਦੀ ਨਿਕਾਸੀ ਲਈ ਜਮੀਨਦੋਜ਼ ਪਾਈਪਾਂ ਪੁਆਉਣਾ, ਸਕੂਲਾਂ ਦੀ ਚਾਰਦੀਵਾਰੀ, ਸ਼ਮਸ਼ਾਨ ਘਾਟਾਂ ਦੀ ਚਾਰਦੀਵਾਰੀ, ਨਹਿਰਾਂ ਦੀ ਸਫ਼ਾਈ, ਪੀਣ ਵਾਲਾ ਪਾਣੀ, ਪੇਂਡੂ ਖੇਤਰਾਂ ’ਚ ਸਿਹਤ ਸੇਵਾਵਾਂ, ਖਾਲਿਆਂ ਦੀ ਸਫ਼ਾਈ ਆਦਿ ਦੇ ਕੰਮ ਪਹਿਲ ਦੇ ਅਧਾਰ ਤੇ ਕਰਵਾਏ ਗਏ। ਜਿਸ ਸਦਕਾ ਉਨ੍ਹਾਂ ਨੂੰ ਮਿਤੀ 23 ਅਕਤੂਬਰ 2019 ਨੂੰ ਦਿੱਲੀ ਵਿਖੇ ਪੇਂਡੂ ਵਿਕਾਸ ਤੇ ਪੰਚਾਇਤਾਂ ਬਾਰੇ ਭਾਰਤ ਸਰਕਾਰ ਦੇ ਮੰਤਰੀ ਨਰਿੰਦਰ ਸਿੰਘ ਤੋਮਰ ਵੱਲੋਂ ਇਨਾਮੀ ਰਾਸ਼ੀ ਅਤੇ ਸਮ੍ਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9
EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਜਸਵੰਤ ਸਿੰਘ ਕੰਵਲ ਦਾ ਅਜੋਕਾ ਹਾਲ ਚਾਲ

-ਪ੍ਰਿੰ.ਸਰਵਣ ਸਿੰਘ-

ਜਸਵੰਤ ਸਿੰਘ ਕੰਵਲ ਦੀਆਂ ਦੋਵੇਂ ਤਸਵੀਰਾਂ 28 ਜਨਵਰੀ ਤੇ 8 ਨਵੰਬਰ 2019 ਦੀਆਂ ਹਨ। ਦਸਾਂ ਮਹੀਨਿਆਂ ਵਿਚ ਉਹਦੀ ਸਿਹਤ ਕਾਫੀ ਮਾਂਦੀ ਪੈ ਗਈ ਹੈ। ਵਜ਼ਨ ਘਟ ਗਿਆ ਹੈ। ਸੁਣਨਾ ਤੇ ਬੋਲਣਾ ਲਗਭਗ ਬੰਦ ਹੈ। ਹਾਲਤ ਗੂੰਗੇ ਬੋਲੇ ਹੋ ਜਾਣ ਵਰਗੀ ਹੈ ਪਰ ਸੁਰਤ ਕੁਝ ਕਾਇਮ ਹੈ। ਅੱਖਰ ਪੜ੍ਹ ਲੈਂਦਾ ਹੈ। ਲਗਭਗ ਚਾਰ ਪੰਜ ਮਹੀਨਿਆਂ ਤੋਂ ਆਪ ਮੰਗ ਕੇ ਕੁਝ ਨਹੀਂ ਖਾਂਦਾ ਪੀਂਦਾ। ਉਸ ਦਾ ਸਪੁੱਤਰ ਸਰਬਜੀਤ ਸਿੰਘ, ਨੂੰਹ ਗੁਰਪ੍ਰੀਤ ਕੌਰ ਤੇ ਘਰ ਦੇ ਹੋਰ ਜੀਅ ਹਰ ਵੇਲੇ ਉਹਦੀ ਸੇਵਾ ਸੰਭਾਲ ਵਿਚ ਲੱਗੇ ਹੋਏ ਹਨ। ਏਨੀ ਚੰਗੀ ਸਾਂਭ ਸੰਭਾਲ ਕਿਸੇ ਕਰਮਾਂ ਵਾਲੇ ਬਜ਼ੁਰਗ ਦੀ ਹੀ ਹੁੰਦੀ ਹੈ। 27 ਜੂਨ 2019 ਨੂੰ ਜਦੋਂ ਕੰਵਲ ਸੌ ਸਾਲਾਂ ਦਾ ਹੋਇਆ ਸੀ ਤਾਂ ਪੰਜਾਬ ਸਰਕਾਰ ਨੇ ਇਲਾਜ ਲਈ ਪੰਜ ਲੱਖ ਰੁਪਏ ਦਾ ਚੈੱਕ ਭੇਜਿਆ ਸੀ ਜੋ ਪਰਿਵਾਰ ਨੇ ਧੰਨਵਾਦ ਕਰਦਿਆਂ ਇਹ ਕਹਿ ਕੇ ਮੋੜ ਦਿੱਤਾ ਸੀ ਕਿ ਉਨ੍ਹਾਂ ਦੇ ਬਾਪੂ ਜੀ ਬਿਮਾਰ ਨਹੀਂ, ਬੁਢਾਪੇ ਕਾਰਨ ਕਮਜ਼ੋਰ ਹੋ ਰਹੇ ਹਨ ਅਤੇ ਅਸੀਂ ਸੇਵਾ ਸੰਭਾਲ ਕਰਨ ਦੇ ਯੋਗ ਹਾਂ। ਇਹ ਪੈਸੇ ਕਿਸੇ ਲੋੜਵੰਦ ਪੰਜਾਬੀ ਲੇਖਕ ਨੂੰ ਦੇ ਦਿੱਤੇ ਜਾਣ ਜਾਂ ਪੰਜਾਬੀ ਭਾਸ਼ਾ ਦੇ ਲੇਖੇ ਲਾ ਦਿੱਤੇ ਜਾਣ। ਸਾਨੂੰ ਬਾਪੂ ਜੀ ਨੇ ਪਾ-ਲਿਆ ਹੈ ਤੇ ਬੁਢਾਪੇ 'ਚ ਉਨ੍ਹਾਂ ਦੀ ਸੇਵਾ ਕਰਨੀ ਸਾਡਾ ਫਰਜ਼ ਹੈ।

8 ਨਵੰਬਰ 2019 ਨੂੰ ਕੈਨੇਡਾ ਤੋਂ ਪਿੰਡ ਪਹੁੰਚਣ ਸਾਰ ਮੈਂ ਸਿੱਧਾ ਕੰਵਲ ਕੋਲ ਗਿਆ। ਸਰਬਜੀਤ ਨੇ ਬਾਪ ਨੂੰ ਨੁਹਾ ਧੁਆ ਕੇ ਨਵੇਂ ਕਪੜੇ ਪਾ ਕੇ ਤੇ ਪੱਗ ਬੰਨ੍ਹ ਕੇ ਬਿਸਤਰੇ 'ਤੇ ਪਾਇਆ ਹੋਇਆ ਸੀ। ਉਸ ਦੀਆਂ ਅੱਖਾਂ ਅਧਮੀਟੀਆਂ ਸਨ। ਅੱਖਾਂ ਪੁੱਟੀਆਂ ਤਾਂ ਉਸ ਨੇ ਟਿਕਟਿਕੀ ਲਗਾ ਕੇ ਮੇਰੇ ਵੱਲ ਵੇਖਿਆ। ਮੈਂ ਤਪਾਕ ਨਾਲ ਹੱਥ ਫੜੇ ਅਤੇ ਸਰਬਜੀਤ ਨੇ ਸਹਾਰੇ ਨਾਲ ਕੁਰਸੀ 'ਤੇ ਬਿਠਾਇਆ। ਫਿਰ ਮੈਂ ਆਪਣੀ ਕਿਤਾਬ ਉਹਦੀਆਂ ਅੱਖਾਂ ਅੱਗੇ ਕੀਤੀ ਤਾਂ ਕਿ ਮੇਰਾ ਨਾਂ ਪੜ੍ਹ ਕੇ ਮੈਨੂੰ ਪਛਾਣ ਲਵੇ। ਉਸ ਨੇ ਮੈਨੂੰ ਸਿਆਣ ਤਾਂ ਲਿਆ ਪਰ ਬੋਲ ਨਹੀਂ ਸਕਿਆ। ਅੱਖਾਂ ਵਿਚ ਕੁਝ ਖ਼ੁਸ਼ੀ ਦਿਸੀ ਤੇ ਰਤਾ ਕੁ ਤਰਾਵਟ ਵੀ। ਬੀਬੀ ਗੁਰਪ੍ਰੀਤ ਕੌਰ ਚਾਹ ਲੈ ਕੇ ਆਈ ਤਾਂ ਕੰਵਲ ਨੇ ਵੀ ਚਾਹ ਮੰਗ ਲਈ। ਉਹ ਹੈਰਾਨ ਹੋਈ ਕਿ ਬਾਪੂ ਜੀ ਨੇ ਚਾਰ ਪੰਜ ਮਹੀਨਿਆਂ ਬਾਅਦ ਪਹਿਲੀ ਵਾਰ ਚਾਹ ਮੰਗੀ ਹੈ! ਮੇਰੇ ਨਾਲ ਉਸ ਨੇ ਚਾਹ ਦਾ ਅੱਧਾ ਕੁ ਕੱਪ ਪੀ ਵੀ ਲਿਆ। ਪੰਜ ਮਹੀਨਿਆਂ ਤੋਂ ਉਹ ਬਾਹਰਲੀ ਕੋਠੀ ਵਿਚ ਹੀ ਹੈ ਅਤੇ ਅੰਦਰਲੇ ਘਰ ਵੀਲ੍ਹ ਚੇਅਰ ਉਤੇ ਇਕ ਵਾਰ ਹੀ ਜਾ ਸਕਿਆ ਹੈ। ਖ਼ੈਰ ਸੁੱਖ ਪੁੱਛਣ ਵਾਲੇ ਬਾਹਰਲੀ ਕੋਠੀ ਆ ਕੇ ਹੀ ਮਿਲਦੇ ਹਨ ਜਿਥੇ ਘਰ ਦਾ ਕੋਈ ਨਾ ਕੋਈ ਜੀਅ ਹਾਜ਼ਰ ਹੁੰਦਾ ਹੀ ਹੈ।



28 ਜਨਵਰੀ 2019 ਨੂੰ ਜਸਵੰਤ ਸਿੰਘ ਕੰਵਲ, ਸਰਵਣ ਸਿੰਘ ਨਾਲ ਢੁੱਡੀਕੇ ਦੇ ਖੇਡ ਮੇਲੇ ਵਿਚ ਝੰਡੀ ਕਰਦਾ ਹੋਇਆ

ਕੰਵਲ ਨੇ ਅੱਸੀ ਸਾਲਾਂ ਤੋਂ ਲਿਖਦੇ ਰਹਿਣ ਤੇ ਸੌ ਸਾਲਾਂ ਤੋਂ ਵੱਧ ਜੀਂਦੇ ਰਹਿਣ ਦਾ ਰਿਕਾਰਡ ਰੱਖ ਦਿੱਤੈ। ਉਹਦੇ ਰੁਮਾਂਚਿਕ ਰਉਂ 'ਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਵਾਰ ਕਰਦੇ ਰਹੇ। ਉਸ ਨੇ ਹਜ਼ਾਰਾਂ ਸੰਵਾਦ ਰਚੇ ਜੋ ਨੌਜੁਆਨਾਂ ਦੀਆਂ ਡਾਇਰੀਆਂ ਉਤੇ ਚੜ੍ਹਦੇ ਰਹੇ। ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਮੇਰੇ ਵੱਲੋਂ ਉਹਦੇ ਸ਼ਤਾਬਦੀ ਜਨਮ ਦਿਵਸ ਉਤੇ ਤੁੱਛ ਜਿਹੀ ਭੇਟਾ ਸੀ ਜਿਸ ਦੀ ਪਹਿਲੀ ਐਡੀਸ਼ਨ ਚਹੁੰ ਮਹੀਨਿਆਂ 'ਚ ਮੁੱਕ ਚੁੱਕੀ ਹੈ।

ਪੁਸਤਕ 'ਜੀਵਨ ਕਣੀਆਂ' ਤੋਂ 'ਧੁਰ ਦਰਗਾਹ' ਤਕ ਪੁੱਜਦਿਆਂ ਕੰਵਲ ਨੇ ਜੀਵਨ ਦੇ ਅਨੇਕਾਂ ਰੰਗ ਵੇਖੇ ਤੇ ਪਾਠਕਾਂ ਨੂੰ ਵਿਖਾਏ। ਚੜ੍ਹਦੀ ਜਵਾਨੀ ਵਿਚ ਉਹ ਕਬੱਡੀ ਤੇ ਵਾਲੀਬਾਲ ਖੇਡਦਾ, ਹੀਰ ਗਾਉਂਦਾ, ਕਵਿਤਾ ਲਿਖਦਾ, ਸਾਧਾਂ ਸੰਤਾਂ ਤੇ ਵੈਲੀਆਂ ਬਦਮਾਸ਼ਾਂ ਦੀ ਸੰਗਤ ਕਰਦਾ, ਵੇਦਾਂਤ ਤੇ ਮਾਰਕਸਵਾਦ ਪੜ੍ਹਦਾ, ਸੱਜੇ ਖੱਬੇ ਕਾਮਰੇਡਾਂ ਤੇ ਨਕਸਲੀਆਂ ਦਾ ਹਮਦਰਦ ਬਣਦਾ, ਪ੍ਰੋ. ਕਿਸ਼ਨ ਸਿੰਘ ਦੇ ਮਾਰਕਸਵਾਦ ਤੋਂ ਸਿੱਖ ਇਨ-ਕਲਾਬ ਵੱਲ ਮੋੜਾ ਪਾਉਂਦਾ, ਸਿੱਖ ਹੋਮਲੈਂਡ ਦਾ ਸਮੱਰਥਨ ਕਰਦਾ, ਖਾੜਕੂਆਂ ਦਾ ਹਮਦਰਦ ਬਣ ਗਿਆ। ਸਿਆਸੀ ਨੇਤਾਵਾਂ ਨੂੰ ਖੁੱਲ੍ਹੀਆਂ ਚਿੱਠੀਆਂ ਲਿਖਦਾ ਪੰਥ ਪੰਥ ਤੇ ਪੰਜਾਬ ਪੰਜਾਬ ਕੂਕਣ ਲੱਗ ਪਿਆ। ਅਖ਼ੀਰ ਉਹ 'ਪੰਜਾਬ ਤੇਰਾ ਕੀ ਬਣੂੰ?' ਦੇ ਝੋਰੇ ਝੁਰਨ ਲੱਗ ਪਿਐ।

ਮਾਰਚ 2019 ਵਿਚ ਕੈਨੇਡਾ ਮੁੜਨ ਵੇਲੇ ਮੈਂ ਉਸ ਨੂੰ ਜਾਂਦੀ ਵਾਰ ਮਿਲਣ ਗਿਆ ਤਾਂ ਉਹ ਇਹੋ ਸ਼ਿਅਰ ਦੁਹਰਾਈ ਗਿਆ ਸੀ:

ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ,
ਤੁਮ ਜੋ ਆਏ ਤੋ ਮੰਜ਼ਲੇਂ ਲਾਏਂ...

ਰਾਤ ਮੈਂ ਉਹਦੇ ਕੋਲ ਰਿਹਾ। ਸਵੇਰੇ ਉਹਦੀ ਹੱਥ ਲਿਖਤ ਦੀ ਨਿਸ਼ਾਨੀ ਵਜੋਂ ਇਕ ਕਾਗਜ਼ ਮੇਜ਼ ਤੋਂ ਚੁੱਕ ਲਿਆ ਜੋ ਉਸ ਨੇ ਤਾਜ਼ਾ ਹੀ ਲਿਖਿਆ ਸੀ। ਮੈਂ ਤਹਿ ਕਰ ਕੇ ਬਟੂਏ 'ਚ ਪਾ ਲਿਆ। ਉਸ ਉਤੇ ਲਿਖੀ ਪਹਿਲੀ ਸਤਰ ਸੀ: ਕਾਲੀ ਗਾਨੀ ਮਿੱਤਰਾਂ ਦੀ, ਗਲ ਪਾ ਕੇ ਲੱਖਾਂ ਦੀ ਹੋ ਜਾਹ। ਦੂਜੀ ਸਤਰ ਸੀ: ਛੋਟੀਆਂ ਲੜਾਈਆਂ ਬੰਦ। ਚੜ੍ਹਦੀ ਕਲਾ ਬੁਲੰਦ! ਤੇ ਤੀਜੀ ਸਤਰ ਸੀ: ਸ਼ਕਤੀ ਬੰਦੇ ਨੂੰ ਲਲਕਾਰਦੀ ਹੈ; ਤੇਰੀ ਆਈ ਮੈਂ ਮਰ ਜਾਂ, ਤੇਰਾ ਵਾਲ ਵਿੰਗਾ ਨਾ ਹੋਵੇ। ਕਾਗਜ਼ ਦੇ ਦੋਹੀਂ ਪਾਸੀਂ ਵੀਹ ਕੁ ਸਤਰਾਂ ਸਨ ਜਿਨ੍ਹਾਂ ਦਾ ਇਕ ਦੂਜੀ ਨਾਲ ਕੋਈ ਤਾਲ ਮੇਲ ਨਹੀਂ ਸੀ।



8 ਨਵੰਬਰ 2019 ਨੂੰ ਕੰਵਲ, ਆਪਣੇ ਅੱਧੀ ਸਦੀ ਦੇ ਸਾਥੀ ਸਰਵਣ ਸਿੰਘ ਨੂੰ ਉਹਦੀ ਕਿਤਾਬ ਤੋਂ ਨਾਂ ਪੜ੍ਹ ਕੇ ਪਛਾਣ ਰਿਹਾ...

ਉਸ ਨੂੰ ਲਿਖਣ ਦੀ ਪ੍ਰੇਰਨਾ ਗੁਰਬਾਣੀ, ਵਾਰਸ ਦੀ ਹੀਰ, ਸੂਫੀ ਕਵਿਤਾ ਤੇ ਲੋਕ ਗੀਤਾਂ ਤੋਂ ਮਿਲੀ ਸੀ। ਪ੍ਰੋ. ਪੂਰਨ ਸਿੰਘ, ਵਿਕਟਰ ਹਿਊਗੋ, ਚਾਰਲਸ ਡਿਕਨਜ਼, ਬਾਲਜ਼ਾਕ ਤੇ ਟਾਲਸਟਾਏ ਆਦ ਲੇਖਕਾਂ ਤੋਂ ਪ੍ਰਭਾਵਿਤ ਹੋਇਆ। ਉਹ ਭਾਵੇਂ ਦਸਵੀਂ 'ਚ ਅੜ ਗਿਆ ਸੀ ਪਰ ਲਿਖਣ 'ਚ ਏਨਾ ਅੱਗੇ ਵਧਿਆ ਕਿ ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਡੀ. ਲਿੱਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪੰਜਾਬ ਸਰਕਾਰ ਨੇ ਸਾਹਿਤ ਰਤਨ ਦਾ ਖ਼ਿਤਾਬ ਦਿੱਤਾ। ਪੰਜਾਬੀ ਸਾਹਿਤ ਅਕਾਡਮੀ ਤੇ ਭਾਰਤੀ ਸਾਹਿਤ ਅਕਾਡਮੀ ਨੇ ਵੀ ਆਪੋ ਆਪਣੇ ਅਵਾਰਡ ਦਿੱਤੇ। ਉਸ ਨੂੰ ਸਰਵਸ੍ਰੇਸ਼ਟ ਪੁਰਸਕਾਰ ਨਾਲ ਵਡਿਆਇਆ ਗਿਆ। ਸੈਮਸੰਗ ਕੰਪਨੀ ਨੇ ਸਾਹਿਤ ਅਕਾਡਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਦਿੱਤਾ।

ਉਸ ਨੇ ਢੁੱਡੀਕੇ ਦੀ ਸਰਪੰਚੀ ਤੋਂ ਲੈ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਕੀਤੀ। ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਰਿਹਾ। ਇੰਗਲੈਂਡ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਦਾ ਮੋਹਰੀ ਸੀ। ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿਚ ਲਿਖਣ ਅਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਤ ਹੋਣ ਤੋਂ ਬਚਾਇਆ। ਭਾਸ਼ਾ ਵਿਭਾਗ ਪੰਜਾਬ ਦੇ ਬੋਰਡ ਦਾ ਸਲਾਹਕਾਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਸਾਹਿਤ ਟ੍ਰੱਸਟ ਢੁੱਡੀਕੇ ਤਾਂ ਹੈ ਹੀ ਉਹਦਾ, ਜਿਸ ਨੇ ਸੌ ਕੁ ਲੇਖਕਾਂ ਨੂੰ ਅਵਾਰਡ ਦਿੱਤੇ ਹਨ। ਉਹ ਹੋਰ ਵੀ ਬਹੁਤ ਕੁਝ ਹੈ ਜਿਸ ਦਾ ਵਿਸਥਾਰ ਪੀਪਲਜ਼ ਫ਼ੋਰਮ ਬਰਗਾੜੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਵਿਚੋਂ ਪੜ੍ਹਿਆ ਜਾ ਸਕਦੈ।

# ਬਾਬਰੀ ਮਸਜਿਦ ਫੈਸਲਾ ਤੇ ਭਵਿੱਖ ਦੀ ਤਸਵੀਰ

-ਬੂਟਾ ਸਿੰਘ-



ਨੌਂ ਨਵੰਬਰ ਨੂੰ ਬਾਬਰੀ ਮਸਜਿਦ ਵਾਲੀ ਜਗ੍ਹਾ ਦੇ ਮਾਲਕੀ ਹੱਕ ਦੇ ਕੇਸ ਵਿੱਚ ਸੁਪਰੀਮ ਕੋਰਟ ਦਾ ਫੈਸਲਾ ਇੱਕ ਤਰ੍ਹਾਂ ਹਿੰਦੁਤਵੀ ਤਾਕਤਾਂ ਲਈ ਵਰਦਾਨ ਵਾਂਗ ਹੈ। ਇਸ ਰਾਜ ਹੇਠ ਅਜਿਹੇ 'ਸਿਆਸੀ' ਫੈਸਲੇ ਦੀ ਹੀ ਆਸ ਸੀ। ਸਵਾਲ ਹੈ; ਜੇ ਤੱਥਾਂ ਨੂੰ ਮੁੱਖ ਰੱਖ ਕੇ ਨਿਆਂ ਕੀਤਾ ਜਾਂਦਾ ਤਾਂ ਇਹ ਤਾਕਤਾਂ ਅਦਾਲਤੀ ਫੈਸਲੇ ਨੂੰ ਇਸ ਤਰ੍ਹਾਂ ਸਵੀਕਾਰ ਕਰ ਲੈਂਦੀਆਂ? ਜਾਪਦਾ ਹੈ, ਇਹ ਜਗ੍ਹਾ ਮੰਦਰ ਬਣਾਉਣ ਲਈ ਹਿੰਦੂ ਧਿਰ ਨੂੰ ਦੇ ਕੇ ਹਮੇਸ਼ਾ ਲਈ ਫਸਤਾ ਵੱਢ ਦੇਣ ਵਾਲਾ ਅਦਾਲਤੀ 'ਹੱਲ' ਕੱਢਿਆ ਗਿਆ ਹੈ। ਹਿੰਦੂਤਵ ਦੇ ਆਗੂ ਸੁਪਰੀਮ ਕੋਰਟ ਨੂੰ ਚਿਤਾਵਨੀਆਂ ਦੇ ਰਹੇ ਸਨ ਕਿ ਅਦਾਲਤ ਆਸਥਾ ਦੇ ਆਧਾਰ ਉੱਤੇ ਹੀ ਫੈਸਲੇ ਕਰੇ। ਸ਼ਬਰੀਮਾਲਾ ਮੰਦਰ ਕੇਸ ਵਿੱਚ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਸੀ ਕਿ ਸੁਪਰੀਮ ਕੋਰਟ ਇਹੋ ਜਿਹੇ ਫੈਸਲੇ ਨਾ ਕਰੇ, ਜਿਨ੍ਹਾਂ ਨੂੰ ਇਹ ਵਿਹਾਰਕ ਤੌਰ 'ਤੇ ਲਾਗੂ ਨਾ ਕਰਵਾ ਸਕੇ। ਇਸ਼ਾਰਾ ਸਾਫ ਸੀ' ਬਹੁਗਿਣਤੀਵਾਦੀ ਧਿਰ ਦੇ ਲੋਕ ਆਪਣੇ ਖਿਲਾਫ ਜਾਣ ਵਾਲੇ ਅਦਾਲਤੀ ਫੈਸਲੇ ਲਾਗੂ ਨਹੀਂ ਹੋਣ ਦੇਣਗੇ। ਇਸ ਲਈ ਇਹ ਹੈਰਾਨੀ ਜਨਕ ਨਹੀਂ ਕਿ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਬਾਬਰੀ ਮਸਜਿਦ ਵਾਲੀ 2.77 ਏਕੜ ਜ਼ਮੀਨ 'ਰਾਮ ਲੱਲਾ ਬਿਰ-'ਜਮਾਨ' (ਰਾਮ ਦੇ ਜਨਮ ਸਥਾਨ) ਨੂੰ ਕਾਨੂੰਨੀ ਹਸਤੀ ਮੰਨ ਕੇ ਹਿੰਦੂ ਧਿਰ ਨੂੰ ਸੌਂਪ ਦਿੱਤੀ ਹੈ, ਜਿਨ੍ਹਾਂ ਨੇ ਕਾਨੂੰਨ ਆਪਣੇ ਹੱਥ ਲੈ ਕੇ ਸਾਢੇ ਚਾਰ ਸਦੀਆਂ ਪੁਰਾਣੀ ਮਸਜਿਦ ਤੋੜੀ ਸੀ। ਸੰਵਿਧਾਨਕ ਬੈਂਚ ਅਨੁਸਾਰ ਦੋਵਾਂ ਧਿਰਾਂ ਕੋਲ ਮਾਲਕੀ ਦੇ ਕੋਈ ਦਸਤਾਵੇਜ਼ੀ ਸਬੂਤ ਨਹੀਂ, ਇਸ ਲਈ ਫੈਸਲੇ ਦਾ ਆਧਾਰ ਕਬਜ਼ੇ ਨੂੰ ਬਣਾਇਆ ਗਿਆ। ਸਾਲ 1857 ਤੋਂ ਪਹਿਲਾਂ ਮਸਜਿਦ ਵਿੱਚ ਨਮਾਜ਼ ਪੜ੍ਹੇ ਜਾਣ ਅਤੇ ਇਹ ਸਿਰਫ ਤੇ ਸਿਰਫ ਮੁਸਲਿਮ ਧਿਰ ਦੇ ਕਬਜ਼ੇ 'ਚ ਹੋਣ ਦਾ ਉਹ ਕੋਈ ਸਬੂਤ ਪੇਸ਼ ਨਹੀਂ ਕਰ ਸਕੇ। ਜ਼ਮੀਨ ਇਸ ਆਧਾਰ ਉਤੇ 'ਰਾਮ ਲੱਲਾ ਬਿਰਾਜਮਾਨ' ਨੂੰ ਦੇ ਦਿੱਤੀ ਗਈ ਕਿ ਹਿੰਦੂ ਸੰਸਥਾਵਾਂ ਕੋਲ 19ਵੀਂ ਸਦੀ ਵਿੱਚ ਰਾਮ ਚਬੂਤਰੇ ਉਪਰ ਪੂਜਾ ਕੀਤੇ ਜਾਣ ਦੇ ਕੁਝ ਸਬੂਤ ਸਨ। ਹਿੰਦੂ ਸੰਸਥਾਵਾਂ ਦੀ ਆਸਥਾ ਅਨੁਸਾਰ ਉਥੇ ਰਾਮ ਮੰਦਰ ਸੀ, ਜਿਸ ਨੂੰ ਢਾਹ ਕੇ ਮਸਜਿਦ ਬਣਾਈ ਗਈ ਸੀ, ਜਦ ਕਿ ਉਸ ਜ਼ਮਾਨੇ ਦੇ 'ਰਮਾਇਣ' ਗ੍ਰੰਥਾਂ ਵਿੱਚ ਵੀ ਉਥੇ ਰਾਮ ਮੰਦਰ ਹੋਣ ਦਾ ਕੋਈ ਜ਼ਿਕਰ ਨਹੀਂ। ਚਾਰ ਆਜ਼ਾਦ ਇਤਿਹਾਸਕਾਰਾਂ ਨੇ ਇਤਿਹਾਸਕ ਅਤੇ ਪੁਰਾਤੱਤਵ ਸਬੂਤਾਂ ਦੀ ਛਾਣਬੀਣ ਤੋਂ ਬਾਅਦ ਆਪਣੀ ਰਿਪੋਰਟ 'ਰਾਮ ਜਨਮ ਭੂਮੀ-ਬਬਰੀ ਮਸਜਿਦ: ਏ ਹਿਸਟੋਰੀਅਨਜ਼ ਰਿਪੋਰਟ ਟੂ ਦੀ ਨੇਸ਼ਨ' ਵਿੱਚ ਇਹ ਧਾਰਨਾ ਰੱਦ ਕੀਤੀ ਸੀ ਕਿ ਬਾਬਰੀ ਮਸਜਿਦ ਦੇ ਹੇਠਾਂ ਕੋਈ ਹਿੰਦੂ ਮੰਦਰ ਸੀ। ਬਾਬਰੀ ਮਸਜਿਦ ਮੌਜੂਦ ਹੋਣ ਦੇ ਪ੍ਰਤੱਖ ਸਬੂਤ ਦੇ ਬਾਵਜੂਦ ਉਥੇ ਅੱਜ ਆਰ ਐਸ ਐਸ-ਭਾਜਪਾ ਦੇ ਏਜੰਡੇ ਅਨੁਸਾਰ ਰਾਮ ਮੰਦਰ ਬਣੇਗਾ, ਉਹ ਵੀ ਸੁਪਰੀਮ ਕੋਰਟ ਦੇ ਆਦੇਸ਼ 'ਤੇ।

ਇਹ ਫੈਸਲਾ ਮੌਜੂਦਾ ਰਾਜ ਹੇਠ ਦਹਿਸ਼ਤਜ਼ਦਾ ਘੱਟ-ਗਿਣਤੀ ਮੁਸਲਿਮ ਭਾਈਚਾਰੇ ਤੇ ਸਭ ਨਿਆਂ-ਪਸੰਦ ਲੋਕਾਂ ਲਈ ਸਦਮੇ ਵਾਲਾ ਹੈ। ਫਿਰਕੂ ਸਦਭਾਵਨਾ ਪੱਖੋਂ ਇੰਨੇ ਮਹੱਤਵ ਪੂਰਨ ਕੇਸ ਨੂੰ ਨਿਰੇ ਜਾਇਦਾਦ ਦੀ ਮਾਲਕੀ ਦੇ ਕੇਸ ਵਜੋਂ ਨਿਬੇੜ ਦਿੱਤਾ ਗਿਆ। ਇਉਂ ਬਹੁਗਿਣਤੀਵਾਦੀ ਧੌਂਸ ਨੂੰ ਅਦਾਲਤੀ ਮਾਨਤਾ ਮਿਲ ਗਈ ਹੈ। ਸੰਘ ਪਰਵਾਰ ਵਾਲੇ ਆਗੂ ਅਕਸਰ ਗੱਜ-ਵੱਜ ਕੇ ਕਹਿੰਦੇ ਸਨ ਕਿ ਇਸ ਵੇਲੇ ਉਨ੍ਹਾਂ ਦਾ ਆਪਣਾ ਰਾਜ ਹੈ, ਜੇ ਉਹ ਅਜੇ ਵੀ ਮੰਦਰ ਨਹੀਂ ਬਣਾਉਣਗੇ ਤਾਂ ਕਦੋਂ ਬਣਾਉਣਗੇ? ਧਾਰਾ 370 ਨੂੰ ਖਤਮ ਕਰਨ ਅਤੇ ਐਨ ਆਰ ਸੀ ਲਾਗੂ ਕਰਨ ਪਿੱਛੋਂ ਉਨ੍ਹਾਂ ਆਪਣਾ ਇੱਕ ਹੋਰ ਏਜੰਡਾ ਨੇਪਰੇ ਚਾੜ੍ਹ ਲਿਆ ਹੈ। ਆਰ ਐਸ ਐਸ ਦੇ ਮੁੱਖੀ ਮੋਹਨ ਭਾਗਵਤ ਅਨੁਸਾਰ ਇਹ 'ਮੁਲਕ ਦੀ ਜਨ-ਭਾਵਨਾ, ਆਸਥਾ ਅਤੇ ਸ਼ਰਧਾ ਨੂੰ ਨਿਆਂ ਦੇਣ ਵਾਲਾ ਫੈਸਲਾ' ਹੈ।

ਉਂਜ ਫੈਸਲੇ ਦੇ ਸਵੈ-ਵਿਰੋਧੀ ਨੁਕਤੇ ਬਹੁਤ ਉਘੜਵੇਂ ਹੈ। ਮੁਸਲਿਮ ਰਾਜ ਦੇ ਦੌਰ ਵਿੱਚ ਨਿਸ਼ਚੇ ਹੀ ਮਸਜਿਦ ਨੂੰ ਨਮਾਜ਼ ਲਈ ਵਰਤਿਆ ਜਾਂਦਾ ਹੋਵੇ, ਪਰ ਸੰਵਿਧਾਨਕ ਬੈਂਚ ਅਨੁਸਾਰ ਮੁਸਲਿਮ ਧਿਰ ਉਥੇ 1528 ਤੋਂ ਲੈ ਕੇ 1857 ਤੱਕ ਨਮਾਜ਼ ਪੜ੍ਹੇ ਜਾਣ ਦੇ ਸਬੂਤ ਪੇਸ਼ ਨਹੀਂ ਕਰ ਸਕੀ। ਕੀ ਹਿੰਦੂ ਧਿਰ ਉਥੇ ਰਾਮ ਮੰਦਰ ਹੋਣ ਜਾਂ ਰਾਮ ਦਾ ਜਨਮ ਹੋਣ ਦੇ ਸਬੂਤ ਪੇਸ਼ ਕਰ ਸਕੀ ਹੈ? ਪੁਰਾਤੱਤਵ ਵਿਭਾਗ ਵੀ ਸਾਬਤ ਨਹੀਂ ਕਰ ਸਕਿਆ ਕਿ ਮੰਦਰ ਤੋੜ ਕੇ ਮਸਜਿਦ ਬਣਾਈ ਗਈ ਸੀ। ਅੱਜ ਘੱਟੋ-ਘੱਟ ਸੰਘ ਪਰਵਾਰ ਦਾ ਇਹ ਝੂਠ ਤਾਂ ਨੰਗਾ ਹੋ ਗਿਆ ਕਿ ਬਾਬਰੀ ਮਸਜਿਦ ਰਾਮ ਮੰਦਰ ਢਾਹ ਕੇ ਬਣਾਈ ਗਈ ਸੀ। ਦਰਅਸਲ ਮਸਜਿਦ ਨੂੰ ਢਾਹੇ ਜਾਣ ਤੋਂ ਬਾਅਦ ਪੁਰਾਤੱਤਵ ਵਿਭਾਗ ਨੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤੈਅ ਸ਼ੁਦਾ ਧਰਨਾ ਹੇਠ ਖੁਦਾਈ ਕੀਤੀ ਸੀ। ਉਹ ਸਬੂਤ ਸਾਹਮਣੇ ਨਹੀਂ ਆਉਣ ਦਿੱਤੇ, ਜੋ ਮੰਦਰ ਦੀ ਧਾਰਨਾ ਦੇ ਖਿਲਾਫ ਜਾਂਦੇ ਸਨ। ਇਨ੍ਹਾਂ ਸਾਰੇ ਤੱਥਾਂ ਦੇ ਬਾਵਜੂਦ ਅਦਾਲਤ ਨੇ ਮੁਸਲਿਮ ਭਾਈਚਾਰੇ ਦਾ ਦਾਅਵਾ ਰੱਦ ਕਰ ਦਿੱਤਾ।

ਫੈਸਲੇ ਅਨੁਸਾਰ 1992 ਵਿੱਚ ਬਾਬਰੀ ਮਸਜਿਦ ਢਾਹੁਣਾ ਤੇ 1949 ਵਿਚ ਉਸ ਅੰਦਰ ਹਿੰਦੂ ਮੂਰਤੀਆਂ ਰੱਖਣਾ ਗੈਰਕਾਨੂੰਨੀ ਸੀ। ਜੇ ਇਹ ਕਾਰਵਾਈਆਂ ਗੈਰਕਾਨੂੰਨੀ ਸਨ ਤਾਂ ਨਿਆਂ ਦਾ ਤਕਾਜ਼ਾ ਸੀ, ਇਤਿਹਾਸਕ ਇਮਰਾਤ ਵਜੋਂ ਬਾਬਰੀ ਮਸਜਿਦ ਦੀ ਮੁੜ ਉਸਾਰੀ ਕਰਵਾਈ ਜਾਂਦੀ ਅਤੇ ਮਸਜਿਦ ਢਾਹੁਣ ਦੀ ਗੈਰਕਾਨੂੰਨੀ ਕਾਰਵਾਈ ਕਰਨ ਵਾਲਿਆਂ ਵਿਰੁੱਧ ਕੇਸ ਛੇਤੀ ਸਿਰੇ ਲਾਉਣ ਦਾ ਹੁਕਮ ਦਿੱਤਾ ਜਾਂਦਾ। ਝਗੜੇ ਵਾਲੀ ਥਾਂ ਨੂੰ ਮਾਲਕੀ ਦਸਤਾਵੇਜ਼ਾਂ ਦੀ ਅਣਹੋਂਦ ਵਿੱਚ ਕਬਜ਼ੇ ਦੀ ਦਲੀਲ ਨਾਲ ਲਾਕਾਨੂੰਨੀ ਕਰਨ ਵਾਲਿਆਂ ਨੂੰ ਸੌਂਪ ਦੇਣਾ ਕਿੱਥੋਂ ਦਾ ਨਿਆਂ ਹੈ? ਇਹ ਫੈਸਲਾ ਬਹੁਗਿਣਤੀਵਾਦੀ ਧਿਰ ਵੱਲੋਂ ਕਿਸੇ ਵੀ ਇਤਿਹਾਸਕ ਜਾਂ ਧਾਰਮਿਕ ਸਥਾਨ ਨੂੰ ਝਗੜੇ ਦਾ ਮੁੱਦਾ ਬਣਾ ਕੇ ਉਸ ਦੇ ਇਤਿਹਾਸ ਨੂੰ ਧੌਂਸ ਨਾਲ ਬਦਲ ਦੇਣ ਦੇ ਰੁਝਾਨ ਦੇ ਹੌਸਲੇ ਬੁਲੰਦ ਕਰੇਗਾ। ਮਸਜਿਦ ਢਾਹੁਣ ਤੋਂ ਬਹੁਤ ਪਹਿਲਾਂ ਵਿਸ਼ਵ ਹਿੰਦੂ ਪ੍ਰੀਸਦ ਦੀ 'ਧਰਮ ਸੰਸਦ' ਨੇ ਅਜਿਹੇ 3000 ਸਥਾਨਾਂ ਦੀ ਨਿਸ਼ਾਨਦੇਹੀ ਕੀਤੀ ਸੀ।

ਪਿਛਲੇ ਸਮੇਂ ਦੌਰਾਨ ਸਾਲਸੀ ਦੇ ਅਮਲ ਦੌਰਾਨ ਮੁਸਲਿਮ ਸੰਸਥਾਵਾਂ ਨੂੰ ਘੱਟਗਿਣਤੀਆਂ ਵਿਰੋਧੀ ਦਹਿਸ਼ਤ ਅਤੇ ਹੋਰ ਜੋੜ-ਤੋੜ ਰਾਹੀਂ ਮੈਨੇਜ ਕਰ ਲਿਆ ਗਿਆ। ਦਹਿਸ਼ਤ ਦੇ ਅਜਿਹੇ ਮਾਹੌਲ ਵਿੱਚ ਫੈਸਲੇ ਤੋਂ ਪਹਿਲਾਂ ਹੀ ਉਨ੍ਹਾਂ ਵੱਲੋਂ ਮਸਜਿਦ ਦੀ ਬਜਾਏ ਆਪਣੀ ਸੁਰੱਖਿਆ ਤੇ ਭਵਿੱਖ ਬਾਰੇ ਵਧੇਰੇ ਫਿਕਰਮੰਦ ਹੋਣ ਦੇ ਸੰਕੇਤ ਆਉਂਦੇ ਸ਼ੁਰੂ ਹੋ ਗਏ ਸਨ। ਮੁਸਲਮਾਨ ਹੀ ਨਹੀਂ, ਹੋਰ ਘੱਟਗਿਣਤੀਆਂ ਅਤੇ ਹਾਸ਼ੀਏ ਉਤੇ ਸੁੱਟੇ ਹਿੱਸੇ ਵੀ ਡਰੇ ਹੋਏ ਹਨ।

ਤਾਜ਼ਾ ਫੈਸਲੇ ਤੋਂ ਪਹਿਲਾਂ ਅਤੇ ਪਿੱਛੋਂ ਆਰ ਐਸ ਐਸ ਦੇ ਮੁਖੀ ਅਤੇ ਖੁਦ ਪ੍ਰਧਾਨ ਮੰਤਰੀ ਨੇ ਅਦਾਲਤ ਦੇ ਫੈਸਲੇ ਨੂੰ ਸਵੀਕਾਰ ਕਰਨ ਤੇ ਸ਼ਾਂਤੀ ਬਣਾਈ ਰੱਖਣ ਦੀਆਂ ਨਸੀਹਤਾਂ ਦਿੱਤੀਆਂ ਸਨ, ਜਦ ਕਿ ਹਿੰਦੂਤਵ ਦੇ ਏਜੰਡੇ ਦਾ ਆਧਾਰ ਹੀ ਬੀਤੇ ਦੀਆਂ ਗੱਲਾਂ ਨੂੰ ਵਾਰ-ਵਾਰ ਦੁਹਰਾ ਕੇ ਹਿੰਦੂ-ਮੁਸਲਿਮ ਝਗੜੇ ਦੇ ਮੁੱਦੇ ਬਣਾਉਣਾ ਹੈ। 'ਸ਼ਾਂਤੀ ਤੇ ਭਾਈਚਾਰਕ ਸਦਭਾਵਨਾ' ਦੀਆਂ ਅਪੀਲਾਂ ਓਨਾ ਚਿਰ ਹੀ ਹਨ, ਜਦੋਂ ਫੈਸਲੇ ਉਨ੍ਹਾਂ ਦੀ ਇੱਛਾ ਅਨੁਸਾਰ ਹਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਕਲਿਆਣ ਸਿੰਘ ਨੇ ਵੀ ਸੁਪਰੀਮ ਕੋਰਟ ਵਿੱਚ ਹਲਫਨਾਮੇ ਦੇ ਕੇ ਇਹ ਯਕੀਨ ਦਿਵਾਇਆ ਸੀ ਕਿ ਵਿਵਾਦਤ ਇਮਾਰਤ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਪੁਚਾਇਆ ਜਾਵੇਗਾ, ਲੇਕਿਨ ਪੂਰੀ ਮਸਜਿਦ ਹੀ ਤੋੜ ਦਿੱਤੀ ਗਈ।

ਦਰਅਸਲ ਹਿੰਦੂਤਵਵਾਦੀ ਤਾਕਤਾਂ ਦੀ ਚੜ੍ਹਤ ਦੇਸ਼ ਦੀ 'ਮੁੱਖਧਾਰਾ' ਸਿਆਸਤ ਦੇ ਦੀਵਾਲੀਏਪਣ ਤੇ ਅਗਾਂਹਵਧੂ ਤਾਕਤਾਂ ਦੀ ਕਮਜ਼ੋਰੀ ਦਾ ਨਤੀਜਾ ਹੈ। 'ਧਰਮ ਨਿਰਪੱਖ' ਕਾਂਗਰਸ ਦੀਆਂ ਵੱਖ-ਵੱਖ ਸਰਕਾਰਾਂ ਨੇ ਹਿੰਦੂ ਪੱਤਾ ਖੇਡਦੇ ਹੋਏ ਸੰਘ ਪਰਵਾਰ ਵੱਲ ਕਿਸ ਤਰ੍ਹਾਂ ਨਰਮੀ ਵਾਲੀ ਨੀਤੀ ਅਪਣਾਈ, ਇਹ 1984 ਵਿੱਚ ਸੰਘ ਪਰਵਾਰ ਵੱਲੋਂ 'ਮੰਦਿਰ ਵਹੀਂ ਬਨਾਏਂਗੇ' ਨੂੰ ਸਿਆਸੀ ਮੁੱਦਾ ਬਣਾ ਕੇ ਫਿਰਕੂ ਪਾਲਾਬੰਦੀ ਸ਼ੁਰੂ ਕਰਨ ਤੋਂ ਲੈ ਕੇ 6 ਦਸੰਬਰ 1992 ਨੂੰ ਬਾਬਰੀ ਮਸਜਿਦ ਤੋੜਨ ਤੇ ਇਸ ਤੋਂ ਪਿੱਛੋਂ ਦੇ ਘਟਨਾਕ੍ਰਮ ਵਿੱਚ ਸਾਫ ਦਿਖਾਈ ਦਿੰਦੀ ਹੈ। 'ਮੁੱਖਧਾਰਾ' ਦੀ ਕਮਜ਼ੋਰੀ ਦਾ ਲਾਹਾ ਲੈ ਕੇ ਇਹ ਤਾਕਤਾਂ ਫਿਰਕੂ ਪਾਲਾਬੰਦੀ ਰਾਹੀਂ ਰਾਜਕੀ ਢਾਂਚੇ ਵਿੱਚ ਘੁਸਪੈਠ ਅਤੇ ਸੱਤਾ ਉਪਰ ਕੰਟਰੋਲ ਵਧਾਉਂਦੀਆਂ ਗਈਆਂ। ਆਰ ਐਸ ਐਸ ਅਤੇ ਸੰਘ ਪਰਵਾਰ ਦਾ ਮਨੋਰਥ ਖਾਸ ਫਿਰਕੇ ਦੇ ਧਾਰਮਿਕ ਜਜ਼ਬਾਤ ਭੜਕਾ ਕੇ ਉਨ੍ਹਾਂ ਨੂੰ ਹਿੰਦੂ ਰਾਸ਼ਟਰ ਦੇ ਸਿਆਸੀ ਏਜੰਡੇ ਲਈ ਇਸਤੇਮਾਲ ਕਰਨਾ ਹੈ। ਸੁਪਰੀਮ ਕੋਰਟ ਨੇ ਅਜਿਹੀ ਕੋਈ ਤਾੜਨਾ ਵੀ ਨਹੀਂ ਕੀਤੀ ਕਿ ਅੱਗੇ ਤੋਂ ਆਸਥਾ ਦੇ ਬਹਾਨੇ ਅਜਿਹਾ ਕੋਈ ਮੁੱਦਾ ਖੜ੍ਹਾ ਨਾ ਕੀਤਾ ਜਾਵੇ। ਮਸਜਿਦ ਤੋੜੇ ਜਾਣ ਸਮੇਤ ਚਾਰ ਦਰਜਨ ਫੌਜਦਾਰੀ ਕੇਸ ਭਾਵੇਂ 27 ਸਾਲ ਤੋਂ ਚੱਲ ਰਹੇ ਹਨ ਪਰ ਮਸਜਿਦ ਤੋੜਨ ਵਾਲੇ ਕੇਸਾਂ ਦੀ ਪੈਰਵੀ ਕਰਤਾ ਸੀ ਬੀ ਆਈ ਹੈ। ਉਸ ਦਾ ਸੱਤਾ ਪੱਖ ਦੇ ਕੇਸਾਂ ਦੀ ਪੈਰਵੀ ਦਾ ਰਿਕਾਰਡ ਸਭ ਦੇ ਸਾਹ-ਮਣੇ ਹੈ। ਸੰਭਵ ਹੈ ਕਿ ਬਹੁਤ ਸਾਰੇ ਕੇਸਾਂ ਵਾਂਗ ਇਨ੍ਹਾਂ ਕੇਸਾਂ ਦੇ ਅਸਲ ਦੋਸ਼ੀ ਵੀ ਆਖਿਰ ਬਰੀ ਕਰ ਦਿੱਤੇ ਜਾਣ ਤੇ ਨਤੀਜਾ ਇਹ ਹੋਵੇ ਕਿ ਜੁਰਮ ਤਾਂ ਹੋਇਆ, ਲੇਕਿਨ ਮੁਜਰਿਮਾਂ ਦਾ ਪਤਾ ਨਹੀਂ। ਅੱਜ ਮਾਲਕੀ ਹੱਕ ਮਿਲ ਜਾਣ ਉੱਤੇ ਉਨ੍ਹਾਂ ਕੋਲ ਇਹ ਦਲੀਲ ਵੀ ਹੈ ਕਿ ਉਨ੍ਹਾਂ ਆਪਣੀ ਜਾਇਦਾਦ ਉਪਰੋਂ ਨਾਜਾਇਜ਼ ਕਬਜ਼ਾ ਹਟਾ ਕੇ ਕੁਝ ਵੀ ਗਲਤ ਨਹੀਂ ਕੀਤਾ। ਇਸ ਲਈ ਸੰਘ ਦੇ ਸਿਆਸੀ ਏਜੰਡੇ ਦੇ ਖਤਰੇ ਬਾਰੇ ਚੌਕਸੀ ਜ਼ਰੂਰੀ ਹੈ ਅਤੇ ਇਸ ਖਿਲਾਫ ਸੰਘਰਸ਼ ਵੀ।

## ਮਿੰਨੀ ਕਹਾਣੀਆਂ

### ਸਰਹੱਦਾਂ

-ਬੂਟਾ ਖਾਨ ਸੁੱਖੀ

ਨੂਰ ਮੁਹੰਮਦ ਅੰਦਰ ਬੈਠਾ ਖਬਰਾਂ ਵੇਖ ਰਿਹਾ ਸੀ। ਉਸ ਕੋਲ ਉਸ ਦਾ 10 ਕੁ ਸਾਲ ਦਾ ਪੋਤਰਾ ਬੈਠਾ ਸੀ। ਟੀ ਵੀ ਉੱਤੇ ਖਬਰ ਚੱਲ ਰਹੀ ਸੀ ਕਿ ਪਾਕਿਸਤਾਨ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ, ਹਰ ਦੂਜੇ ਦਿਨ ਫਾਇਰਿੰਗ ਸ਼ੁਰੂ ਕਰ ਦਿੰਦਾ ਹੈ, ਜਿਸ ਦੀ ਭੇਟ ਕਿੰਨੇ ਨਿਰਦੋਸ਼ ਚੜ੍ਹ ਜਾਂਦੇ ਨੇ। ਇਹ ਸੁਣ ਕੇ ਨੂਰ ਮੁਹੰਮਦ ਨੇ ਲੰਮਾ ਹਉਕਾ ਲਿਆ। ਇਹ ਵੇਖ ਕੇ ਉਸ ਦੇ ਪੋਤਰੇ ਨੇ ਪੁੱਛਿਆ, ''ਅੱਬਾ ਜਾਨ ਕੀ ਹੋ ਗਿਆ?''

ਉਹ ਕੂਕਿਆ, ''ਪੁੱਤਰਾ, ਨਾ ਭਾਰਤ ਦੇ ਲੋਕ ਨਾ ਪਾਕਿਸਤਾਨ ਦੇ ਲੋਕ ਸਰਹੱਦਾਂ ਚਾਹੁੰਦੇ ਨੇ। ਇਹ ਬੱਸ...।''

ਕਹਿੰਦੇ ਕਹਿੰਦੇ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਕੇ ਦਾੜ੍ਹੀ ਵਿੱਚ ਆ ਕੇ ਗਵਾਚ ਜਾਂਦੇ, ਇਹ ਵੇਖ ਕੇ ਪੋਤਰਾ ਬੋਲਿਆ, ''ਅੱਬਾ ਜਾਨ ਇਨ੍ਹਾਂ ਪੰਛੀਆਂ ਲਈ ਤਾਂ ਕੋਈ ਸਰਹੱਦਾਂ ਨਹੀਂ ਇਹ ਤਾਂ ਆਮ ਹੀ ਘੁੰਮਦੇ ਰਹਿੰਦੇ ਹਨ।''

ਤਾਂ ਨੂਰ ਮੁਹੰਮਦ ਬੋਲਿਆ, ''ਪੁੱਤਰਾ ਇਨ੍ਹਾਂ ਵਿੱਚ ਅਜੇ ਕੋਈ ਲੀਡਰ ਪੈਦਾ ਨਹੀਂ ਹੋਇਆ।'' ਇਹ ਕਹਿ ਕੇ ਉਹ ਸ਼ਾਂਤ ਹੋ ਗਿਆ।

### ਫਾਲਤੂ ਤੇਲ

-ਮਾ. ਬੋਹੜ ਸਿੰਘ ਮੱਲ੍ਹਣ

ਹਰਨਾਮ ਸਿੰਘ ਹੁਰੀਂ ਚਾਰ ਭਰਾ ਸਨ। ਉਨ੍ਹਾਂ ਦਿਨਾਂ ਵਿੱਚ ਜ਼ਮੀਨਾਂ ਚਾਹੇ ਥੋੜ੍ਹੀਆਂ ਸਨ ਜਾਂ ਬਹੁਤੀਆਂ, ਨਹਿਰੂ ਪਾਣੀ ਦੀ ਘਾਟ ਕਰ ਕੇ ਬਰਾਨੀ ਖੇਤੀ ਤੋਂ ਫਸਲਾਂ ਘੱਟ ਹੁੰਦੀਆਂ ਸਨ। ਫਲਸਰੂਪ ਹਰਨਾਮ ਸਿੰਘ ਦਾ ਵਿਆਹ ਨਾ ਹੋ ਸਕਿਆ, ਜਦ ਕਿ ਬਾਕੀ ਤਿੰਨੇ ਵਿਆਹੇ ਗਏ। ਉਹ ਸ਼ੁਰੂ ਤੋਂ ਹੀ ਆਪਣੇ ਇਕ ਭਰਾ ਦੇ ਪੁੱਤਰ ਯਾਨੀ ਭਤੀਜੇ ਨਾਲ ਹੀ ਰਹਿੰਦਾ ਸੀ। ਉਹ ਭਤੀਜਾ ਉਸ ਦੀ ਤਨੋਂ-ਮਨੋਂ ਸੇਵਾ ਸੰਭਾਲ ਕਰਦਾ ਕਦੇ ਵੀ ਮੱਥੇ ਵੱਟ ਨਹੀਂ ਪਾਉਂਦਾ ਸੀ।

ਉਸ ਦੇ ਭਤੀਜੇ ਦੀ ਅਚਾਨਕ ਮੌਤ ਹੋ ਗਈ। ਕੁਝ ਸਮਾਂ ਬੀਤਣ ਮਗਰੋਂ ਆਪਣਾ ਅੰਤ ਸਮਾਂ ਨੇੜੇ ਸਮਝਦਿਆਂ ਹਰਨਾਮ ਸਿੰਘ ਨੇ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਉਸ ਭਤੀਜੇ ਦੇ ਦੋਵਾਂ ਪੁੱਤਰਾਂ ਦੇ ਨਾਂਅ ਇੱਕੋ ਜਿੰਨੀ ਕਰਵਾ ਦਿੱਤੀ ਸੀ। ਉਸ ਦੀ ਮੌਤ ਤੋਂ ਬਾਅਦ ਨਿਯਮਾਂ ਅਨੁਸਾਰ ਦੋਵਾਂ ਦੇ ਨਾਂਅ ਇੰਤਕਾਲ ਹੋ ਗਿਆ ਤੇ ਉਹ ਮਾਲਕ ਅਤੇ ਕਾਬਜ਼ ਹੋ ਗਏ। ਹਰਨਾਮ ਸਿੰਘ ਦੀ ਮੌਤ ਬਾਅਦ ਪਹਿਲੀ ਦੀਵਾਲੀ ਆਈ। ਸਭ ਲੋਕ ਆਪਣੇ ਜਹਾਨੋਂ ਤੁਰ ਗਏ ਪਿੱਤਰਾਂ ਦੀ ਯਾਦ ਵਿਚ ਸ਼ਮਸ਼ਾਨਘਾਟ ਵਿਖੇ ਦੀਵੇ ਜਗਾਉਣ ਦੀਆਂ ਤਿਆਰੀਆਂ ਕਰ ਰਹੇ ਸਨ। ਹਰਨਾਮ ਸਿੰਘ ਦੇ ਦੋਵਾਂ ਵਾਰਸਾਂ ਵਿੱਚੋਂ ਛੋਟਾ ਵੱਡੇ ਨੂੰ ਕਹਿੰਦਾ, ''ਵੀਰੇ! ਚੱਲ ਆਪਾਂ ਵੀ ਬਾਪੂ ਦੇ ਸਿਵੇ ਤੇ ਦੀਵੇ ਬਾਲ ਆਈਏ।''

ਵੱਡੇ ਨੇ ਝੱਟ ਮੋੜਵਾਂ ਜਵਾਬ ਦਿੱਤਾ, ''ਨਿੱਕੇ! ਬਾਪੂ ਦੀ ਜ਼ਮੀਨ ਉਤੇ ਆਪਣਾ ਹੱਕ ਸੀ, ਸਾਨੂੰ ਮਿਲ ਗਈ। ਆਪਾਂ ਕਿਉਂ ਉਥੇ ਜਾ ਕੇ ਫਾਲਤੂ ਤੇਲ ਫੂਕੀਏ। ਚੱਲ! ਪਟਾਕੇ ਚਲਾਈਏ ਤੇ ਮਠਿਆਈ ਖਾਈਏ।''

ਘਰ ਵਿੱਚ ਖੁਸ਼ੀਆਂ, ਖੇੜੇ ਤੇ ਚਾਨਣ ਸੀ, ਪ੍ਰੰਤੂ ਹਰਨਾਮ ਸਿੰਘ ਦੇ ਸਿਵੇ ਉੱਤੇ ਪਹਿਲੀ ਦੀਵਾਲੀ ਸਮੇਂ ਹੀ ਔਤਰਿਆਂ ਵਰਗਾ ਹਨੇਰਾ ਸੀ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


## ਹਲਕਾ ਫੁਲਕਾ

ਚੰਪੂ (ਨੇਪਾਲੀ ਨੂੰ), ''ਤੂੰ ਅਮਰੀਕਨ ਏਂ?''
ਨੇਪਾਲੀ, ''ਨਹੀਂ, ਮੈਂ ਨੇਪਾਲ ਦਾ ਹਾਂ।''
ਚੰਪੂ, ''ਨਹੀਂ, ਤੂੰ ਅਮਰੀਕਨ ਏਂ।''
ਨੇਪਾਲੀ, ''ਨਹੀਂ ਭਰਾ, ''ਮੈਂ ਨੇਪਾਲ ਦਾ ਹਾਂ।''
ਚੰਪੂ, ''ਨਹੀਂ, ਤੂੰ ਅਮਰੀਕਨ ਏਂ?''
ਨੇਪਾਲੀ (ਗੁੱਸੇ ਵਿੱਚ), ''ਹਾਂ, ਮੈਂ ਅਮਰੀਕਨ ਹਾਂ।''
ਚੰਪੂ, ''ਪਰ ਲੱਗਦਾ ਤਾਂ ਤੂੰ ਨੇਪਾਲੀ ਵਰਗਾ ਏਂ।''

*********

ਟੀਚਰ, ''ਤੁਹਾਡਾ ਬੇਟਾ ਫੇਲ ਹੋ ਗਿਆ ਅਤੇ ਤੁਸੀਂ ਲੱਡੂ ਖਾ ਰਹੇ ਹੋ?''
ਨੇਤਾ ਜੀ, ''50 ਬੱਚਿਆਂ ਦੀ ਜਮਾਤ ਹੈ, ਪਾਸ ਸਿਰਫ ਪੰਜ ਹੋਏ ਹਨ ਅਤੇ 45 ਫੇਲ, ਬਹ-ਸੰਮਤੀ ਤਾਂ ਫਿਰ ਵੀ ਮੇਰੇ ਬੇਟੇ ਨਾਲ ਹੈ।''

*********

ਇੱਕ ਔਰਤ ਪਤੀ ਤੋਂ ਤਲਾਕ ਚਾਹੁੰਦੀ ਸੀ। ਅਦਾਲਤ ਵਿੱਚ ਉਹ ਬੋਲੀ, 'ਜੱਜ ਸਾਹਿਬ, ਮੇਰਾ ਪਤੀ ਬਿਲਕੁਲ ਲੋਫਰ ਹੈ। ਉਹ ਸਿਰਫ ਤਿੰਨ ਚੀਜ਼ਾਂ ਵਿੱਚ ਡੁੱਬਾ ਰਹਿੰਦਾ ਹੈ; ਸ਼ਰਾਬ, ਜੂਆ ਤੇ ਘੋੜਦੌੜ। ਇਨ੍ਹਾਂ ਤਿਨਾਂ ਤੋਂ ਇਲਾਵਾ ਹੋਰ ਕਿਸੇ ਗੱਲ ਨਾਲ ਉਸ ਨੂੰ ਮਤਲਬ ਨਹੀਂ। ਹੋਰ ਤਾਂ ਹੋਰ, ਇਸ ਨੂੰ ਵਿਆਹ ਦੀ ਤਰੀਕ ਵੀ ਯਾਦ ਨਹੀਂ।''
ਇਹ ਸੁਣ ਕੇ ਪਤੀ ਬੋਲਿਆ, ''ਇਹ ਦੋਸ਼ ਬਿਲਕੁਲ ਗਲਤ ਹੈ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਜਿਸ ਦਿਨ ਸਾਡਾ ਵਿਆਹ ਹੋਇਆ ਸੀ, ਉਸ ਦਿਨ 10 ਨੰਬਰ ਵਾਲਾ ਘੋੜਾ ਜਿੱਤਿਆ ਸੀ।''

# ਜੇ ਭਾਰਤ ਵਿੱਚ ਪਿਛਲਾ ਦੌਰ ਟਿਕਾਊ ਨਹੀਂ ਰਿਹਾ ਤਾਂ ਅਜੋਕਾ ਦੌਰ ਵੀ ਸਦੀਵੀ ਨਹੀਂ



ਜਤਿੰਦਰ ਪੰਨੂ

ਭਾਰਤ ਵਿੱਚ ਇਸ ਵਕਤ ਅੰਦਰੋ-ਅੰਦਰ ਰਾਜਸੀ ਹਲਚਲ ਦੀ ਧੜਕਣ ਮਹਿਸੂਸ ਕੀਤੀ ਜਾ ਰਹੀ ਹੈ ਤੇ ਕਿਆਸ ਕਰਨਾ ਹਾਲ ਦੀ ਘੜੀ ਔਖਾ ਹੈ ਕਿ ਬਾਅਦ ਵਿੱਚ ਇਹ ਕਿਹੋ ਜਿਹੇ ਸਿੱਟੇ ਕੱਢੇਗੀ! ਪਿਛਲੇ ਦਿਨਾਂ ਵਿੱਚ ਭਾਰਤ ਦੀ ਨਿਆਂ ਪਾਲਿਕਾ ਨੇ ਜਿਹੜੇ ਫੈਸਲੇ ਦਿੱਤੇ ਹਨ, ਉਨ੍ਹਾਂ ਨਾਲ ਸਿਆਸੀ ਧੜਕਣ ਹੋਰ ਤੇਜ਼ ਹੋਣ ਲੱਗ ਪਈ ਹੈ, ਪਰ ਇਹ ਕਿਸ ਪਾਸੇ ਵੱਲ ਵਧੇਗੀ, ਇਹ ਅੰਦਾਜ਼ਾ ਅਜੇ ਨਹੀਂ ਹੋ ਰਿਹਾ। ਇੱਕ ਗੱਲ ਲਗਭਗ ਸਾਫ ਹੈ ਕਿ ਜਿਵੇਂ ਗੁਜਰਾਤ ਵਾਲੇ ਦੰਗਿਆਂ ਪਿੱਛੋਂ ਓਥੇ ਰਾਜ ਚਲਾ ਰਹੀ ਧਿਰ ਦਾ ਘੱਟ-ਗਿਣਤੀਆਂ ਵੱਲੋਂ ਕਿਸੇ ਕਿਸਮ ਦਾ ਵਿਰੋਧ ਹੋਣਾ ਲਗਭਗ ਬੰਦ ਵਾਂਗ ਹੋ ਗਿਆ ਸੀ, ਬਾਬਰੀ ਮਸਜਿਦ ਨੂੰ ਰੱਦ ਕਰਨ ਤੇ ਰਾਮ ਮੰਦਰ ਦੀ ਉਸਾਰੀ ਲਈ ਸਹਿਮਤੀ ਦੇ ਸੁਪਰੀਮ ਕੋਰਟ ਦੇ ਫੈਸਲੇ ਦਾ ਲਗਭਗ ਓਦਾਂ ਦਾ ਅਸਰ ਇਸ ਵਾਰੀ ਸਾਰੇ ਦੇਸ਼ ਵਿੱਚ ਵੇਖਿਆ ਗਿਆ ਹੈ। ਮੁਸਲਿਮ ਇਤਹਾਦੁਲ ਮੁਸਲਮੀਨ ਪਾਰਟੀ ਦੇ ਆਗੂ ਤੇ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਤੋਂ ਬਿਨਾਂ ਕੋਈ ਬਹੁਤਾ ਉਭਾਸਰ ਕੇ ਬੋਲਣ ਵਾਲਾ ਨਹੀਂ ਦਿੱਸਦਾ, ਸਗੋਂ ਜਿਨ੍ਹਾਂ ਨੇ ਕੇਸ ਕੀਤਾ ਤੇ ਲੜਿਆ ਸੀ, ਉਹ ਇਸ ਫੈਸਲੇ ਨੂੰ ਪ੍ਰਵਾਨ ਕਰਨ ਦੀ ਗੱਲ ਕਹਿ ਰਹੇ ਹਨ। ਖੱਬੇ ਪੱਖੀਆਂ ਦੀ ਜਿਹੜੀ ਧਿਰ ਨੇ ਇਸ ਫੈਸਲੇ ਉੱਤੇ ਕੁਝ ਕਿੰਤੂ ਕੀਤਾ ਹੈ, ਉਸ ਨੇ ਬੜੇ ਚੁਣਵੇਂ ਸ਼ਬਦਾਂ ਨਾਲ ਕੀਤਾ ਹੈ, ਪਰ ਭਾਰਤ ਦੀ ਰਾਜਨੀਤੀ ਦੇ ਹਾਲੇ ਤੱਕ ਦੀ ਮੁੱਖ ਵਿਰੋਧੀ ਧਿਰ ਮੰਨੀ ਜਾਣ ਵਾਲੀ ਕਾਂਗਰਸ ਪਾਰਟੀ ਨੇ ਕਿੰਤੂ ਕਰਨ ਤੋਂ ਵੀ ਝਿਜਕ ਵਿਖਾਈ ਹੈ। ਇਸ ਤੋਂ ਪਹਿਲਾਂ ਜਦੋਂ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ ਤਿੰਨ ਸੌ ਸੱਤਰ ਤੋੜੀ ਗਈ ਸੀ, ਓਦੋਂ ਕਾਂਗਰਸ ਦੇ ਕੁਝ ਆਗੂਆਂ ਨੇ ਵਿਰੋਧ ਕੀਤਾ ਸੀ ਤੇ ਕੁਝ ਓਦੋਂ ਹੀ ਵਿਰੋਧੀ ਧਿਰ ਦੀ ਜ਼ਿੰਮੇਵਾਰੀ ਨਿਭਾਉਣ ਤੋਂ ਇਹ ਸੋਚ ਕੇ ਭੱਜ ਗਏ ਸਨ ਕਿ ਇਨ੍ਹਾਂ ਫੈਸਲਿਆਂ ਦਾ ਵਿਰੋਧ ਕਰਨ ਦਾ ਸਮਾਂ ਹੀ ਨਹੀਂ ਤਾਂ ਸਿਰ ਨਾ ਫਸਾਈਏ। ਅਯੁੱਧਿਆ ਦਾ ਕੇਸ ਦੂਸਰਾ ਹੈ, ਜਿਸ ਨੇ ਵਕਤ ਦੇ ਇਸ ਵਹਿਣ ਨੂੰ ਹੋਰ ਅੱਗੇ ਵਧਾਇਆ ਹੈ ਤੇ ਇਸ ਦੇ ਨਾਲ ਇਹ ਗੱਲ ਪੱਕੀ ਕਰ ਦਿੱਤੀ ਹੈ ਕਿ ਫੈਸਲੇ ਸਰਕਾਰੇ-ਦਰਬਾਰੇ ਜਿੱਥੋਂ ਵੀ ਆਉਣ, ਘੱਟ-ਗਿਣਤੀਆਂ ਦੀ ਤਸੱਲੀ ਵਾਲੇ ਨਹੀਂ ਆਉਣ ਲੱਗੇ।

ਇੱਕ ਸਮੇਂ ਤੱਕ ਇਸ ਦੇਸ਼ ਵਿੱਚ ਘੱਟ-ਗਿਣਤੀਆਂ ਨੂੰ ਰਾਜਨੀਤੀ ਦੇ ਮੋਹਰੇ ਬਣਾਉਣ ਤੇ ਵੋਟਾਂ ਲਈ ਵਰਤਣ ਦਾ ਜਿਹੜਾ ਰੁਝਾਨ ਹੋ ਗਿਆ ਸੀ, ਉਸ ਦਾ ਉਲਟ ਅਸਰ ਹੈ ਕਿ ਬਹੁ-ਗਿਣਤੀ ਭਾਈਚਾਰੇ ਦੇ ਲੋਕਾਂ ਨੂੰ ਇੱਕ ਧਿਰ ਨੇ ਸਿਰਫ ਏਸੇ ਵਰਤਾਰੇ ਦੇ ਵਿਰੋਧ ਦੇ ਨਾਂਅ ਉੱਤੇ ਆਪਣੇ ਨਾਲ ਤੋਰ ਕੇ ਰਾਜਸਾ ਲਾਹਾ ਖੱਟਿਆ ਹੈ। ਜਿਸ ਪਾਰਟੀ ਨੂੰ ਪੰਜਾਹ ਸਾਲਾਂ ਤੱਕ ਕਾਰੋਬਾਰੀਆਂ ਅਤੇ ਵਪਾਰੀਆਂ, ਅਤੇ ਇਸ ਤੋਂ ਵਧ ਕੇ ਜ਼ਖੀਰੇਬਾਜ਼ਾਂ ਦੀ ਪਾਰਟੀ ਤੱਕ ਕਿਹਾ ਜਾਂਦਾ ਰਿਹਾ, ਉਹ ਅੱਜ ਨਵੇਂ ਰੂਪ ਵਿੱਚ ਉਨ੍ਹਾਂ ਲੋਕਾਂ ਦੀ ਪਾਰਟੀ ਬਣੀ ਪਈ ਹੈ, ਜਿਹੜੇ ਭਾਵੇਂ ਰੇੜ੍ਹੀ ਲਾਉਣ ਜਾਂ ਰਿਕਸ਼ਾ ਵਾਹੁੰਦੇ ਹੋਣ, ਇਹ ਗੱਲ ਬੜੇ ਮਾਣ ਨਾਲ ਕਹਿੰਦੇ ਹਨ ਕਿ ਅੱਠ ਸੌ ਸਾਲਾਂ ਪਿੱਛੋਂ 'ਸਾਡਾ ਰਾਜ' ਆਇਆ ਹੈ। ਜਦੋਂ ਇਹ ਵਰਤਾਰਾ ਅਜੇ ਉੱਭਰਨਾ ਸ਼ੁਰੂ ਹੋਇਆ ਸੀ, ਇਸ ਦੇ ਅੱਗੇ ਸਿਧਾਂਤਕ ਪੱਖ ਤੋਂ ਜਿਨ੍ਹਾਂ ਨੂੰ ਖੜੋਣਾ ਚਾਹੀਦਾ ਸੀ, ਉਹ ਰਾਜਸੀ ਲੋੜਾਂ ਵਾਸਤੇ ਇਸ ਨੂੰ ਵਰਤਣ ਦੇ ਰਾਹ ਪਏ ਰਹੇ ਸਨ। ਸਾਰੇ ਜਾਣਦੇ ਹਨ ਕਿ ਆਜ਼ਾਦੀ ਮਿਲਣ ਤੋਂ ਡੇਢ ਸਾਲ ਬਾਅਦ ਜਦੋਂ ਬਾਬਰੀ ਮਸਜਿਦ ਵਿੱਚ ਮੂਰਤੀਆਂ ਰੱਖੀਆਂ ਗਈਆਂ, ਜਿਨ੍ਹਾਂ ਦੇ ਰੱਖਣ ਨੂੰ ਸੁਪਰੀਮ ਕੋਰਟ ਨੇ ਗੈਰ ਕਾਨੂੰਨੀ ਕਾਰਵਾਈ ਮੰਨਿਆ ਹੈ, ਉਸ ਤੋਂ ਬਾਅਦ ਉਸ ਕੰਪਲੈਕਸ ਨੂੰ ਤਾਲਾ ਲਾਇਆ ਗਿਆ ਸੀ ਤੇ ਲੱਗਾ ਰਿਹਾ ਸੀ। ਆਪਣੇ ਮਾਂ ਦੇ ਕਤਲ ਪਿੱਛੋਂ ਰਾਜੀਵ ਗਾਂਧੀ ਨੇ ਜਦੋਂ ਪਹਿਲੀ ਚੋਣ ਲੜੀ ਤਾਂ ਆਪਣੇ ਦੁਆਲੇ ਜੁੜੀ ਜੁੰਡੀ ਦੇ ਆਖੇ ਲੱਗ ਕੇ ਇਹ ਤਾਲਾ ਖੋਲ੍ਹਣ ਦਾ ਕੰਮ ਓਸੇ ਨੇ ਕੀਤਾ ਸੀ ਤੇ ਆਪਣੇ ਆਪ ਨੂੰ ਸੈਕੂਲਰ ਪਾਰਟੀ ਦੇ ਆਗੂ ਦੇ ਬਜਾਏ ਦੇਸ਼ ਦੀ ਹਿੰਦੂ ਬਹੁ-ਗਿਣਤੀ ਲਈ ਹੀਰੋ ਵਜੋਂ ਪੇਸ਼ ਕੀਤਾ ਸੀ। ਨਤੀਜਾ ਇਹ ਨਿਕਲਿਆ ਸੀ ਕਿ ਕਾਂਗਰਸ ਪਾਰਟੀ ਓਦੋਂ ਚਾਰ ਸੌ ਤੋਂ ਵੱਧ ਸੀਟਾਂ ਲੈ ਗਈ ਸੀ ਤੇ ਹਿੰਦੂਤੱਵ ਦੀ ਝੰਡਾ ਬਰਦਾਰ ਭਾਰਤੀ ਜਨਤਾ ਪਾਰਟੀ ਸਿਰਫ ਦੋ ਸੀਟਾਂ ਤੱਕ ਰਹਿ ਗਈ ਸੀ। ਇਸ ਨੂੰ ਕਾਂਗਰਸ ਆਪਣੇ ਲਈ ਇੱਕ ਲੁਕਮਾਨੀ ਨੁਸਖਾ ਮੰਨ ਬੈਠੀ ਅਤੇ ਇਸੇ ਰਸਤੇ ਚੱਲਣ ਲੱਗ ਪਈ। ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਦੇਸ਼ ਦਾ ਪ੍ਰਧਾਨ ਮੰਤਰੀ ਬਣੇ ਨਰਸਿਮਹਾ ਰਾਓ ਨੇ ਤਾਂ ਭਾਜਪਾ ਲੀਡਰਸ਼ਿਪ ਨਾਲ ਸਾਂਝ ਨਿਭਾਉਣ ਦੀ ਵੀ ਓੜਕ ਕਰ ਦਿੱਤੀ ਸੀ।

ਕਮਿਊਨਿਸਟ ਪਾਰਟੀ ਦੇ ਇੱਕ ਮਰਹੂਮ ਨੇਤਾ ਦੀ ਕਹੀ ਇਹ ਗੱਲ ਸਾਨੂੰ ਅੱਜ ਵੀ ਯਾਦ ਹੈ ਕਿ ਬਾਬਰੀ ਮਸਜਿਦ ਢਾਹੇ ਜਾਣ ਤੋਂ ਇੱਕ ਦਿਨ ਪਹਿਲਾਂ ਨਰਸਿਮਹਾ ਰਾਓ ਨੇ ਖੱਬੇ ਪੱਖੀ ਆਗੂਆਂ ਨੂੰ ਬੁਲਾਇਆ ਸੀ। ਉਹ ਉਸ ਦੇ ਘਰ ਜਾ ਕੇ ਡਰਾਇੰਗ ਰੂਮ ਵਿੱਚ ਬੈਠੇ ਚਾਹ ਪੀਂਦੇ ਰਹੇ ਅਤੇ ਨਰਸਿਮਹਾ ਰਾਓ ਅੰਦਰ ਭਾਜਪਾ ਦੇ ਤਿੰਨ ਵੱਡੇ ਆਗੂਆਂ ਨਾਲ ਮਸਜਿਦ ਨੂੰ ਢਾਹੇ ਜਾਣ ਦੀ ਗੋਂਦ ਗੁੰਦਣ ਲੱਗਾ ਰਿਹਾ ਸੀ। ਉਹ ਜਾਣਦਾ ਸੀ ਕਿ ਅਗਲੀ ਵਾਰੀ ਉਸ ਨੇ ਪ੍ਰਧਾਨ ਮੰਤਰੀ ਨਹੀਂ ਰਹਿ ਸਕਣਾ, ਇਸ ਲਈ ਪਾਰਟੀ ਜਾਂ ਦੇਸ਼ ਦਾ ਜੋ ਮਰਜ਼ੀ ਬਣਦਾ ਰਹੇ, ਆਪਣੇ ਧਰਮ ਦੇ ਸੇਵਕ ਹੋਣ ਦੀ ਭੱਲ ਖੱਟਣ ਦਾ ਮੌਕਾ ਮਿਲਿਆ ਹੈ ਤਾਂ ਵਰਤ ਲੈਣਾ ਚਾਹੀਦਾ ਹੈ। ਨਹਿਰੂ ਵਾਲਾ ਸੈਕੂਲਰਜ਼ਿਮ ਉਸ ਨੂੰ ਚਾਹੀਦਾ ਹੀ ਨਹੀਂ ਸੀ। ਬਾਅਦ ਵਿੱਚ ਵੀ ਕਾਂਗਰਸ ਪਾਰਟੀ ਨੇ ਪੰਡਿਤ ਅਖਵਾਉਣ ਦੇ ਬਾਵਜੂਦ ਸੈਕੂਲਰਿਜ਼ਮ ਉੱਤੇ ਪਹਿਰਾ ਦੇਂਦੇ ਰਹੇ ਜਵਾਹਰ ਲਾਲ ਨਹਿਰੂ ਦੀ ਸਿੱਖਿਆ ਦਾ ਚੇਤਾ ਕਦੇ ਨਹੀਂ ਕੀਤਾ, ਆਪਣੇ ਨਾਲਾਇਕ ਸਲਾਹਕਾਰਾਂ ਦੇ ਫਾਰਮੂਲੇ ਤੇ ਫਾਰਮੂਲੀਆਂ ਅਜ਼ਮਾਉਣ ਦੇ ਰਾਹ ਉੱਤੇ ਚੱਲਦੀ ਇੱਕ ਪਿੱਛੋਂ ਦੂਸਰੀ ਗਲਤੀ ਕਰ ਕੇ ਆਪਣੀਆਂ ਜੜ੍ਹਾਂ ਖੋਖਲੀਆਂ ਕਰਦੀ ਰਹੀ ਸੀ। ਆਰ ਐੱਸ ਐੱਸ ਨਾਲ ਸਾਂਝ ਵਾਲੇ ਬੰਦਿਆਂ ਨੂੰ ਪਾਰਟੀ ਵਿੱਚ ਵੱਡੀਆਂ ਪੋਸਟਾਂ ਦੇਣ ਦਾ ਅਮਲ ਜਾਰੀ ਰਿਹਾ ਤੇ ਅੱਜ ਜਿਹੜੇ ਰਾਜਾਂ ਵਿੱਚ ਭਾਜਪਾ ਦੀਆਂ ਸਰਕਾਰਾਂ ਹਨ, ਉਨ੍ਹਾਂ ਵਿੱਚੋਂ ਤਿੰਨਾਂ ਵਿੱਚ ਓਦੋਂ ਵਾਲੇ ਸਾਬਕਾ ਕਾਂਗਰਸੀ ਆਗੂ ਮੁੱਖ ਮੰਤਰੀ ਹਨ।

ਸੈਕੂਲਰ ਪੈਂਤੜਾ ਜਵਾਹਰ ਲਾਲ ਨਹਿਰੂ ਦਾ ਸੀ, ਜਿਸ ਦੇ ਖਿਲਾਫ ਪਹਿਲੀ ਚੋਣ ਵਿੱਚ ਅੱਜ ਵਾਲੀ ਭਾਜਪਾ ਬਣਨ ਤੋਂ ਪਹਿਲੀ ਜਨ ਸੰਘ ਤੋਂ ਵੀ ਪਹਿਲਾਂ ਵਾਲੀ ਹਿੰਦੂ ਮਹਾਂ ਸਭਾ ਨੇ ਇੱਕ ਸਾਧੂ ਇਹ ਕਹਿ ਕੇ ਖੜਾ ਕੀਤਾ ਸੀ ਕਿ ਕਿਉਂਕਿ ਨਹਿਰੂ ਨੇ ਆਪਣੀ ਧੀ ਮੁਸਲਮਾਨਾਂ ਦੇ ਘਰ ਵਿਆਹ ਦਿੱਤੀ ਹੈ, ਇਸ ਲਈ ਉਹ ਦੇਸ਼ ਦਾ ਆਗੂ ਨਹੀਂ ਚਾਹੀਦਾ। ਮੁਸਲਿਮ ਮੁੰਡੇ ਦੇ ਨਾਲ ਨਹੀਂ, ਨਹਿਰੂ ਦੀ ਧੀ ਨੇ ਪਾਰਸੀ ਮੁੰਡੇ ਨਾਲ ਵਿਆਹ ਕਰਵਾਇਆ ਸੀ, ਪਰ ਇਹ ਝੂਠ ਬੋਲ ਕੇ ਜਿਸ ਸੰਤ ਨੂੰ ਓਦੋਂ ਖੜਾ ਕੀਤਾ ਗਿਆ, ਉਸ ਨੇ ਆਪਣੇ ਮੂੰਹ ਉੱਤੇ ਪੱਟੀ ਬੰਨ੍ਹ ਲਈ ਕਿ ਇਹੋ ਜਿਹੇ ਨਹਿਰੂ ਦੇ ਖਿਲਾਫ ਬੋਲਣਾ ਵਾਧੂ ਦੀ ਗੱਲ ਹੈ, ਮੈਂ ਕੁਝ ਬੋਲਣਾ ਹੀ ਨਹੀਂ। ਨਹਿਰੂ ਨੇ ਕਿਹਾ ਸੀ ਕਿ ਸਾਧੂ ਨੇ ਬੋਲਣਾ ਨਹੀਂ, ਮੈਂ ਉਸ ਹਲਕੇ ਵਿੱਚ ਵੀ ਨਹੀਂ ਜਾਵਾਂਗਾ, ਲੋਕਾਂ ਨੂੰ ਠੀਕ ਜਾਂ ਗਲਤ ਦਾ ਫੈਸਲਾ ਕਰ ਲੈਣ ਦਿਆਂਗਾ। ਓਥੇ ਨਹਿਰੂ ਜਿੱਤ ਗਿਆ ਸੀ ਤੇ ਸਾਧੂ ਦੀ ਜ਼ਮਾਨਤ ਜ਼ਬਤ ਹੋਈ ਸੀ। ਚੋਣਾਂ ਵਿੱਚ ਹਾਰ ਗਏ ਸਾਧੂ ਨੇ ਆਪ ਟੈਲੀਗਰਾਮ ਭੇਜ ਕੇ ਨਹਿਰੂ ਨੂੰ ਵਧਾਈ ਦਿੱਤੀ ਅਤੇ ਨਾਲ ਇਹ ਕਿਹਾ ਸੀ ਕਿ ਤੂੰ ਨਹੀਂ, ਤੇਰਾ ਸੈਕੂਲਰ ਸਿਧਾਂਤ ਜਿੱਤਿਆ ਹੈ। ਅੱਜ ਦੇ ਕਾਂਗਰਸੀਆਂ ਨੂੰ ਉਹ ਯਾਦ ਹੀ ਨਹੀਂ।

ਪੈਂਤੜੇ ਤੋਂ ਥਿੜਕੀ ਹੋਈ ਇਸ ਪਾਰਟੀ ਨੇ ਆਪਣਾ ਨੁਕਸਾਨ ਵੀ ਕਰਵਾਇਆ ਤੇ ਦੇਸ਼ ਦਾ ਵੀ ਕਰਵਾ ਲੈਣ ਪਿੱਛੋਂ ਅਜੇ ਤੱਕ ਭਵਿੱਖ ਦਾ ਪੈਂਤੜਾ ਤੈਅ ਨਹੀਂ ਕਰ ਸਕੀ। ਖੱਬੇ ਪੱਖੀਆਂ ਤੋਂ ਇਸ ਨੂੰ ਕੁਝ ਆਸਰਾ ਇਹੋ ਜਿਹੇ ਔਝੜ ਭਰਪੂਰ ਦੌਰ ਦੌਰਾਨ ਮਿਲ ਸਕਦਾ ਸੀ, ਪਰ ਜਦੋਂ ਕਾਂਗਰਸ ਦੀ ਚੜ੍ਹਤ ਸੀ, ਉਸ ਦੇ ਆਗੂ ਖੱਬੇ ਪੱਖੀਆਂ ਦੀਆਂ ਜੜ੍ਹਾਂ ਵੱਢਣ ਲਈ ਅੱਜ ਦੇ ਭਾਜਪਾਈਆਂ ਤੋਂ ਵੀ ਵੱਧ ਕੋਸ਼ਿਸ਼ ਕਰਦੇ ਰਹੇ ਸਨ। ਅੱਜ ਉਸ ਪਾਰਟੀ ਦੇ ਬਹੁਤੇ ਲੀਡਰ ਚੁੱਪ ਰਹਿਣ ਦੇ ਵਿੱਚ ਸੁਖ ਭਾਲਦੇ ਹਨ ਤੇ ਜਿਹੜੇ ਥੋੜ੍ਹਾ-ਬਹੁਤ ਬੋਲਦੇ ਹਨ, ਉਹ ਹਰ ਗੱਲ ਏਥੋਂ ਸ਼ੁਰੂ ਕਰਦੇ ਹਨ ਕਿ ਸਾਡੇ ਆਗੂ ਰਾਹੁਲ ਨੇ ਆਹ ਕਿਹਾ ਹੈ ਤੇ ਪ੍ਰਿਅੰਕਾ ਨੇ ਔਹ ਕਿਹਾ ਹੈ, ਤਾਂ ਕਿ ਕੱਲ੍ਹ ਨੂੰ ਭਾਜਪਾ ਵਿੱਚ ਜਾਣ ਦੀ ਲੋੜ ਪਵੇ ਤਾਂ ਇਹ ਕਹਿਣ ਜੋਗੇ ਰਹਿਣ ਕਿ ਅਸੀਂ ਆਪਣੇ ਪੱਲਿਓਂ ਕੁਝ ਕਿਹਾ ਹੀ ਨਹੀਂ ਸੀ। ਰਾਹੁਲ ਤੇ ਪ੍ਰਿਅੰਕਾ ਦੋਵੇਂ ਜਣੇ ਆਰ ਐੱਸ ਐੱਸ ਦਾ ਵਿਰੋਧ ਕਰਦੇ ਹਨ, ਉਸ ਦੀ ਉਸ ਵਿਚਾਰਧਾਰਾ ਦਾ ਵਿਰੋਧ ਨਹੀਂ ਕਰਦੇ, ਜਿਸ ਨੇ ਅੱਜ ਬਹੁ-ਗਿਣਤੀ ਭਾਈਚਾਰੇ ਦੇ ਗਰੀਬ ਤੋਂ ਗਰੀਬ ਬੰਦੇ ਦੇ ਮਨ ਵਿੱਚ ਵੀ ਇਹ ਗੱਲ ਭਰ ਦਿੱਤੀ ਹੈ ਕਿ ਅੱਠ ਸੌ ਸਾਲਾਂ ਬਾਅਦ 'ਸਾਡਾ ਰਾਜ' ਆਇਆ ਹੈ। ਸੱਚਾਈ ਇਹ ਹੈ ਕਿ ਬਹੁ-ਗਿਣਤੀ ਭਾਈਚਾਰੇ ਦੇ ਲੋਕਾਂ ਦੇ ਮਨਾਂ ਵਿੱਚ ਇਸ ਤਰ੍ਹਾਂ ਦੀ ਭਾਵਨਾ ਭਰ ਕੇ ਭਾਰਤ ਨੂੰ ਪਿਛਲੇ ਸਮੇਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਮਾੜੀ ਆਰਥਿਕਤਾ ਵਿੱਚ ਏਨਾ ਉਲਝਾ ਦਿੱਤਾ ਗਿਆ ਹੈ ਕਿ ਨੀਵਾਣਾਂ ਵੱਲ ਜਾਣ ਤੋਂ ਪਿਛਾਂਹ ਨੂੰ ਇਸ ਦਾ ਮੋੜਾ ਕੱਟ ਸਕਣਾ ਮੁਸ਼ਕਲ ਜਾਪਣ ਲੱਗ ਪਿਆ ਹੈ। ਇਸ ਦੇ ਬਾਵਜੂਦ ਲੋਕ ਇਸ ਬਾਰੇ ਨਹੀਂ ਸੋਚ ਰਹੇ।

ਆਮ ਲੋਕ ਬਹੁਤੀਆਂ ਡੂੰਘੀਆਂ ਗੱਲਾਂ ਕਦੇ ਵੀ ਨਹੀਂ ਸੋਚਦੇ ਹੁੰਦੇ, ਉਨ੍ਹਾਂ ਦੀ ਬੋਲੀ ਵਿੱਚ ਨਿੱਤ ਦਿਨ ਉਨ੍ਹਾਂ ਦੇ ਕੋਲ ਰਹਿ ਕੇ ਇਹ ਗੱਲਾਂ ਉਨ੍ਹਾਂ ਤੱਕ ਪੁਚਾਉਣੀਆਂ ਪੈਂਦੀਆਂ ਹਨ। ਅੱਜ ਇਹੋ ਜਿਹੀ ਕੋਈ ਖਾਸ ਲਹਿਰ ਨਹੀਂ ਦਿੱਸਦੀ। ਮੁਲਕਾਂ ਦੇ ਇਤਿਹਾਸ ਵਿੱਚ ਕਈ ਵਾਰੀ ਚੁੱਪ ਦਾ ਦੌਰ ਵੀ ਆਉਂਦਾ ਹੁੰਦਾ ਹੈ, ਪਰ ਉਸ ਦੇ ਬਾਅਦ ਲੋਕਾਂ ਦੀ ਚੁੱਪ ਟੁੱਟਣ ਮਗਰੋਂ ਉਹ ਕੁਝ ਵੀ ਹੁੰਦਾ ਵੇਖਿਆ ਗਿਆ ਹੈ, ਜਿਸ ਦਾ ਕਿਸੇ ਨੂੰ ਚੇਤਾ ਨਹੀਂ ਸੀ। ਭਾਰਤ ਵਿੱਚ ਰਾਜ ਕਰਨ ਵਾਲਿਆਂ ਨੂੰ ਵੀ ਤੇ ਰਾਜ ਤੋਂ ਪਾਸੇ ਰਹਿਣ ਦੀ ਔਖ ਕੱਟਣ ਵਾਲਿਆਂ ਨੂੰ ਵੀ ਇਹ ਚੇਤਾ ਰੱਖਣਾ ਚਾਹੀਦਾ ਹੈ ਕਿ ਜੇ ਪਹਿਲਾ ਦੌਰ ਟਿਕਾਊ ਨਹੀਂ ਸੀ ਤਾਂ ਅੱਜ ਵਾਲਾ ਵੀ ਸਦੀਵੀ ਨਹੀਂ ਬਣਨ ਲੱਗਾ, ਵਕਤ ਦਾ ਪਹੀਆ ਮੁੜ ਕੇ ਵੀ ਕਿਸੇ ਪਾਸੇ ਨੂੰ ਗਿੜ ਸਕਦਾ ਹੈ।

# ਭਾਰਤ ਸਰਕਾਰ ਦੇ ਲਾਂਘੇ ਵਾਲੇ ਸਮਾਗਮ ਵਿੱਚੋਂ ਗੁਰੂ ਦੀ ਗੁਰਮੁਖੀ ਮਨਫੀ ਕਿਉਂ

-ਮਨਦੀਪ ਖੁਰਮੀ-

ਕਹਿੰਦੇ ਹਨ ਕਿ ਇੱਕ ਪੁੱਤ ਨੇ ਆਪਣੇ ਸਿਆਸਤਦਾਨ ਪਿਓ ਤੋਂ ਸਿਆਸਤ ਦੇ ਗੁਰ ਸਿੱਖਣ ਦੀ ਰਟ ਲਾ ਰੱਖੀ ਸੀ। ਉਹ ਆਪਣੇ ਪਿਓ ਅੱਗੇ ਹਰ ਵਾਰ ਇਹੀ ਰੋਣਾ ਰਹਿੰਦਾ ਕਿ ਉਹਨੇ ਵੀ ਸਿਆਸਤਦਾਨ ਬਣਨਾ ਹੈ ਅਤੇ ਉਸ ਨੂੰ ਸਿਆਸੀ ਬਿਸਾਤ ਦੀਆਂ ਚਾਲਾਂ ਚੱਲਣ ਦਾ ਗੁਰ ਸਿਖਾਇਆ ਜਾਵੇ। ਨਿਰੋਲ ਸਿਆਸੀ ਪਿਓ ਐਨਾ ਕੁ ਮਜ਼ਬੂਰ ਹੋ ਗਿਆ ਕਿ ਉਸ ਨੇ ਮੁੰਡੇ ਦੀ ਜ਼ਿੱਦ ਅੱਗੇ ਗੋਡੇ ਟੇਕ ਦਿੱਤੇ। ਪੁੱਤਰ ਨੂੰ ਸਿਆਸੀ ਕਾਇਦੇ ਦਾ ਪਹਿਲੇ ਗਿਆਨ ਦੇਣ ਲਈ ਹੁਕਮ ਦਿੱਤਾ ਕਿ ਪੌੜੀ ਰਾਹੀਂ ਕੋਠੇ ਦੀ ਛੱਤ 'ਤੇ ਚੜ੍ਹ ਜਾਵੇ। ਮੁੰਡੇ ਦੇ ਛੱਤ 'ਤੇ ਚੜ੍ਹਨ ਤੋਂ ਬਾਅਦ ਪਿਓ ਨੇ ਪੌੜੀ ਚੁੱਕ ਲਈ ਅਤੇ ਮੁੰਡੇ ਨੂੰ ਛੱਤ ਤੋਂ ਵਿਹੜੇ 'ਚ ਛਾਲ ਮਾਰਨ ਦਾ ਹੁਕਮ ਕੀਤਾ। ਮੁੰਡਾ ਡੌਰ-ਭੌਰ ਹੋ ਕੇ ਦੇਖੇ ਕਿ ਬਾਪੂ ਅੱਜ ਲੱਤਾਂ-ਬਾਹਾਂ ਜ਼ਰੂਰ ਤੁੜਵਾਏਗਾ। ਪਿਓ ਨੇ ਉਹਦਾ ਫਿਕਰ ਮੁਕਾਉਣ ਲਈ ਬਾਹਾਂ ਖਿਲਾਰ ਕੇ ਕਿਹਾ; ''ਤੂੰ ਛਾਲ ਮਾਰ, ਮੈਂ ਆਪਣੀਆਂ ਬਾਹਾਂ ਵਿੱਚ ਬੋਚ ਲਵਾਂਗਾ।'' ਮੁੰਡੇ ਨੇ ਪਿਓ 'ਤੇ ਯਕੀਨ ਕਰਦਿਆਂ ਛਾਲ ਮਾਰ ਦਿੱਤੀ, ਪਰ ਪਿਓ ਫੜੱਪਾ ਮਾਰ ਕੇ ਪਿਛਾਂਹ ਹਟ ਗਿਆ। ਮੁੰਡੇ ਦੇ ਗੋਡੇ-ਗਿੱਟੇ ਛਿੱਲੇ ਗਏ ਤੇ ਹੋਰ ਵੀ ਸੱਟਾਂ ਵੱਜੀਆਂ। ਕੁਰਲਾਉਂਦਾ ਹੋਇਆ ਬੋਲਿਆ, ''ਬਾਪੂ, ਆਹ ਕੀ ਕੀਤਾ? ਮੈਨੂੰ ਛਾਲ ਮਾਰਨ ਲਈ ਕਹਿ ਕੇ ਆਪ ਮੈਨੂੰ ਬਚਾਇਆ ਕਿਉਂ ਨਹੀਂ?'' ਬਾਪੂ ਦਾ ਦਿੱਤਾ ਜਵਾਬ ਹਰ ਸਮੇਂ ਦੀ ਸਿਆਸਤ 'ਤੇ ਢੁੱਕਦਾ ਆ ਰਿਹਾ ਹੈ ਤੇ ਢੁੱਕਦਾ ਰਹੇਗਾ ਕਿ ''ਇਹੀ ਸਿਆਸਤ ਦਾ ਪਹਿਲਾ ਸਬਕ ਹੈ ਕਿ ਜੋ ਚੀਜ਼ ਦਿਸਦੀ ਹੈ, ਉਹ ਹੁੰਦੀ ਨਹੀਂ ਤੇ ਜੋ ਹੁੰਦੀ ਹੈ, ਉਹ ਦਿਸਦੀ ਨਹੀਂ।''

ਸੱਚਮੁੱਚ ਹੀ ਅਜਿਹੀ ਸਿਆਸਤ ਦੇ ਪੈਂਤੜੇ ਬੀਤੇ ਦਿਨੀਂ ਹੋਏ ਭਾਰਤ ਸਰਕਾਰ ਵੱਲੋਂ ਆਯੋਜਿਤ ਲਾਂਘਾ ਸਮਾਗਮਾਂ ਵਿੱਚ ਦੇਖਣ ਨੂੰ ਮਿਲੇ। ਸਿਆਸਤ ਤਾਂ ਆਪਣੇ ਪੁੱਤ ਦੀ ਸਕੀ ਨਹੀਂ ਹੁੰਦੀ, ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁਰਬ ਨੂੰ ਕਿਵੇਂ ਛੱਡ ਦਿੰਦੀ? ਕੀ ਸਮਾਗਮਾਂ ਵਿੱਚ ਕੋਈ ਉਹ ਵਰਤਾਰਾ ਦੇਖਣ ਨੂੰ ਮਿਲਿਆ, ਜਿਹੜਾ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਹੋਵੇ? ਪਾਠਕ ਜਵਾਬ ਵਜੋਂ ਸਿਰ ਨਾਂਹ 'ਚ ਹਿਲਾਵੇਗਾ। ਭਾਗੋ ਦੇ ਪਕਵਾਨ ਠੁਕਰਾ ਕੇ ਲਾਲੋ ਦੀ ਕੋਧਰੇ ਦੀ ਰੋਟੀ ਛਕਣ ਵਾਲੇ ਬਾਬੇ ਦੀ ਕਿਹੜੀ ਸਿੱਖਿਆ ਦੀ ਅਸੀਂ ਪਾਲਣਾ ਕੀਤੀ ਹੈ? ਫਾਸਟ ਫੂਡ, ਕੋਲਡ ਡ੍ਰਿੰਕ ਦੇ ਸਟਾਲ ਕਦੋਂ 'ਲੰਗਰ' ਦਾ ਰੁਤਬਾ ਹਾਸਲ ਕਰ ਗਏ, ਸਾਨੂੰ ਪਤਾ ਨਹੀਂ ਲੱਗਾ? ਬਾਬਾ ਨਾਨਕ ਵੀ ਹੈਰਾਨ ਹੁੰਦਾ ਹੋਵੇਗਾ 550 ਤਰ੍ਹਾਂ ਦੇ ਪਕਵਾਨ ਦੇਖ ਕੇ ਅਤੇ ਬੀਮਾਰੀਆਂ ਨੂੰ ਸੱਦਾ ਦੇਣ ਵਾਲੇ ਗੈਸੀ ਜਲ ਪਦਾਰਥਾਂ ਨੂੰ 'ਲੰਗਰ' ਕਹਿ ਵਰਤਾਏ ਜਾਂਦੇ ਦੇਖ ਕੇ।




ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਰੂਹ ਗੁਰਮੁਖੀ ਅੰਦਰ ਵਸਦੀ ਹੈ। ਭਾਰਤ ਸਰਕਾਰ ਵਲੋਂ ਸਮਾਗਮ ਹਿੱਤ ਪੰਜਾਬ ਦੀ ਹਿੱਕ 'ਤੇ ਗੱਡੇ ਨੀਂਹ ਪੱਥਰ ਵਿੱਚੋਂ ਨਾ ਗੁਰੂ ਨਾਨਕ ਦੇਵ ਜੀ ਦਾ ਨਾਂ ਲੱਭਾ ਤੇ ਨਾ ਗੁਰਮੁਖੀ। ਸਿਆਸੀ ਆਗੂਆਂ ਨੇ ਸਿਆਸਤ ਕਰਨੀ ਹੁੰਦੀ ਹੈ ਤੇ ਸਿਅਸਤ ਵਿੱਚ ਕੁਝ ਵੀ ਅਚਨਚੇਤ ਨਹੀਂ ਵਾਪਰਦਾ ਸਗੋਂ ਹਰ ਘਟਨਾ, ਹਰ ਬਿਆਨ ਪਹਿਲਾਂ ਤੋਂ ਤੈਅ ਹੁੰਦਾ ਹੈ। ਕੀ ਦਿੱਲੀ ਦੀ ਨਿਗਰਾਨੀ ਹੇਠ ਤਿਆਰ ਹੋ ਕੇ ਪੰਜਾਬ ਦੇ ਸਿਆਸੀ ਆਗੂਆਂ ਨੇ ਇਸ ਸਿਆਸਤ ਦੀ ਚਕਾਚੌਂਧ ਵਿੱਚ ਭਾਰਤ-ਪਾਕਿ ਜਾਂਚ ਚੌਕੀ ਵਾਲੇ ਨੀਂਹ ਪੱਥਰ ਉਪਰ ਗੁਰੂ ਨਾਨਕ ਦੇਵ ਜੀ ਦਾ ਨਾਂ ਦਰਜ ਕਰਨਾ ਜ਼ਰੂਰੀ ਨਹੀਂ ਸਮਝਿਆ ਤੇ ਨਾ ਹੀ ਗੁਰਮੁਖੀ 'ਚ ਲਿਖਣਾ? ਕੀ ਸਿਆਸਤ ਐਨੀ ਮਤਲਬੀ ਹੁੰਦੀ ਹੈ ਕਿ ਉਸ ਲਈ ਦੇਸ਼ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰ ਮੰਤਰੀ, ਐਮ ਪੀ ਏਨੇ ਉਚ ਕਿਰਦਾਰਾਂ ਦੇ ਮਾਲਕ ਹਨ ਕਿ ਉਸ ਨੀਂਹ ਪੱਥਰ 'ਤੇ ਗੁਰੂ ਨਾਨਕ ਦੇਵ ਜੀ ਦਾ ਨਾਂ ਲਿਖਣਾ ਭੁਲਾ ਦਿੱਤਾ। ਆਪੋ-ਆਪਣੀਆਂ ਸਟੇਜਾਂ ਲਾਉਣ ਪਿੱਛੋਂ ਦੀ ਬਿਆਨਬਾਜ਼ੀ, ਆਪੋ-ਆਪਣੀ ਪਾਰਟੀ ਦੇ ਵਰਕਰਾਂ ਦੇ ਜਥਿਆਂ ਦੀਆਂ ਤਸਵੀਰਾਂ ਰਾਹੀਂ ਸਿਰਫ ਅਤੇ ਸਿਰਫ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਜਿਵੇਂ ਇਸ ਸਮਾਗਮ ਰਾਹੀਂ ਵੀ ਵੋਟ ਬੈਂਕ ਪੱਕਾ ਕਰਨ ਚੱਲੇ ਹੋਣ।

ਬੇਸ਼ੱਕ ਭਾਰਤ ਪਾਕਿਸਤਾਨ ਦੇ ਸੁਖਾਵੇਂ ਸਬੰਧਾਂ ਲਈ ਇਹ ਲਾਂਘਾ ਇੱਕ ਆਸ ਬਣ ਸਕਦਾ ਹੈ ਪਰ ਸਿਆਸਤ ਕਦੋਂ ਚਾਹੇਗੀ ਕਿ ਲੋਕ ਦੋਵਾਂ ਦੇਸ਼ਾਂ ਦੀ ਦੁਸ਼ਮਣੀ ਦੇ ਬਿਆਨਾਂ ਨੂੰ ਭੁੱਲ ਕੇ ਹਾਕਮਾਂ ਕੋਲੋਂ ਸਿਹਤ, ਵਿੱਦਿਆ ਤੇ ਰੋਜ਼ਗਾਰ ਦੀ ਮੰਗ ਕਰਨ ਸਗੋਂ ਸਿਆਸਤ ਦਾ ਨਿੱਜੀ ਲਾਭ ਇਸ ਗੱਲ 'ਚ ਹੈ ਕਿ ਲੋਕ ਆਪਣੇ ਭਲੇ ਦੀਆਂ ਲੋੜਾਂ ਨੂੰ ਭੁੱਲ ਕੇ ਸਿਆਸਤਦਾਨਾਂ ਦੇ ਹੱਥ-ਠੋਕੇ ਬਣੇ ਰਹਿਣ। ਇਹੋ ਮਿਸਾਲ ਸੂਬੇ ਦੇ ਮੁੱਖ ਮੰਤਰੀ ਨੇ ਪੇਸ਼ ਕੀਤੀ, ਜਦੋਂ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਸਜਾਈ ਸਟੇਜ ਤੋਂ ਪਾਕਿਸਤਾਨ ਨੂੰ ਮੂਧਾ ਮਾਰਨ, ਚੂੜੀਆਂ ਨਾ ਪਹਿਨੀਆਂ ਹੋਣ ਵਰਗੇ ਬਚਕਾਨਾ ਬਿਆਨ ਦਿੱਤੇ। ਇੱਕ ਪਾਸੇ ਦੁਨੀਆ ਭਰ ਤੋਂ ਲਾਂਘਾ ਖੁੱਲ੍ਹਣ ਦੀ ਖੁਸ਼ੀ ਦੀਆਂ ਕਿਲਕਾਰੀਆਂ ਆ ਰਹੀਆਂ ਸਨ ਤੇ ਦੂਜੇ ਪਾਸੇ ਮੁੱਖ ਮੰਤਰੀ ਸਾਹਿਬ ਕੁਝ ਕੁ ਲਲਕਾਰੇ ਮਾਰਨ ਤੋਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਾਲ ਖੁੱਲ੍ਹੀ ਬੱਸ ਵਿੱਚ ਖੜ੍ਹੇ ਨਜ਼ਰ ਆਏ।

ਸਮਾਗਮ ਪਾਕਿਸਤਾਨ ਵਿੱਚ ਵੀ ਹੋਇਆ ਹੈ। ਜੇ ਸਮਝਣ ਤਾਂ ਭਾਰਤੀ ਸਿਆਸਤਦਾਨਾਂ ਲਈ ਇਹ ਸਬਕ ਵਰਗ ਸੀ। ਸਟੇਜ 'ਤੇ ਬੈਠਣ ਲਈ ਖਿੱਚ-ਧੂਹ ਨਹੀਂ ਸੀ ਹੋਈ, ਸਗੋਂ ਜਿਸ ਬੁਲਾਰੇ ਦਾ ਨਾਂ ਬੋਲਿਆਂ ਜਾਂਦਾ, ਸਿਰਫ ਉਹੀ ਮੰਚ 'ਤੇ ਖੜ੍ਹਾ ਨਜ਼ਰ ਆਉਂਦਾ ਸੀ। ਬਾਕੀ ਸਭ 'ਉਚੇ ਲੋਕ' ਆਮ ਲੋਕਾਂ ਵਿੱਚ ਚੌਕੜੀ ਮਾਰੀ ਬੈਠੇ ਸਨ। ਪੰਜਾਬ ਸਮੇਤ ਭਾਰਤ ਦੇ ਸਮੂਹ ਸਿਆਸਤਦਾਨਾਂ ਲਈ ਇਸ ਤੋਂ ਸਬਕ ਲੈ ਕੇ ਅਹਿਮ ਕਰਨਾ ਬਣਦਾ ਹੈ ਕਿ ਉਹ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਧਾਰਮਿਕ ਮੰਚਾਂ ਨੂੰ ਤਾਂ ਬਖਸ਼ ਦੇਣ। ਬੇਸ਼ੱਕ ਸਮਾਗਮਾਂ ਵਿੱਚੋਂ ਗੁਰੂ ਅਤੇ ਗੁਰਮੁੱਖੀ ਨੂੰ ਮਨਫੀ ਕਰਨ ਪਿੱਛੇ ਸਰਕਾਰਾਂ ਦੀ ਕੋਈ ਮਜਬੂਰੀ ਸੀ, ਪਰ ਪਿੱਛੋਂ ਇਸ ਗਲਤੀ ਨੂੰ ਸੁਧਾਰਿਆ ਗਿਆ ਹੈ।

# ਡੇਰਾ ਬਾਬਾ ਨਾਨਕ ਤੋਂ ਢਾਕਾ ਤੱਕ ਦਾ 'ਸਫਰ'

-ਮਨੀਸ਼ ਤਿਵਾੜੀ

9 ਨਵੰਬਰ ਨੂੰ ਸਵੇਰੇ 9 ਵਜੇ ਮੈਂ ਭਾਰਤ ਦੇ ਉਤਰ-ਪੱਛਮੀ ਸਿਰੇ ਵਿੱਚ ਡੇਰਾ ਬਾਬਾ ਨਾਨਕ ਦੇ ਇਮੀਗ੍ਰੇਸ਼ਨ ਟਰਮੀਨਲ ਉੱਤੇ ਪਹੁੰਚਿਆ। ਇਥੋਂ ਮੈਂ ਕੋਰੀਡੋਰ ਦੇ ਰਸਤੇ ਪਾਕਿਸਤਾਨ 'ਚ ਸਥਿਤ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ 'ਚ ਮੱਥਾ ਟੇਕਣ ਜਾਣਾ ਸੀ। ਪੰਜਾਬੀਆਂ ਦੇ ਦਿਲਾਂ 'ਚ ਕਰਤਾਰਪੁਰ ਸਾਹਿਬ ਇੱਕ ਅਹਿਮ ਸਥਾਨ ਰੱਖਦਾ ਹੈ, ਚਾਹੇ ਉਹ ਸਿੱਖ ਹੋਣ ਜਾਂ ਗੈਰ-ਸਿੱਖ। ਸੀਰਿਲ ਰੈਡਕਲਿਫ ਨੇ ਭਾਰਤੀ ਉਪ-ਮਹਾਦੀਪ 'ਚ ਭਾਰਤ-ਪਾਕਿਸਤਾਨ ਨੂੰ ਵੰਡਣ ਵਾਲੀ ਲਕੀਰ ਖਿੱਚ ਦਿੱਤੀ, ਜਿਸ ਨੇ ਕਰਤਾਰਪੁਰ ਸਾਹਿਬ ਨੂੰ ਪਾਕਿਸਤਾਨ 'ਚ ਪਾ ਦਿੱਤਾ ਤੇ ਦੋਂਹ ਦੇਸ਼ਾਂ ਵਿਚਾਲੇ ਕੁੜੱਤਣ ਵਧ ਗਈ। ਪੰਜਾਬੀਆਂ, ਖਾਸ ਕਰਕੇ ਸਿੱਖਾਂ ਦਾ ਮੰਨਣਾ ਸੀ ਕਿ ਉਨ੍ਹਾਂ ਨੂੰ ਪਾਕਿਸਤਾਨ 'ਚ ਪੈਂਦੇ ਧਾਰਮਿਕ ਅਸਥਾਨਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰਨ ਦਾ ਮੌਕਾ ਮਿਲੇ ਅਤੇ ਉਥੇ ਕਿਸੇ ਤਰ੍ਹਾਂ ਦੀਆਂ ਪਾਬੰਦੀਆਂ ਨਾ ਹੋਣ।

ਆਖਿਰ ਇਹ ਅਰਦਾਸ ਕਬੂਲ ਹੋਈ ਅਤੇ ਲੰਮੀ ਉਡੀਕ ਤੋਂ ਬਾਅਦ ਅਸੀਂ ਭਾਰਤੀ ਸਰਹੱਦ 'ਚ 'ਨੋ ਮੈਨ'ਜ਼ ਲੈਂਡ' ਦੇ 30 ਮੀਟਰ ਦੇ ਦਾਇਰੇ ਨੂੰ ਪਾਰ ਕਰਕੇ ਪਾਕਿਸਤਾਨ ਦੀ ਸਰਹੱਦ 'ਚ ਦਾਖਲ ਹੋਏ। ਉਥੇ ਸਾਡਾ ਸਵਾਗਤ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਜ਼ਲ ਨੇ ਕੀਤਾ, ਜਿਨ੍ਹਾਂ ਨੂੰ ਮੈਂ ਪਹਿਲਾਂ ਜਾਣਦਾ ਸੀ। ਇਮੀਗ੍ਰੇਸ਼ਨ ਤੇ ਕਸਟਮ ਨੂੰ ਕਲੀਅਰ ਕਰਨ ਮਗਰੋਂ ਮੈਂ ਬੱਸ 'ਚ ਬੈਠ ਗਿਆ, ਜੋ ਗੁਰਦੁਆਰਾ ਸਾਹਿਬ ਨੂੰ ਰਵਾਨਾ ਹੋਈ। ਇਹ ਇੱਕ ਅਭੁੱਲ ਯਾਤਰਾ ਸੀ। ਤੇਜ਼ ਹਵਾਵਾਂ ਦੇ ਬੁੱਲਿਆਂ ਨੇ ਸੂਰਜ ਦੀ ਗਰਮੀ ਮੱਠੀ ਕਰ ਦਿੱਤੀ। ਕੋਰੀਡੋਰ ਸੜਕ ਦੇ ਦੋਵੇਂ ਪਾਸੇ ਕੰਡਿਆਲੀ ਤਾਰ ਲੱਗੀ ਹੋਈ ਸੀ, ਜਿਥੇ ਸੁਰੱਖਿਆ ਅਧਿਕਾਰੀਆਂ ਨੂੰ ਅਸੀਂ ਸਪੱਸ਼ਟ ਦੇਖ ਸਕਦੇ ਸੀ। ਪਾਕਿਸਤਾਨੀ ਰੇਂਜਰ ਘੋੜਿਆਂ 'ਤੇ ਸਵਾਰ ਹੋ ਕੇ ਗਸ਼ਤ ਕਰ ਰਹੇ ਸਨ। ਉਥੇ ਕੁਝ ਕੱਚੇ ਮਕਾਨ ਅਤੇ ਉਨ੍ਹਾਂ ਦੀਆਂ ਛੱਤਾਂ ਦੂਰੋਂ ਦਿਖਾਈ ਦੇ ਰਹੀਆਂ ਸਨ, ਜੋ ਇਹ ਦਰਸਾਉਂਦੀਆਂ ਸਨ ਕਿ ਕਿਵੇਂ ਦੱਖਣੀ ਏਸ਼ੀਆ ਦੇ ਕੁਝ ਹਿੱਸੇ ਗਰੀਬੀ ਦੇ ਸ਼ਿਕਾਰ ਹਨ।

ਕੀ ਕਰਤਾਰਪੁਰ ਸਾਹਿਬ ਇੱਕ ਨਵਾਂ ਅਧਿਆਏ ਲਿਖ ਸਕੇਗਾ? ਕੀ ਇਹ ਦਿਮਾਗੀ ਅਤੇ ਸਰੀਰਕ ਬੰਧਨਾਂ ਨੂੰ ਤੋੜ ਸਕੇਗਾ? ਇਹ ਸੋਚਦੇ ਹੋਏ ਮੈਂ ਛੇਤੀ ਹੀ ਗੁਰਦੁਆਰਾ ਸਾਹਿਬ ਦਾ ਗੇਟ ਦੇਖਿਆ ਅਤੇ ਬੱਸ ਰੁਕਦਿਆਂ ਹੀ ਮੈਂ ਦੇਖਿਆ ਕਿ ਦੁਪਹਿਰ ਵੇਲੇ ਸੂਰਜ ਦੀਆਂ ਕਿਰਨਾਂ ਸੰਗਮਰਮਰ 'ਤੇ ਪੈ ਰਹੀਆਂ ਸਨ। ਬੱਸ ਦੇ ਉਥੇ ਪੁੱਜਣ ਤੋਂ ਪਹਿਲਾਂ ਕੁਝ ਭਰਮ ਪੈਦਾ ਹੋਏ। ਮੱਥਾ ਟੇਕਣ ਤੋਂ ਬਾਅਦ ਅਸੀਂ ਖੁੱਲ੍ਹੇ ਵਿਹੜੇ 'ਚ ਪਹੁੰਚੇ, ਜਿਥੇ ਸ਼ਰਧਾਲੂਆਂ ਦੀ ਭਾਰੀ ਭੀੜ ਸੀ। ਮੇਰੇ ਕਾਂਗਰਸ ਦਾ 12ਵੀਂ ਵਾਰ ਬੁਲਾਰਾ ਬਣਨ ਪਿੱਛੋਂ ਮੈਨੂੰ ਭਾਰਤੀ ਮੀਡੀਆ ਵਾਲਿਆਂ ਨੇ ਟੀ ਵੀ ਉੱਤੇ ਬੋਲਣ ਲਈ ਘੇਰ ਲਿਆ। ਉਨ੍ਹਾਂ 'ਚੋਂ ਕੁਝ ਮੇਰੇ ਦੋਸਤ ਵੀ ਸਨ। ਅਸੀਂ ਸ਼ਰਧਾਲੂਆਂ 'ਚ ਮਿਲ ਗਏ। ਉਥੇ ਦੇਸ਼-ਵਿਦੇਸ਼ ਤੋਂ ਆਏ ਸ਼ਰਧਾਲੂ ਦਿਖਾਈ ਦੇਂਦੇ ਸਨ। ਮੈਂ ਕੁਝ ਪਾਕਿਸਤਾਨੀਆਂ ਨਾਲ ਗੱਲਬਾਤ ਕੀਤੀ, ਜੋ ਬਹੁਤ ਉਤਾਰਵਲੇ ਹੋ ਕੇ ਮੇਰੇ ਅੰਦਰਲੇ ਭਾਰਤੀ ਖੂਨ ਨੂੰ ਪਛਾਣਨ ਦੀ ਕੋਸ਼ਿਸ਼ ਕਰ ਰਹੇ ਸਨ। ਕੁਝ ਨੇ ਮੇਰੇ ਨਾਲ ਸੈਲਫੀ ਵੀ ਲਈ ਅਤੇ ਕਈਆਂ ਨੇ ਮੈਨੂੰ ਛੂਹ ਕੇ ਇਹ ਦੇਖਣਾ ਚਾਹਿਆ ਕਿ ਮੈਂ ਸੱਚਮੁਚ ਇਨਸਾਨ ਹੀ ਹਾਂ।

ਗੁਰੂ ਅੱਗੇ ਨਤਮਸਤਕ ਹੋਣ ਤੋਂ ਵੱਡਾ ਕੁਝ ਵੀ ਨਹੀਂ ਸੀ। ਇੱਕ ਘੰਟੇ ਬਾਅਦ ਅਸੀਂ ਵਾਪਸ ਜਾਣ ਦੀ ਠਾਣ ਲਈ। ਪਾਕਿਸਤਾਨ ਵੱਲੋਂ ਇੱਕ ਗੱਡੀ ਦਾ ਇੰਤਜ਼ਾਮ ਕੀਤਾ ਗਿਆ ਸੀ, ਜੋ ਸਾਨੂੰ ਟਰਮੀਨਲ ਤੱਕ ਲਿਜਾ ਸਕੇ। ਜਦੋਂ ਅਸੀਂ ਗੇਟ ਦੇ ਨੇੜੇ ਪਹੁੰਚੇ, ਇੱਕ 20 ਸਾਲਾ ਉਚੇ ਕੱਦ-ਕਾਠ ਦਾ ਪਾਕਿਸਤਾਨੀ ਫੌਜੀ ਅਧਿਕਾਰੀ (ਜੋ ਮੇਰਾ ਬਾਡੀਗਾਰਡ ਸੀ) ਮੈਨੂੰ ਬੋਲਿਆ, ''ਸਰ ਕੀ ਅਸੀਂ ਵੀ ਕਦੇ ਸਰਹੱਦ ਪਾਰ ਜਾ ਸਕਾਂਗੇ?'' ਭੋਲੇਪਣ ਨਾਲ ਕੀਤਾ ਗਿਆ ਸਵਾਲ ਉਸ ਦੇ ਚਿਹਰੇ ਤੋਂ ਝਲਕ ਰਿਹਾ ਸੀ। ਦਰਦ ਭਰੇ ਲਹਿਜ਼ੇ 'ਚ ਨਿਕਲੀ ਉਸ ਦੀ ਆਵਾਜ਼ ਨੂੰ ਮੈਂ ਪਛਾਣ ਸਕਿਆ ਅਤੇ ਬੋਲਿਆ 'ਇੰਸ਼ਾ ਅੱਲ੍ਹਾ'। ਗੇਟ ਉੱਤੇ ਬੀ ਐਸ ਐਫ ਦੇ ਅਧਿਕਾਰੀਆਂ ਨੇ ਮੈਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ, ਜਿਸ ਨਾਲ ਮੈਨੂੰ ਬਹੁਤ ਸਕੂਨ ਮਿਲਿਆ। ਉਥੋਂ ਪਰਤਣ ਵਾਲੇ ਅਸੀਂ ਪਹਿਲੇ ਲੋਕ ਸੀ। ਇਹ ਪੂਰੀ ਯਾਤਰਾ ਅਸੀਂ ਦੋ ਘੰਟਿਆਂ 'ਚ ਕਰ ਲਈ।

ਤਿੰਨ ਦਿਨਾਂ ਬਾਅਦ ਮੈਂ ਭਾਰਤ ਦੇ ਪੂਰਬੀ ਸਿਰੇ 'ਤੇ ਚਲਾ ਗਿਆ। ਏਥੇ ਮੈਂ ਬੰਗਲਾਦੇਸ਼ ਦੀ ਰਾਜਧਾਨੀ ਢਾਕਾ 'ਚ ਇੱਕ ਸੰਸਾਰਕ ਸੰਵਾਦ ਲਈ ਪਹੁੰਚਿਆ ਸੀ। ਉਥੋਂ ਦੀਆਂ ਤੰਗ ਗਲੀਆਂ 'ਚੋਂ ਟਰੈਫਿਕ ਸ਼ਾਇਦ ਹੀ ਨਿਕਲ ਸਕਦਾ ਸੀ। ਪ੍ਰਦੂਸ਼ਣ ਕਾਰਣ ਸਾਹ ਬੰਦ ਹੋ ਰਿਹਾ ਸੀ ਅਤੇ ਜ਼ੋਰ ਨਾਲ ਵੱਜਣ ਵਾਲੇ ਹਾਰਨ ਕੰਨ ਪਾੜ ਰਹੇ ਸਨ। ਟਰੈਫਿਕ ਲਾਈਟਾਂ ਵੀ ਕੰਮ ਨਹੀਂ ਕਰ ਰਹੀਆਂ ਸਨ। ਭਾਰਤ ਦੇ ਹਰ ਸ਼ਹਿਰ ਦੀ ਵੀ ਅਜਿਹੀ ਹੀ ਹਾਲਤ ਹੈ ਜਾਂ ਫਿਰ ਇਹ ਕਹਿ ਲਓ ਕਿ ਉਪ-ਮਹਾਦੀਪ 'ਚ ਭੀੜ-ਭੜੱਕ ਦਿਖਾਈ ਦਿੰਦਾ ਹੈ ਤੇ ਪ੍ਰਬੰਧ ਨਾ ਦੇ ਬਰਾਬਰ ਹਨ। ਭਾਰਤੀ ਉਪ-ਮਹਾਦੀਪ 'ਚ ਜ਼ਿਆਦਾਤਾਰ ਲੋਕ 19ਵੀਂ ਸਦੀ 'ਚ ਜਿਉਂਦੇ ਹਨ। 21ਵੀਂ ਸਦੀ 'ਏਸ਼ੀਆਈ ਸਦੀ' ਅਖਵਾਏਗੀ ਪਰ ਇਸ ਲਈ ਨੇਤਾਵਾਂ ਅਤੇ ਨੀਤੀ ਘਾੜਿਆਂ ਨੂੰ ਆਪਣਾ ਜਜ਼ਬਾ ਦਿਖਾਉਣਾ ਪਵੇਗਾ। ਦੱਖਣੀ ਏਸ਼ੀਆ ਨੇ 'ਪਾਵਰ ਹਾਊਸ' ਬਣਨਾ ਹੈ ਤਾਂ 'ਏਸ਼ੀਆਈ ਸਦੀ' ਨੂੰ ਇਹੋ ਗੱਲ ਅੱਗੇ ਵਧਾਏਗੀ। ਲੋੜ ਹੈ ਪਦਾਰਥਾਂ, ਲੋਕਾਂ, ਵਿਚਾਰਾਂ ਅਤੇ ਸੱਭਿਅਤਾ ਨੂੰ ਈਰਾਨ ਦੀ ਪੱਛਮੀ ਸਰਹੱਦ ਤੋਂ ਲੈ ਕੇ ਥਾਈਲੈਂਡ ਦੀ ਪੂਰਬੀ ਸਰਹੱਦ ਤੱਕ ਅੱਗੇ ਤੱਕ ਵਧਾਉਣ ਦੀ, ਬੁਨਿਆਦੀ ਢਾਂਚੇ ਅਤੇ ਉਪਰ ਲਿਜਾਣ ਵਾਲੀ ਸੋਚ ਦੀ। ਅਸੀਂ ਯੂਰਪ ਵੱਲ ਦੇਖੀਏ, ਜਿਸ ਨੇ ਪਿਛਲੇ 100 ਸਾਲਾਂ 'ਚ ਦੋ ਸੰਸਾਰ ਜੰਗਾਂ ਲੜੀਆਂ। ਉਨ੍ਹਾਂ ਨੇ ਕਤਲਾਂ ਅਤੇ ਇੱਕ-ਦੂਜੇ ਨੂੰ ਲੁੱਟਣ ਵਾਲਾ ਦੌਰ ਵੀ ਦੇਖਿਆ, ਤਾਂ ਹੀ ਉਹ 'ਅੱਜ' ਨੂੰ ਦੇਖ ਸਕੇ ਹਨ। 1945 'ਚ ਯੂਰਪ ਤਬਾਹ ਹੋਇਆ ਪਰ ਉਸ ਨੇ ਖੁਦ ਨੂੰ ਇਸ ਤਰ੍ਹਾਂ ਸਥਾਪਿਤ ਕੀਤਾ ਕਿ ਉਹ ਹੁਣ ਇਕਜੁੱਟ, ਖੁਸ਼ਹਾਲ ਅਤੇ ਤਾਕਤਵਰ ਦਿਖਾਈ ਦਿੰਦਾ ਹੈ। ਭਾਰਤ ਨੂੰ ਵੀ ਅਜਿਹੇ ਮਾਡਲ ਨੂੰ ਅਪਣਾਉਣਾ ਪਵੇਗਾ ਅਤੇ ਸਰਹੱਦਾਂ ਨੂੰ ਮਿਟਾਉਣਾ ਪਵੇਗਾ। ਸਾਨੂੰ ਈਮਾਨਦਾਰੀ ਨਾਲ ਦੱਖਣ-ਏਸ਼ੀਆਈ ਯੂਨੀਅਨ ਗਠਨ ਕਰਨਾ ਪਵੇਗਾ। ਇਹ ਸਾਡੀ ਅਗਲੀ ਪੀੜ੍ਹੀ ਦੀ ਕਾਮਨਾ ਹੋਵੇਗੀ।

# ਸੋਸ਼ਲ ਮੀਡੀਆ ਦੇ ਜਾਲ 'ਚ ਫਸੀ ਨੌਜਵਾਨੀ ਦਾ ਭਵਿੱਖ ਖਤਰੇ 'ਚ

-ਕਿਰਨ ਪਾਹਵਾ-

ਕੋਈ ਸਮਾਂ ਸੀ, ਜਦੋਂ ਸੋਸ਼ਲ ਮੀਡੀਆ ਨੇ ਨਵੇਂ-ਨਵੇਂ ਪੈਰ ਪਸਾਰੇ ਸਨ ਅਤੇ ਹਰ ਕੋਈ ਇਸ ਦਾ ਪ੍ਰਸੰਸਕ ਸੀ, ਕਿਉਂਕਿ ਇਸ 'ਤੇ ਦਿਖਾਈਆਂ ਜਾਂਦੀਆਂ ਸੱਚੀਆਂ ਘਟਨਾਵਾਂ ਨੇ ਲੋਕਾਂ ਦਾ ਧਿਆਨ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਵੱਲੋਂ ਹਟਾ ਕੇ ਆਪਣੇ ਵੱਲ ਖਿੱਚ ਲਿਆ ਸੀ। ਜਿਸ ਖਬਰ ਨੂੰ ਅਖਬਾਰਾਂ 'ਚ ਦੂਜੇ ਦਿਨ ਪੜ੍ਹਨਾ ਹੁੰਦਾ ਸੀ, ਉਹ ਉਸੇ ਸਮੇਂ ਸੋਸ਼ਲ ਮੀਡੀਆ 'ਤੇ ਚੜ੍ਹ ਕੇ ਦੇਸ਼ਾਂ ਵਿਦੇਸ਼ਾਂ 'ਚ ਪੁੱਜ ਜਾਂਦੀ। ਇਹ ਦੌਰ ਕੁਝ ਜ਼ਿਆਦਾ ਦੇਰ ਨਹੀਂ ਚੱਲਿਆ ਅਤੇ ਛੇਤੀ ਹੀ ਸੋਸ਼ਲ ਮੀਡੀਆ ਨੇ ਲੋਕਾਂ 'ਚ ਆਪਣੀ ਭਰੋਸੇ ਯੋਗਤਾ ਗੁਆ ਲਈ, ਕਿਉਂਕਿ ਕੁਝ ਅਵਲ-ਚਵਲ ਲੋਕਾਂ ਵੱਲੋਂ ਪਰੋਸੀ ਜਾਣ ਵਾਲੀ ਘਟੀਆ ਸਮੱਗਰੀ ਨੇ ਸਾਫ ਕਿਰਦਾਰਾਂ ਵਾਲੇ ਲੋਕਾਂ ਦੇ ਦਿਲਾਂ 'ਚ ਸੋਸ਼ਲ ਮੀਡੀਆ ਪ੍ਰਤੀ ਘਿਰਣਾ ਪੈਦਾ ਕਰ ਦਿੱਤੀ ਹੈ।

ਅੱਜ ਹਾਲਾਤ ਇਹ ਹਨ ਕਿ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਜਾਣ ਵਾਲੀ ਸੱਚੀ ਘਟਨਾ ਵੀ ਝੂਠੀ ਜਾਪਣ ਲੱਗੀ ਹੈ। ਕਿਸੇ ਜਗ੍ਹਾ ਘੁੰਮਦਾ ਦੇਖਿਆ ਗਿਆ ਸ਼ੇਰ ਜਾਂ ਕੋਈ ਜੰਗਲੀ ਜਾਨਵਰ ਦੇਖਦੇ ਹੀ ਦੇਖਦੇ ਪੂਰੇ ਦੇਸ਼ ਦੇ ਮੋਬਾਈਲਾਂ 'ਚ ਨਜ਼ਰ ਪੈਣ ਲੱਗਦਾ ਹੈ। ਹਰ ਕੋਈ ਇਹ ਦੱਸਣਾ ਚਾਹੁੰਦਾ ਹੈ ਕਿ ਇਹ ਜੰਗਲੀ ਜਾਨਵਰ ਉਸ ਦੇ ਪਿੰਡ ਜਾਂ ਸ਼ਹਿਰ ਦੇ ਗਲੀ ਮੁਹੱਲੇ ਵਿੱਚ ਘੁੰਮ ਰਿਹਾ ਹੈ। ਕੋਈ ਬੱਚਾ ਜਾਂ ਬਜ਼ੁਰਗ ਗੁੰਮ ਜਾਵੇ, ਕਿਸੇ ਦਾ ਸਮਾਨ ਗੁੰਮ ਜਾਵੇ, ਇਸ ਤਰ੍ਹਾਂ ਦੀਆਂ ਖਬਰਾਂ ਕਈ-ਕਈ ਸਾਲ ਸੋਸ਼ਲ ਮੀਡੀਆ ਦਾ ਸ਼ਿੰਗਾਰ ਬਣੀਆਂ ਰਹਿੰਦੀਆਂ ਹਨ। ਗੁੰਮਸ਼ੁਦਾ ਹੋਏ ਲੋਕ ਲੱਭ ਵੀ ਜਾਂਦੇ ਹਨ, ਪਰ ਸ਼ਰਾਰਤੀ ਅਨਸਰ ਉਸ ਖਬਰ ਦੀ ਦਿੱਖ ਬਦਲ ਕੇ ਅਫਵਾਹਾਂ ਰਾਹੀਂ ਲੋਕਾਂ ਨੂੰ ਭੰਬਲਭੂਸੇ ਵਿੱਚ ਪਾਈ ਰੱਖਦੇ ਹਨ। ਚੋਣਾਂ ਸਮੇਂ ਵੀ ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਸੋਸ਼ਲ ਮੀਡੀਆ ਵਰਤਣ ਵਾਲੇ ਪਿੱਛੇ ਨਹੀਂ ਰਹਿੰਦੇ।

ਅੱਜ ਦੀ ਨੌਜਵਾਨ ਪੀੜ੍ਹੀ ਇਸ ਦੀ ਗ੍ਰਿਫਤ ਵਿੱਚ ਬੁਰੀ ਤਰ੍ਹਾਂ ਕੈਦ ਹੈ। ਉਹ ਘੰਟਿਆਂ ਬੱਧੀ ਸੋਸ਼ਲ ਮੀਡੀਆ 'ਤੇ ਆਪਣਾ ਕੀਮਤੀ ਸਮਾਂ ਬਰਬਾਦ ਕਰਦੀ ਹੈ। ਬੇਸ਼ੱਕ ਇਨ੍ਹਾਂ ਨੌਜਵਾਨਾਂ ਨੂੰ ਇਸ ਗੱਲ ਦਾ ਪਤਾ ਕੁਝ ਸਾਲਾਂ ਬਾਅਦ ਲੱਗੇਗਾ ਕਿ ਕਿਸ ਤਰ੍ਹਾਂ ਉਨ੍ਹਾਂ ਆਪਣੇ ਕੀਮਤੀ ਸਮੇਂ ਨੂੰ ਭੰਗ ਦੇ ਭਾੜੇ ਖਰਾਬ ਕੀਤਾ, ਪਰ ਉਸ ਵੇਲੇ ਪਛਤਾਵੇ ਦਾ ਕੋਈ ਵੀ ਲਾਭ ਨਹੀਂ ਹੋਣਾ। ਸਕੂਲਾਂ, ਕਾਲਜਾਂ ਤੇ ਹੋਰ ਵਿੱਦਿਅਕ ਅਦਾਰਿਆਂ ਵਿੱਚ ਪੜ੍ਹਨ ਜਾਂਦਾ ਵਿਦਿਆਰਥੀ ਵਰਗ ਆਪਣੀ ਪੜ੍ਹਾਈ ਦੇ ਸਮੇਂ ਦੌਰਾਨ ਵੀ ਸੋਸ਼ਲ ਮੀਡੀਆ 'ਤੇ ਰੁੱਝਾ ਰਹਿੰਦਾ ਹੈ। ਇਨ੍ਹਾਂ ਵਿੱਦਿਅਕ ਅਦਾਰਿਆਂ 'ਚ ਪੜ੍ਹਾਉਣ ਵਾਲੇ ਅਧਿਆਪਕ ਵੀ ਵਿਦਿਆਰਥੀਆਂ ਸਾਹਮਣੇ ਬੈਠੇ ਸੋਸ਼ਲ ਮੀਡੀਆ ਚਲਾਉਂਦੇ ਦੇਖੇ ਜਾ ਸਕਦੇ ਹਨ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸੋਸ਼ਲ ਮੀਡੀਆ ਦਾ ਭਵਿੱਖ ਤਾਂ ਬੁਲੰਦੀਆਂ ਛੂੰਹਦਾ ਜਾ ਰਿਹਾ ਹੈ, ਪਰ ਦੇਸ਼ ਦਾ ਭਵਿੱਖ ਨੌਜਵਾਨ ਦਲਦਲ 'ਚ ਫਸੇ ਬੰਦੇ ਦੀ ਨਿਆਈ ਇਸ ਵਿੱਚ ਧਸਦਾ ਜਾ ਰਿਹਾ ਹੈ।




ਸੋਸ਼ਲ ਮੀਡੀਆ ਸਾਡੀ ਨੌਜਵਾਨ ਪੀੜ੍ਹੀ ਦੇ ਨਾਲ ਸਾਡੇ ਸੁਲਝੇ ਹੋਏ ਵਰਗ ਨੂੰ ਵੀ ਵਹਿਮਾਂ ਭਰਮਾਂ ਦੇ ਜੰਜਾਲ 'ਚ ਫਸਾ ਚੁੱਕਾ ਹੈ। ਕਈ ਵਾਰ ਸੋਸ਼ਲ ਮੀਡੀਆ ਜ਼ਰੀਏ ਸਾਡੇ ਸਮਾਜ ਦੇ ਗਲਤ ਅਨਸਰ ਝੂਠੀਆਂ ਅਫਵਾਹਾਂ ਫੈਲਾ ਕੇ ਦੇਸ਼ ਦੇ ਹਾਲਾਤ ਨੂੰ ਵਿਗਾੜ ਦਿੰਦੇ ਹਨ ਤੇ ਅਮਨ ਅਮਾਨ ਨਾਲ ਰਹਿੰਦੇ ਲੋਕਾਂ ਅੰਦਰ ਨਫਰਤਾਂ ਭਰ ਦਿੰਦੇ ਹਨ। ਸਾਫ ਹੈ ਕਿ ਸੋਸ਼ਲ ਮੀਡੀਆ ਦਾ ਭਵਿੱਖ ਜਿਵੇਂ ਦਾ ਵੀ ਹੋਵੇ, ਸਾਡੀ ਨੌਜਵਾਨ ਪੀੜ੍ਹੀ ਦਾ ਭਵਿੱਖ ਇਸ ਨਾਲ ਖਤਰੇ ਵਿੱਚ ਹੈ। ਮਾਪਿਆਂ ਨੂੰ ਲੋੜ ਹੈ ਕਿ ਆਪਣੇ ਜਵਾਨ ਹੋ ਰਹੇ ਧੀਆਂ ਪੁੱਤਾਂ ਨੂੰ ਇਸ ਦੇ ਕਾਲੇ ਸਾਏ ਤੋਂ ਦੂਰ ਰੱਖਣ, ਤਾਂ ਕਿ ਬੱਚਿਆਂ ਦਾ ਭਵਿੱਖ ਵਧੀਆ ਸਿਰਜ ਸਕਣ। ਜੇ ਸੋਸ਼ਲ ਮੀਡੀਆ ਦੀ ਸਹੀ ਤੇ ਦਰੁੱਸਤ ਵਰਤੋਂ ਕੀਤੀ ਜਾਵੇ ਤਾਂ ਇਸ ਦੇ ਜ਼ਰੀਏ ਸਾਡੇ ਨੌਜਵਾਨ ਆਪਣੇ ਗਿਆਨ 'ਚ ਬੇਸ਼ੁਮਾਰ ਵਾਧਾ ਕਰ ਸਕਦੇ ਹਨ। ਇੰਟਰਨੈਟ ਅਜਿਹੀ ਪ੍ਰਣਾਲੀ ਹੈ ਕਿ ਘਰ ਬੈਠੇ ਦੇਸ਼ ਦੁਨੀਆ ਦੀ ਹਰ ਤਰ੍ਹਾਂ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਵੱਖ-ਵੱਖ ਐਪਸ ਅਤੇ ਗੂਗਲ ਦੀ ਮਦਦ ਨਾਲ ਵਿਦਿਆਰਥੀ ਆਪਣੀ ਪੜ੍ਹਾਈ ਅਤੇ ਰੁਜ਼ਗਾਰ ਨਾਲ ਸਬੰਧਤ ਜਾਣਕਾਰੀਆਂ ਹਾਸਲ ਕਰਕੇ ਬਿਹਤਰ ਭਵਿੱਖ ਦੀ ਬਣਾ ਸਕਦੇ ਹਨ। ਵਿਦਵਾਨਾਂ ਦਾ ਕਹਿਣਾ ਹੈ ਕਿ ਦੁਨੀਆ 'ਚ ਕੋਈ ਵੀ ਚੀਜ਼ ਚੰਗੀ ਜਾਂ ਮਾੜੀ ਨਹੀਂ ਹੁੰਦੀ, ਇਨਸਾਨ ਦੀ ਸੋਚ ਉਸ ਨੂੰ ਚੰਗਾ ਜਾਂ ਮਾੜਾ ਬਣਾਉਂਦੀ ਹੈ। ਇਸ ਲਈ ਮਾੜਾ ਇੰਟਰਨੈਟ ਤੇ ਸੋਸ਼ਲ ਮੀਡੀਆ ਨਹੀਂ, ਬਲਕਿ ਮਾੜੀ ਤਾਂ ਇਸ ਦੀ ਦੁਰਵਰਤੋਂ ਹੈ।




## ਸੁਪਰੀਮ ਕੋਰਟ ਦੀ ਝਾੜ ਪੈਣ ਪਿੱਛੋਂ ਪੰਜਾਬ ਸਰਕਾਰ ਨੇ 29343 ਕਿਸਾਨਾਂ ਨੂੰ 19 ਕਰੋੜ ਵੰਡੇ

ਚੰਡੀਗੜ੍ਹ, 17 ਨਵੰਬਰ, (ਪੋਸਟ ਬਿਊਰੋ)- ਪੰਜਾਬ ਵਿੱਚ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ ਖ਼ਿਲਾਫ਼ ਕੋਈ ਕਾਰਵਾਈ ਨਾ ਕਰਨ ਕਰ ਕੇ ਸੁਪਰੀਮ ਕੋਰਟ ਨੇ ਬੀਤੇ ਦਿਨੀਂ ਪੰਜਾਬ ਦੇ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਨੂੰ ਜਿਹੜੀ ਝਾੜ ਪਾਈ ਸੀ, ਉਸ ਤੋਂ ਬਾਅਦ ਪੂਰੀ ਸਰਕਾਰ ਹੀ ਹਰਕਤ ਵਿੱਚ ਆਈ ਲੱਗਦੀ ਹੈ ਤੇ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਪ੍ਰਤੀ ਏਕੜ 2500 ਰੁਪਏ ਦਾ ਮੁਆਵਜ਼ਾ ਦੇਣ ਦੀ ਕਾਰਵਾਈ ਪੂਰੇ ਸੂਬੇ ਵਿੱਚ ਕਰ ਦੇਣ ਦਾ ਦਾਅਵਾ ਕੀਤਾ ਹੈ। ਅੱਜ ਸੁਪਰੀਮ ਕੋਰਟ ਵਿੱਚ ਪੰਜਾਬ ਦੇ ਚੀਫ ਸੈਕਟਰੀ ਕਰਨ ਅਵਤਾਰ ਸਿੰਘ ਨੇ ਇਸ ਬਾਰੇ ਦੱਸਣਾ ਸੀ ਕਿ ਉਨ੍ਹਾਂ ਨੇ ਬੀਤੇ ਇਕ ਹਫ਼ਤੇ ਵਿੱਚ ਕੀ ਕੀਤਾ ਹੈ, ਇਸ ਦੌਰਾਨ ਪੂਰਾ ਸਿਸਟਮ ਵੱਧ ਤੋਂ ਵੱਧ ਲੋਕਾਂ ਦੇ ਖਾਤੇ ਵਿੱਚ ਪੈਸੇ ਪਾਉਣ ਲੱਗਾ ਰਿਹਾ ਸੀ ਤਾਂ ਕਿ ਸੁਪਰੀਮ ਕੋਰਟ ਵਿੱਚ ਆਪਣਾ ਪੱਖ ਠੀਕ ਤਰ੍ਹਾਂ ਪੇਸ਼ ਕਰ ਸਕਣ। ਸ਼ੁੱਕਰਵਾਰ ਨੂੰ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਨੇ ਵੀ ਪਾਰਟੀ ਬਣਨ ਦੀ ਮੰਗ ਕਰ ਦਿੱਤੀ, ਜਿਸ ਉੱਤੇ 25 ਨਵੰਬਰ ਨੂੰ ਬਹਿਸ ਹੋਵੇਗੀ।

ਅੱਜ ਸ਼ੁੱਕਰਵਾਰ ਨੂੰ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਨੇ ਸੁਪਰੀਮ ਕੋਰਟ ਵਿੱਚ ਦੱਸਿਆ ਕਿ ਕਿਸਾਨਾਂ ਨੂੰ ਸਬਸਿਡੀ ਉੱਤੇ ਮਸ਼ੀਨਰੀ ਹਾਸਲ ਕਰਾਈ ਤੇ ਇਸ ਤੋਂ ਇਲਾਵਾ 19 ਕਰੋੜ ਰੁਪਏ ਮਦਦ ਉਨ੍ਹਾਂ ਕਿਸਾਨਾਂ ਨੂੰ ਦੇ ਦਿੱਤੀ ਹੈ, ਜਿਨ੍ਹਾਂ ਨੇ ਪਰਾਲੀ ਨਹੀਂ ਸਾੜੀ। ਇਸ ਉੱਤੇ ਭਾਰਤੀ ਕਿਸਾਨ ਯੂਨੀਅਨ ਦੇ ਖਜ਼ਾਨਚੀ ਗੁਲਜ਼ਾਰ ਸਿੰਘ ਨੇ ਸਰਕਾਰ ਦੇ ਦਾਅਵੇ ਨੂੰ ਗ਼ਲਤ ਦੱਸਿਆ ਅਤੇ ਕਿਹਾ ਕਿ ਹਾਲੇ ਸਿਰਫ਼ ਫਾਰਮ ਭਰਵਾਏ ਜਾ ਰਹੇ ਹਨ। ਇਸ ਉੱਤੇ ਸੁਪਰੀਮ ਕੋਰਟ ਨੇ ਸਾਰਾ ਰਿਕਾਰਡ 25 ਨਵੰਬਰ ਤਕ ਲਿਆਉਣ ਲਈ ਕਿਹਾ। ਗੁਲਜ਼ਾਰ ਸਿੰਘ ਨੇ ਇਹ ਵੀ ਬੇਨਤੀ ਪੇਸ਼ ਕਰ ਦਿੱਤੀ ਕਿ ਅਸੀਂ ਪਰਾਲੀ ਸਾੜਨ ਵਾਲੇ ਇਸ ਕੇਸ ਵਿੱਚ ਇੱਕ ਧਿਰ ਵੀ ਬਣਨਾ ਚਾਹੁੰਦੇ ਹਾਂ, ਕਿਉਂਕਿ ਕਿਸਾਨਾਂ ਦੀ ਅਸਲ ਸਮੱਸਿਆ ਨੂੰ ਸੁਣਿਆ ਹੀ ਨਹੀਂ ਜਾ ਰਿਹਾ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਇਹ ਦਾਅਵਾ ਕਰਦੀ ਹੈ ਕਿ ਉਸ ਨੇ ਗ਼ੈਰ ਬਾਸਮਤੀ ਝੋਨੇ ਦੀ ਖੇਤੀ ਕਰਨ ਵਾਲੇ 29343 ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਬਦਲੇ ਲਗਪਗ 19.09 ਕਰੋੜ ਰੁਪਏ ਦਾ ਮੁਆਵਜ਼ਾ ਵੰਡ ਦਿੱਤਾ ਹੈ ਅਤੇ ਇਹ ਰਕਮ 2500 ਰੁਪਏ ਪ੍ਰਤੀ ਏਕੜ ਦੇ ਹਿਸਾਬ ਦਿੱਤੀ ਗਈ ਹੈ।

## ਕਰਤਾਰਪੁਰ ਲਾਂਘੇ ਦੇ ਆਨਲਾਈਨ ਫਾਰਮ ਭਰਨਾ ਆਮ ਲੋਕਾਂ ਨੂੰ ਸਮੱਸਿਆ ਬਣਿਆ

### * ਇੰਟਰਨੈੱਟ ਕੈਫੇ ਵਾਲਿਆਂ ਦੀ ਚਾਂਦੀ, ਪੁਲਸ ਜਾਂਚ ਦੇ ਪੈਸੇ ਲੈਣ ਲੱਗੀ



ਬਟਾਲਾ, 17 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਥੋੜ੍ਹਾ ਵਾਧਾ ਹੋਣ ਲੱਗਾ ਹੈ। ਓਥੇ ਜਾਂਦੇ ਸ਼ਰਧਾਲੂਆਂ ਦੀ ਗਿਣਤੀ ਘੱਟ ਹੋਣ ਦਾ ਵੱਡਾ ਕਾਰਨ ਆਨਲਾਈਨ ਫਾਰਮ ਭਰਨ ਲਈ ਔਖੀ ਪ੍ਰਕਿਰਿਆ ਹੈ। ਇਸ ਵਿੱਚ ਸਭ ਤੋਂ ਔਖਾ ਕੰਮ ਤਸਵੀਰ ਤੇ ਪਾਸਪੋਰਟ ਦੇ ਪਹਿਲੇ ਤੇ ਆਖਰੀ ਪੰਨੇ ਦੀਆਂ ਫਾਈਲਾਂ ਬਣਾ ਕੇ ਆਨਲਾਈਨ ਕਰਨਾ ਹੈ। ਇਸ ਕੰਮ ਲਈ ਕੰਪਿਊਟਰ ਜਾਂ ਮੋਬਾਈਲ ਤੋਂ ਆਨਲਈਨ ਫਾਰਮ ਭਰਨ ਅਤੇ ਫੋਟੋ ਦਾ ਮਿਥਿਆ ਗਿਆ ਜੇ ਪੀ ਜੀ ਸਾਈਜ਼ ਕਰਨ ਅਤੇ ਫਿਰ ਪਾਸਪੋਰਟ ਦੀ ਪੀ ਡੀ ਐੱਫ ਫਾਈਲ ਤਿਆਰ ਕਰਨ 'ਚ ਪ੍ਰੇਸ਼ਾਨੀ ਕਰਨੀ ਪੈਂਦੀ ਹੈ। ਬਹੁਤੇ ਸ਼ਰਧਾਲੂਆਂ ਨੂੰ ਇਸ ਦੀ ਪੂਰੀ ਜਾਣਕਾਰੀ ਨਹੀਂ ਅਤੇ ਉਨ੍ਹਾਂ ਦੀ ਪਰੇਸ਼ਾਨੀ ਦਾ ਲਾਭ ਇੰਟਰਨੈੱਟ ਕੈਫੇ ਵਾਲੇ ਲੈ ਰਹੇ ਹਨ, ਜਿਹੜੇ ਆਨਲਾਈਨ ਫਾਰਮ ਭਰਨ ਲਈ 500 ਰੁਪਏ ਪ੍ਰਤੀ ਵਿਅਕਤੀ ਤੱਕ ਲੈ ਰਹੇ ਹਨ। ਕਰਤਾਰਪੁਰ ਸਾਹਿਬ ਜਾਣ ਲਈ ਸਰਕਾਰ ਵੱਲੋਂ ਬਣਾਈ ਵੈੱਬਸਾਈਟ ਵਿੱਚ ਸਾਰੀ ਸਹੀ ਜਾਣਕਾਰੀ ਅਤੇ ਮਿਥੇ ਗਏ ਫੋਟੋ ਸਾਈਜ਼ ਅਤੇ ਪੀ ਡੀ ਐੱਫ ਫਾਈਲ ਤਿਆਰ ਬਣਾ ਕੇ ਹੀ ਅਪਲਾਈ ਕੀਤਾ ਜਾ ਸਕਦਾ ਹੈ। ਕੋਈ ਚੀਜ਼ ਅਧੂਰੀ ਰਹਿਣ ਜਾਂ ਸਹੀ ਨਾ ਹੋਣ ਉੱਤੇ ਰਜਿਸਟਰੇਸ਼ਨ ਨਹੀਂ ਹੁੰਦੀ। ਫੋਟੋ ਦਾ ਸਾਈਜ਼ 50 ਕੇ ਬੀ ਰੱਖਿਆ ਗਿਆ ਹੈ। ਜੇ ਕਿਸੇ ਸ਼ਰਧਾਲੂ ਦੀ ਫੋਟੋ ਦਾ ਸਾਈਜ਼ 50 ਕੇ ਬੀ ਤੋਂ ਵਧ ਗਿਆ ਤਾਂ ਅਪਲਾਈ ਨਹੀਂ ਹੁੰਦਾ। ਇਸੇ ਤਰ੍ਹਾਂ ਪਾਸਪੋਰਟ ਦੀ ਪੀ ਡੀ ਐੱਫ ਫਾਈਲ ਦਾ ਸਾਈਜ਼ 500 ਕੇ ਬੀ ਤੋਂ ਘੱਟ ਚਾਹੀਦਾ ਹੈ। ਜੇ ਇਹ ਵਧ ਗਿਆ ਤਾਂ ਰਜਿਸਟਰੇਸ਼ਨ ਨਹੀਂ ਹੁੰਦੀ।

ਹਰ ਹਾਲਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨਾ ਚਾਹੁੰਦੇ ਸ਼ਰਧਾਲੂ ਇਸ ਕੰਮ ਲਈ ਆਮ ਕਰ ਕੇ ਇੰਟਰਨੈੱਟ ਕੈਫੇ ਵਿੱਚ ਜਾਂਦੇ ਹਨ ਅਤੇ ਕੈਫੇ ਚਾਲਕ ਉਨ੍ਹਾਂ ਦੀ ਮਜਬੂਰੀ ਦਾ ਲਾਭ ਉਠਾ ਕੇ ਫਾਰਮ ਭਰਨ ਲਈ ਉਨ੍ਹਾਂ ਕੋਲੋਂ 500 ਰੁਪਏ ਤੱਕ ਵਸੂਲ ਰਹੇ ਹਨ। ਇਸ ਦੇ ਬਾਅਦ ਆਨਲਾਈਨ ਅਪਲਾਈ ਹੋਣ ਪਿੱਛੋਂ ਪੁਲਸ ਕਰਮਚਾਰੀ ਉਨ੍ਹਾਂ ਦੇ ਘਰ ਜਾਂਚ ਲਈ ਆਉਂਦੇ ਤੇ ਪੈਸਿਆਂ ਦੀ ਮੰਗ ਕਰਦੇ ਹਨ। ਇਸ ਲਈ ਪੁਲਸ ਵਾਲਿਆਂ ਨੂੰ ਵੀ 200 ਤੋਂ 500 ਰੁਪਏ ਦੇਣੇ ਪੈਂਦੇ ਹਨ। ਰਜਿਸਟਰੇਸ਼ਨ ਫਾਰਮ 'ਚ ਪਾਸਪੋਰਟ ਨੰਬਰ, ਪਾਸਪੋਰਟ ਜਾਰੀ ਕਰਨ ਦੀ ਮਿਤੀ ਅਤੇ ਮਿਆਦ ਪੁੱਗਣ ਦੀ ਮਿਤੀ ਪਹਿਲਾਂ ਹੀ ਭਰੀ ਜਾਂਦੀ ਹੈ ਤੇ ਲੋਕਾਂ ਦੀ ਮੰਗ ਹੈ ਕਿ ਸਰਕਾਰ ਇਸ ਤੋਂ ਪੁਲਸ ਜਾਂਚ ਕਰਵਾ ਸਕਦੀ ਹੈ।

## ਡੇਰਾ ਬਾਬਾ ਨਾਨਕ ਤੋਂ ਰੇਲ ਰਾਹੀਂ ਨਨਕਾਣਾ ਸਾਹਿਬ ਦੇ ਦਰਸ਼ਨਾਂ ਦੀ ਆਸ ਬੱਝੀ

ਕਰਤਾਰਪੁਰ ਲਾਂਘਾ, 17 ਨਵੰਬਰ (ਪੋਸਟ ਬਿਊਰੋ)- ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਦੇ ਜ਼ਿਲਾ ਨਾਰੋਵਾਲ ਤੱਕ ਚੱਲਣ ਵਾਲੀ ਰੇਲ ਗੱਡੀ ਕਈ ਦਹਾਕਿਆਂ ਤੋਂ ਪਟੜੀ 'ਤੇ ਨਹੀਂ ਚੜ੍ਹੀ, ਜਿਸ ਦੇ ਦੁਬਾਰਾ ਚੱਲਣ ਦੀ ਆਸ ਨੂੰ ਬੂਰਾ ਪੈਂਦਾ ਜਾਪਦਾ ਹੈ। ਉੱਤਰ ਰੇਲਵੇ ਦੇ ਉੱਚ ਅਧਿਕਾਰੀਆਂ ਦਾ ਇੱਕ ਵਫਦ ਡੇਰਾ ਬਾਬਾ ਨਾਨਕ ਰੇਲਵੇ ਸਟੇਸ਼ਨ ਉਤੇ ਲਾਈਨ ਦਾ ਦੌਰਾ ਕਰਨ ਲਈ ਪਹੁੰਚਿਆ ਹੈ। ਕਈ ਦਹਾਕੇ ਪਹਿਲਾਂ ਡੇਰਾ ਬਾਬਾ ਨਾਨਕ ਤੋਂ ਨਾਰੋਵਾਲ ਜਾਣ ਵਾਲੀ ਇਹ ਰੇਲ ਗੱਡੀ ਲੋਕਾਂ ਨੂੰ ਮਿਲਾਉਣ ਲਈ ਇੱਕ ਕੜੀ ਦਾ ਕੰਮ ਕਰਦੀ ਸੀ ਅਤੇ ਇਸ ਰਾਹੀਂ ਮਾਲ ਦੀ ਢੋਆ-ਢੁਆਈ ਅਤੇ ਵਪਾਰ ਦਾ ਕੰਮ ਵੀ ਚਲਦਾ ਸੀ, ਪਰ ਵੰਡ ਤੋਂ ਬਾਅਦ ਸਰਕਾਰਾਂ ਨੇ ਇਸ ਗੱਡੀ ਨੂੰ ਬੰਦ ਕਰ ਦਿੱਤਾ ਸੀ।



ਅੰਮ੍ਰਿਤਸਰ ਤੋਂ ਡੇਰਾ ਬਾਬਾ ਨਾਨਕ ਤੱਕ ਦੀ ਲਾਈਨ ਦੇ ਇਸ ਰੇਲਵੇ ਸਟੇਸ਼ਨ ਤੱਕ ਅੱਜ ਵੀ ਇਹ ਗੱਡੀ ਚਲਦੀ ਹੈ, ਪਰ ਇਸ ਨੂੰ ਪਾਕਿ-ਸਤਾਨ ਦੀ ਬਜਾਏ ਡੇਰਾ ਬਾਬਾ ਨਾਨਕ ਸਟੇਸ਼ਨ ਤੋਂ ਵਾਪਸ ਮੁੜਨਾ ਪੈਂਦਾ ਹੈ। ਡੇਰਾ ਬਾਬਾ ਨਾਨਕ ਵਿਖੇ ਅੱਜ ਵੀ ਉਹ ਰੇਲਵੇ ਲਾਈਨ ਮੌਜੂਦ ਹੈ, ਜਿੱਥੋਂ ਭਾਰਤ ਤੋਂ ਪਾਕਿਸਤਾਨ ਦੇ ਨਾਰੋਵਾਲ ਸ਼ਹਿਰ ਤੱਕ ਇਹ ਰੇਲ ਗੱਡੀ ਚੱਲਦੀ ਸੀ। ਕਰਤਾਰਪੁਰ ਸਾਹਿਬ ਦਾ 72 ਸਾਲਾਂ ਬਾਅਦ ਲਾਂਘਾ ਖੁੱਲ੍ਹਣ ਪਿੱਛੋਂ ਰੇਲਵੇ ਵਿਭਾਗ ਰਾਹੀਂ ਇਸ ਗੱਡੀ ਦੇ ਫਿਰ ਚੱਲਣ ਦੀ ਆਸ ਬੱਝ ਰਹੀ ਹੈ। ਜਦੋਂ ਮੀਡੀਆ ਟੀਮ ਰੇਲਵੇ ਸਟੇਸ਼ਨ ਡੇਰਾ ਬਾਬਾ ਨਾਨਕ ਪਹੁੰਚੀ ਤਾਂ ਉਤਰੀ ਰੇਲਵੇ ਦੇ ਅਧਿਕਾਰੀ ਫਿਰੋਜ਼ਪੁਰ ਤੋਂ ਆਏ ਹੋਏ ਸਨ। ਇਹ ਅਧਿਕਾਰੀ ਅਧੁੱਸੀ ਬੰਨ੍ਹ ਉਤੇ ਬੀ ਐੱਸ ਐੱਫ ਦੀ ਚੈੱਕ ਪੋਸਟ ਤੱਕ ਗਏ ਤੇ ਪਟੜੀ ਲਈ ਮਿਣਤੀ ਕੀਤੀ। ਉਨ੍ਹਾਂ ਦੇ ਪਹੁੰਚਣ 'ਤੇ ਕੁਝ ਜ਼ਮੀਨ ਦੇ ਮਾਲਕ ਕਿਸਾਨ ਵੀ ਪਹੁੰਚ ਗਏ। ਅਧਿਕਾਰੀਆਂ ਨੇ ਉਨ੍ਹਾਂ ਨਾਲ ਗੱਲ ਨਹੀਂ ਕੀਤੀ, ਪਰ ਕਿਸਾਨਾਂ ਨੇ ਦੱਸਿਆ ਕਿ ਕਾਫੀ ਚਿਰ ਪਹਿਲਾਂ ਤੋਂ ਕਿਸਾਨਾਂ ਤੇ ਰੇਲ ਵਿਭਾਗ ਦਾ ਇੱਕ ਕੋਰਟ ਕੇਸ ਚੱਲ ਰਿਹਾ ਹੈ, ਜੋ ਰੇਲਵੇ ਨੇ ਜਿੱਤ ਲਿਆ ਹੈ ਤੇ ਇਹ ਉਹ ਜ਼ਮੀਨ ਹੈ ਜਿਸ ਤੋਂ ਰੇਲ ਨਾਰੋਵਾਲ ਤੱਕ ਜਾਂਦੀ ਸੀ, ਜਿਸ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਭਾਰਤ ਸਰਕਾਰ ਇਹ ਪਟੜੀ ਦੁਬਾਰਾ ਸ਼ੁਰੂ ਕਰ ਸਕਦੀ ਹੈ।

## ਪਿੰਡ ਸਿਰਸਾ ਨੰਗਲ ਵਿੱਚ ਵੜਿਆ ਤੇਂਦੂਆ ਪੰਜ ਘੰਟੇ ਪਿੱਛੋਂ ਕਾਬੂ

ਰੋਪੜ, 17 ਨਵੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਨੰਗਲ ਸਿਰਸਾ ਦੇ ਇੱਕ ਘਰ ਵਿੱਚ ਦਿਨ ਦਿਹਾੜੇ ਤੇਂਦੂਆ ਆ ਵੜਨ ਨਾਲ ਲੋਕ ਘਬਰਾ ਗਏ। ਦੁਪਹਿਰ ਕਰੀਬ ਡੇਢ ਵਜੇ ਤੇਂਦੂਆ ਸੜਕ ਵੱਲੋਂ ਮੋਹਣ ਸਿੰਘ ਦੇ ਘਰ ਵੜਿਆ ਅਤੇ ਥੋੜ੍ਹਾ ਸਮਾਂ ਬਰਾਂਡੇ ਵਿੱਚ ਬੈਠਣ ਪਿੱਛੋਂ ਇੱਕ ਕਮਰੇ ਵਿੱਚ ਵੜ ਗਿਆ।

ਮਕਾਨ ਮਾਲਕਣ ਜਸਵੰਤ ਕੌਰ ਨੇ ਦੱਸਿਆ ਕਿ ਜਦੋਂ ਤੇਂਦੂਆ ਘਰ ਵਿੱਚ ਆਇਆ, ਓਦੋਂ ਉਹ ਵਿਹੜੇ ਵਿੱਚ ਮੰਜੇ ਉੱਤੇ ਬੈਠੀ ਸੀ ਅਤੇ ਉਸ ਦੀਆਂ ਨੂੰਹਾਂ ਅਤੇ ਬੱਚੇ ਘਰ ਸਨ। ਉਸ ਦਾ ਲੜਕਾ ਬਲਵਿੰਦਰ ਸਿੰਘ ਪਿੰਡ ਵਿੱਚ ਦੁਕਾਨ ਉੱਤੇ ਸਾਮਾਨ ਲੈਣ ਗਿਆ ਹੋਇਆ ਸੀ। ਤੇਂਦੂਆ ਕਮਰੇ ਵਿੱਚ ਵੜਨ ਮਗਰੋਂ ਉਨ੍ਹਾਂ ਬਲਵਿੰਦਰ ਸਿੰਘ ਨੂੰ ਘਰ ਸੱਦਿਆ ਤੇ ਸਾਰੇ ਜੀਆਂ ਨੇ ਘਰ ਦੇ ਦੂਜੇ ਕਮਰੇ ਵਿੱਚ ਵੜ ਕੇ ਅੰਦਰੋਂ ਕੁੰਡੀ ਲਾ ਲਈ ਅਤੇ ਪੁਲਸ ਨੂੰ ਸੂਚਿਤ ਕੀਤਾ। ਇਸੇ ਮੌਕੇ ਉਨ੍ਹਾਂ ਦੇ ਗੁਆਂਢੀ ਪਰਮਜੀਤ ਸਿੰਘ ਪੰਮੀ ਨੇ ਜੰਗਲੀ ਜੀਵ ਵਿਭਾਗ ਰੂਪਨਗਰ ਨੂੰ ਦੱਸਿਆ ਤਾਂ ਰੇਂਜ ਅਫਸਰ ਰੂਪਨਗਰ ਸੁਰਜੀਤ ਸਿੰਘ ਅਤੇ ਚੌਕੀ ਇੰਚਾਰਜ ਸੋਹਣ ਸਿੰਘ ਅਤੇ ਏ ਐਸ ਆਈ ਬਲਜਿੰਦਰ ਸਿੰਘ ਮੌਕੇ ਉੱਤੇ ਪਹੁੰਚੇ। ਉਨ੍ਹਾਂ ਤੇਂਦੂਏ ਵਾਲੇ ਕਮਰੇ ਨੂੰ ਬਾਹਰੋਂ ਕੁੰਡੀ ਲਾ ਕੇ ਉਸ ਨੂੰ ਫੜਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਚਿੜੀਆਘਰ ਛੱਤਬੀੜ ਦੀ ਟੀਮ ਨੂੰ ਵੀ ਦੱਸਿਆ। ਜੰਗਲੀ ਜੀਵ ਵਿਭਾਗ ਡਵੀਜ਼ਨ ਰੂਪਨਗਰ ਦੀ ਡੀ ਐਫ ਓ ਮੋਨਿਕਾ ਯਾਦਵ ਨੇ ਮੋਹਾਲੀ ਤੇ ਰੂਪਨਗਰ ਦੋਵੇਂ ਰੇਂਜਾਂ ਦੇ ਸਾਰੇ ਅਧਿਕਾਰੀਆਂ ਨੂੰ ਪਿੰਜਰੇ ਲੈ ਕੇ ਪਿੰਡ ਭੇਜਣ ਨੂੰ ਕਿਹਾ ਤੇ ਉਹ ਖੁਦ ਵੀ ਪੁੱਜੇ। ਵਿਭਾਗ ਦੀ ਟੀਮ ਨੇ ਕਮਰੇ ਦੇ ਦਰਵਾਜ਼ੇ ਅੱਗੇ ਪਿੰਜਰਾ ਲਾ ਕੇ ਪਹਿਲਾਂ ਤੇਂਦੂਏ ਨੂੰ ਬੇਹੋਸ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਡੋਜ਼ ਦਾ ਉਸ ਉਤੇ ਬਹੁਤਾ ਅਸਰ ਨਹੀਂ ਹੋਇਆ। ਤੇਂਦੂਆ ਕਾਫੀ ਦੇਰ ਬਾਅਦ ਦਹਾੜਦਾ ਹੋਇਆ ਪਿੰਜਰੇ ਵਿੱਚ ਵੜ ਗਿਆ ਤੇ ਡੇਢ ਵਜੇ ਸ਼ੁਰੂ ਹੋਈ ਕਾਰਵਾਈ ਸ਼ਾਮ ਸੱਤ ਵਜੇ ਸਮਾਪਤ ਹੋਈ ਤਾਂ ਲੋਕਾਂ ਨੇ ਸੁੱਖ ਦਾ ਸਾਹ ਲਿਆ।



## ਆਈ ਜੀ ਉਮਰਾਨੰਗਲ ਤੇ ਹੋਰ ਪੁਲਸ ਅਫਸਰਾਂ ਦੀਆਂ ਦਰਖਾਸਤਾਂ ਰੱਦ

ਫਰੀਦਕੋਟ, 17 ਨਵੰਬਰ (ਪੋਸਟ ਬਿਊਰੋ)- ਕੋਟਕਪੂਰਾ ਗੋਲੀ ਕਾਂਡ ਵਿੱਚ ਚਾਰਜਸ਼ੀਟ ਦਾਇਰ ਹੋਣ ਤੋਂ ਬਾਅਦ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਨੇ ਵਿਸ਼ੇਸ਼ ਜਾਂਚ ਟੀਮ ਦੀ ਪ੍ਰਕਿਰਿਆ 'ਤੇ ਸਵਾਲ ਉਠਾ ਕੇ ਅਦਾਲਤ ਵਿੱਚ ਲਿਖਤੀ ਦਰਖਾਸਤ ਦੇ ਕੇ ਜਾਂਚ ਟੀਮ ਵਿਰੁਧ ਕਾਰਵਾਈ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਉਮਰਾਨੰਗਲ ਨੇ ਅਦਾਲਤ ਰਾਹੀਂ ਜਾਂਚ ਟੀਮ ਤੋਂ ਕੁਝ ਦਸਤਾਵੇਜ਼ਾਂ ਦੀ ਮੰਗ ਕੀਤੀ ਸੀ। ਸੈਸ਼ਨ ਜੱਜ ਹਰਪਾਲ ਸਿੰਘ ਨੇ ਇਨ੍ਹਾਂ ਉਤੇ ਬਹਿਸ ਹੋਣ ਤੋਂ ਬਾਅਦ ਪੁਲਸ ਅਫਸਰਾਂ ਦੀਆਂ ਦਰਖਾਸਤਾਂ ਨੂੰ ਰੱਦ ਕਰ ਦਿੱਤਾ ਹੈ। ਅਦਾਲਤ 29 ਨਵੰਬਰ ਨੂੰ ਚਾਰਜਸ਼ੀਟ ਬਾਰੇ ਵਿਸ਼ੇਸ਼ ਜਾਂਚ ਟੀਮ, ਪੰਜਾਬ ਸਰਕਾਰ ਅਤੇ ਇਸ ਕੇਸ ਵਿੱਚ ਨਾਮਜ਼ਦ ਪੁਲਸ ਅਧਿਕਾਰੀਆਂ ਦਾ ਪੱਖ ਸੁਣੇਗੀ।

ਅਦਾਲਤ ਵਿੱਚ ਸੁਣਵਾਈ ਦੌਰਾਨ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸਾਬਕਾ ਪਾਰਲੀਮੈਂਟਰੀ ਸੈਕਟਰੀ ਮਨਤਾਰ ਸਿੰਘ ਬਰਾੜ ਹਾਜਰ ਨਹੀਂ ਹੋਏ। ਅਦਾਲਤ ਨੇ ਉਮਰਾਨੰਗਲ ਤੇ ਮਨਤਾਰ ਸਿੰਘ ਬਰਾੜ ਦੀ ਕੱਲ੍ਹ ਲਈ ਹਾਜ਼ਰੀ ਮਾਫ ਕਰ ਦਿੱਤੀ।

## ਨਵਾਂ ਸ਼ਹਿਰ ਦੇ ਵਿਧਾਇਕ ਤੇ ਰਾਇਬਰੇਲੀ ਦੀ ਵਿਧਾਇਕਾ ਦੇ ਫੇਰੇ 21 ਨਵੰਬਰ ਨੂੰ

ਨਵਾਂ ਸ਼ਹਿਰ, 17 ਨਵੰਬਰ (ਪੋਸਟ ਬਿਊਰੋ)- ਨਵਾਂ ਸ਼ਹਿਰ ਦੇ ਕਾਂਗਰਸੀ ਵਿਧਾਇਕ ਅੰਗਦ ਸਿੰਘ ਅਤੇ ਉੱਤਰ ਪ੍ਰਦੇਸ਼ ਦੇ ਰਾਇ ਬਰੇਲੀ ਤੋਂ ਕਾਂਗਰਸੀ ਵਿਧਾਇਕਾ ਅਦਿਤਿ ਸਿੰਘ ਦਾ ਵਿਆਹ ਹੋਣ ਲੱਗਾ ਹੈ। ਇਹ ਵਿਆਹ ਨਵੀਂ ਦਿੱਲੀ ਵਿੱਚ 21 ਨਵੰਬਰ ਨੂੰ ਹੋਵੇਗਾ ਤੇ ਦੋ ਦਿਨ ਬਾਅਦ 25 ਨਵੰਬਰ ਨੂੰ ਨਵਾਂ ਸ਼ਹਿਰ ਦੇ ਰਾਹੋਂ ਰੋਡ ਉੱਤੇ ਦੋਆਬਾ ਆਰੀਆ ਸਕੂਲ ਦੀ ਗਰਾਊਂਡ ਵਿੱਚ ਰਿਸੈਪਸ਼ਨ ਪਾਰਟੀ ਹੋਵੇਗੀ। ਅੰਗਦ ਸਿੰਘ ਅਤੇ ਅਦਿਤਿ 2017 ਵਿੱਚ ਵਿਧਾਇਕ ਬਣੇ ਅਤੇ ਦੋਵੇਂ ਜਣੇ ਆਪਣੇ ਆਪਣੇ ਪਿਛੋਕੜ ਵੱਲੋਂ ਰਾਜਨੀਤਕ ਪਰਵਾਰਾਂ ਤੋਂ ਆਉਂਦੇ ਹਨ।

ਪੰਜਾਬ ਦੇ ਇਸ ਕਾਂਗਰਸੀ ਵਿਧਾਇਕ ਅੰਗਦ ਸਿੰਘ ਨਾਲ ਵਿਆਹ ਕਰਾਉਣ ਵਾਲੀ ਅਦਿਤਿ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਯੁਵਾ ਵਿਧਾਇਕਾਂ ਵਿੱਚੋਂ ਹੈ ਅਤੇ ਪਿਛਲੇ ਦਿਨੀਂ ਉਹ ਕਾਂਗਰਸ ਨਾਲ ਬਾਗੀ ਤੇਵਰਾਂ ਦੇ ਕਾਰਨ ਚਰਚਾ ਵਿੱਚ ਰਹੀ ਹੈ। ਦੋਵਾਂ ਦੇ ਵਿਆਹ ਵਾਲੇ ਦਿਨ ਸਿਰਫ ਪਰਵਾਰ ਦੇ ਲੋਕ ਸ਼ਾਮਲ ਹੋਣਗੇ ਤੇ 25 ਨੂੰ ਰਿਸੈਪਸ਼ਨ ਪਾਰਟੀ ਵਿੱਚ ਕਾਂਗਰਸ ਦੇ ਛੋਟੇ-ਵੱਡੇ ਵਰਕਰ ਤੱਕ ਸਭ ਨੂੰ ਸੱਦਾ ਦਿੱਤਾ ਜਾ ਰਿਹਾ ਹੈ। ਉਂਜ ਅਜੇ ਤੱਕ ਕਿਸੇ ਵਰਕਰ ਨੂੰ ਕਾਰਡ ਨਹੀਂ ਗਿਆ, ਪਰ ਗਰਾਊਂਡ ਵਿੱਚ ਰਿਸੈਪਸ਼ਨ ਪਾਰਟੀ ਕਰਨ ਤੋਂ ਸਾਫ ਹੈ ਕਿ ਮਹਿਮਾਨਾਂ ਦੀ ਗਿਣਤੀ ਵੀ ਵੱਡੀ ਹੋਵੇਗੀ। ਦੱਸਿਆ ਜਾ ਰਿਹਾ ਹੈ ਕਿ 23 ਨਵੰਬਰ ਨੰ ਵੀ ਇੱਕ ਪਾਰਟੀ ਦਿੱਲੀ ਜਾਂ ਚੰਡੀਗੜ੍ਹ ਵਿੱਚ ਹੋਵੇਗੀ, ਇਸ ਵਿੱਚ ਪੰਜਾਬ ਦੇ ਵੱਡੇ ਨੇਤਾ ਤੇ ਅਫਸਰ ਸੱਦੇ ਜਾਣਗੇ ਅਤੇ 25 ਨਵੰਬਰ ਦੀ ਪਾਰਟੀ ਵਿੱਚ ਜ਼ਿਲ੍ਹੇ ਦੇ ਪਾਰਟੀ ਵਰਕਰਾਂ ਨੂੰ ਸੱਦਿਆ ਜਾ ਰਿਹਾ ਹੈ।



## ਸੜਕ ਹਾਦਸੇ ਵਿੱਚ ਇੱਕ ਜਣੇ ਦੀ ਮੌਤ, ਤਿੰਨ ਜ਼ਖਮੀ

ਕਿਸ਼ਨਗੜ੍ਹ, 17 ਨਵੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਜਲੰਧਰ-ਪਠਾਨਕੋਟ ਹਾਈਵੇ 'ਤੇ ਅੱਡਾ ਕਿਸ਼ਨਗੜ੍ਹ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਨੌਜਵਾਨ ਦੀ ਮੌਤ ਹੋ ਗਈ ਤੇ ਤਿੰਨ ਨੌਜਵਾਨ ਗੰਭੀਰ ਜ਼ਖਮੀ ਹੋ ਗਏ।

ਪੁਲਸ ਚੌਕੀ ਕਿਸ਼ਨਗੜ੍ਹ ਦੇ ਇੰਚਾਰਜ ਸਬ ਇੰਸਪੈਕਟਰ ਜੋਗਿੰਦਰ ਸਿੰਘ ਦੇ ਮੁਤਾਬਕ ਪਿੰਡ ਸ਼ੀਤਲਪੁਰ (ਰਾਣੀ ਭੱਟੀ) ਅਤੇ ਸਾਧਾਂਵਾਲੀ (ਕਰਾੜੀ) ਦੇ ਛੇ ਨੌਜਵਾਨ ਸ਼ੁੱਕਰਵਾਰ ਰਾਤ ਤਿੰਨ ਵੱਖ-ਵੱਖ ਮੋਟਰ ਸਾਈਕਲਾਂ 'ਤੇ ਕਿਸ਼ਨਗੜ੍ਹ ਵੱਲੋਂ ਆਪੋ-ਆਪਣੇ ਪਿੰਡ ਜਾ ਰਹੇ ਸਨ। ਜਦ ਉਹ ਹਾਈਵੇ ਉਤੇ ਰਾਧਾਸਵਾਮੀ ਸਤਿਸੰਗ ਘਰ ਕਿਸ਼ਨਗੜ੍ਹ ਕੋਲ ਪਹੁੰਚੇ ਤਾਂ ਪਿੱਛਿਓਂ ਆਈ ਇਨੋਵਾ ਕਾਰ, ਜਿਸ ਨੂੰ ਲਖਵਿੰਦਰ ਸਿੰਘ ਉਰਫ ਲਾਡੀ ਵਾਸੀ ਦੌਲਤਪੁਰ ਚਲਾ ਰਿਹਾ ਸੀ, ਨੇ ਦੋ ਮੋਟਰ ਸਾਈਕਲਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਮੋਟਰ ਸਾਈਕਲ ਚਾਲਕ ਭੁਪਿੰਦਰ ਸਿੰਘ ਵਾਸੀ ਸ਼ੀਤਲਪੁਰ ਦੀ ਮੌਤ ਹੋ ਗਈ ਅਤੇ ਨਰਿੰਦਰਜੀਤ ਸਿੰਘ ਉਰਫ ਨਿੰਦਾ, ਨਛੱਤਰ ਸਿੰਘ ਤੇ ਹਰਪ੍ਰੀਤ ਸਿੰਘ ਤਿੰਨੇ ਵਾਸੀ ਸਾਧਾਵਾਲੀ ਗੰਭੀਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਪੁਲਸ ਚੌਕੀ ਕਿਸ਼ਨਗੜ੍ਹ ਦੇ ਮੁਲਾਜ਼ਮਾਂ ਨੇ ਜਲੰਧਰ ਦੇ ਨਿੱਜੀ ਹਸਪਤਾਲ ਦਾਖਲ ਕਰਾਇਆ, ਜਿੱਥੇ ਨਰਿੰਦਰਜੀਤ ਸਿੰਘ ਉਰਫ ਨਿੰਦਾ ਦੀ ਹਾਲਤ ਗੰਭੀਰ ਹੈ। ਹਾਦਸੇ ਦੌਰਾਨ ਇਨੋਵਾ ਦੀ ਟੱਕਰ ਦੋ ਮੋਟਰ ਸਾਈਕਲਾਂ ਨਾਲ ਹੋਈ ਤਾਂ ਮੋਟਰ ਸਾਈਕਲਾਂ ਦੀ ਅੱਗੇ ਇੱਕ ਹੋਰ ਮੋਟਰ ਸਾਈਕਲ ਨਾਲ ਟੱਕਰ ਹੋ ਗਈ, ਪਰ ਉਸ ਮੋਟਰ ਸਾਈਕਲ ਵਾਲੇ ਦੋ ਨੌਜਵਾਨ ਵਾਲ-ਵਾਲ ਬਚ ਗਏ।

## 2016 ਵਿੱਚ ਹੋਏ ਗਗਨੇਜਾ ਕਤਲ ਕੇਸ ਵਿੱਚ ਚਾਰਜਸ਼ੀਟ ਦਾਇਰ



ਮੋਹਾਲੀ, 17 ਨਵੰਬਰ (ਪੋਸਟ ਬਿਊਰੋ)- ਕੌਮੀ ਜਾਂਚ ਏਜੰਸੀ (ਐਨ ਆਈ ਏ) ਨੇ ਕੱਲ੍ਹ ਪੰਜਾਬ ਆਰ ਐਸ ਐਸ ਦੇ ਮੀਤ ਪ੍ਰਧਾਨ ਸੇਵਾ-ਮੁਕਤ ਬ੍ਰਿਗੇਡੀਅਰ ਜਗਦੀਸ਼ ਗਗਨੇਜਾ ਦੇ 2016 ਵਿੱਚ ਹੋਏ ਕਤਲ ਕੇਸ ਬਾਰੇ ਅਦਾਲਤ 'ਚ ਚਾਰਜਸ਼ੀਟ ਦਾਇਰ ਕਰ ਦਿੱਤੀ ਹੈ। ਇਸ ਵਿੱਚ ਸਾਰੇ ਦੋਸ਼ੀਆਂ ਦੇ ਖਿਲਾਫ ਕਤਲ, ਸਾਜ਼ਿਸ਼ ਅਤੇ ਹਥਿਆਰਾਂ ਦੀ ਕਰਾਵਾਈ ਦੇ ਦੋਸ਼ ਲਾਏ ਗਏ ਹਨ। ਐਨ ਆਈ ਏ ਨੇ 4 ਅਕਤੂਬਰ ਨੂੰ ਇਸ ਕੇਸ 'ਚ ਕੌਮਾਂਤਰੀ ਪ੍ਰਭਾਵ ਦਾ ਹਵਾਲਾ ਦਿੰਦਿਆਂ ਚਾਰਜਸ਼ੀਟ ਪੇਸ਼ ਕਰਨ ਲਈ 60 ਦਿਨਾਂ ਹੋਰ ਸਮਾਂ ਮੰਗਿਆ ਸੀ, ਪਰ 40 ਦਿਨਾਂ ਵਿੱਚ ਚਾਰਜਸ਼ੀਟ ਪੇਸ਼ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿ ਇਸ ਕੇਸ ਨੂੰ ਪਟਿਆਲਾ ਦੀ ਅਦਾਲਤ ਵਿੱਚ ਤਬਦੀਲ ਕਰਨ ਦਾ ਕਾਰਵਾਈ ਲਈ ਮਾਮਲੇ ਦੀ ਸੁਣਵਾਈ 21 ਨਵੰਬਰ ਨਿਸ਼ਚਿਤ ਕੀਤੀ ਗਈ ਹੈ। ਇਸ ਸਾਲ ਅਕਤੂਬਰ ਵਿੱਚ ਐਨ ਆਈ ਏ ਅਦਾਲਤ ਨੇ ਆਰ ਐਸ ਐਸ ਨੇਤਾ ਰਵਿੰਦਰ ਗੋਸਾਈਂ ਕਤਲ ਕੇਸ ਵਿੱਚ ਚਾਰਜਸ਼ੀਟ ਦੀ ਕਾਪੀ ਵੀ ਪੇਸ਼ ਕਰ ਦਿੱਤੀ ਸੀ।

ਐਨ ਆਈ ਏ ਨੇ ਗਗਨੇਜਾ ਕਤਲ ਕੇਸ 'ਚ ਦੋਸ਼ੀ ਹਰਦੀਪ ਉਰਫ ਸ਼ੇਰਾ, ਰਮਨਦੀਪ ਸਿੰਘ ਉਰਫ ਕੈਨੇਡੀਅਨ, ਧਰਮਿੰਦਰ ਸਿੰਘ ਉਰਫ ਗੁਗਨੀ, ਅਨਿਲ ਕੁਮਾਰ ਉਰਫ ਕਾਲਾ ਤੇ ਜਗਤਾਰ ਸਿੰਘ ਜੌਹਲ ਉਰਫ ਜੱਗੀ ਜੌਹਲ 'ਤੇ ਚਾਰਜ ਦਾਇਰ ਕੀਤੇ ਹਨ। ਬਾਕੀ ਤਿੰਨ ਹਰਮੀਤ ਉਰਫ ਹੈਪੀ (ਪਾਕਿਸਤਾਨ ਵਿੱਚ ਹੋਣ ਦਾ ਸ਼ੱਕ ਹੈ), ਗੁਰਜਿੰਦਰ ਸਿੰਘ ਉਰਫ ਸ਼ਾਸਤਰੀ (ਇਟਲੀ ਵਿੱਚ ਹੋਣ ਦਾ ਸ਼ੱਕ ਹੈ) ਅਤੇ ਗੁਰਸ਼ਰਨਬੀਰ ਸਿੰਘ ਉਰਫ ਪਹਿਲਵਾਨ (ਯੂ ਕੇ ਵਿੱਚ ਹੋਣ ਦਾ ਸ਼ੱਕ) ਨੂੰ ਗ੍ਰਿਫਤਾਰ ਕਰਨਾ ਬਾਕੀ ਹੈ। ਏਜੰਸੀ ਨੇ ਚਾਰਜਸ਼ੀਟ 'ਚ ਦਾਅਵਾ ਕੀਤਾ ਹੈ ਕਿ ਗਗਨੇਜਾ ਦੀ ਹੱਤਿਆ ਕੇ ਐਲ ਐਫ (ਖਾਲਿਸਤਾਨ ਕਮਾਂਡੋ ਫੋਰਸ) ਦੀ ਸੀਨੀਅਰ ਲੀਡਰਸ਼ਿਪ ਵੱਲੋਂ ਰਚੀ ਗਈ ਇੱਕ ਇੰਟਰਨੈਸ਼ਨਲ ਪੱਧਰ ਦੀ ਸਾਜ਼ਿਸ਼ ਹੇਠ ਕੀਤੀ ਗਈ ਸੀ। ਉਨ੍ਹਾਂ ਉੱਤੇ ਕਤਲ ਅਤੇ ਗੈਰ ਕਾਨੂੰਨੀ ਸਰਗਰਮੀਆਂ (ਰੋਕੂ) ਐਕਟ ਦਾ ਕੇਸ ਦਰਜ ਕੀਤਾ ਗਿਆ ਹੈ।

## ਹਾਈ ਕੋਰਟ ਨੇ ਕਿਹਾ, ਸੁਪਰੀਮ ਕੋਰਟ ਅਨੁਸਾਰ ਚੰਡੀਗੜ੍ਹ ਉਤੇ ਹੈ ਪੰਜਾਬ ਦਾ ਹੱਕ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕਿਹਾ ਕਿ ਜੇ ਸੁਪਰੀਮ ਕੋਰਟ ਦੇ ਇੱਕ ਹੁਕਮ (ਜੱਜਮੈਂਟ) ਨੂੰ ਮੰਨਿਆ ਜਾਵੇ ਤਾਂ ਚੰਡੀਗੜ੍ਹ ਉੱਤੇ ਪੰਜਾਬ ਦਾ ਹੱਕ ਬਣਦਾ ਹੈ। ਇਹ ਟਿੱਪਣੀ ਚੰਡੀਗੜ੍ਹ ਦੇ ਪੱਟੀ ਦਰਜ ਜਾਤਾਂ ਦੇ ਵਸਨੀਕਾਂ ਨੂੰ ਪੰਜਾਬ ਅਤੇ ਹਰਿਆਣਾ 'ਚ ਰਾਖਵਾਂਕਰਨ ਨਾ ਦੇਣ ਦੇ ਵਿਰੁੱਧ ਅਰਜ਼ੀ ਦੀ ਸੁਣਵਾਈ ਵੱਲੇ ਕੱਲ੍ਹ ਹਾਈ ਕੋਰਟ ਦੇ ਜਸਟਿਸ ਆਰ ਕੇ ਜੈਨ ਅਤੇ ਜਸਟਿਸ ਸੁਵੀਰ ਸਹਿਗਲ ਦੇ ਡਵੀਜ਼ਨ ਬੈਂਚ ਨੇ ਕੀਤੀ। ਇਸ ਮੁੱਦੇ ਉੱਤੇ ਉਨ੍ਹਾ ਨੇ ਚੰਡੀਗੜ੍ਹ ਅਤੇ ਪੰਜਾਬ ਦੇ ਪ੍ਰਸ਼ਾਸਨ ਨੂੰ ਮਦਦ ਕਰਨ ਲਈ ਕਿਹਾ ਹੈ।

ਹਾਈ ਕੋਰਟ ਦੇ ਇਸ ਬੈਂਚ ਨੇ ਕਿਹਾ ਕਿ ਸੁਪਰੀਮ ਕੋਰਟ ਦੀ ਜੱਜਮੈਂਟ ਕਹਿੰਦੀ ਹੈ ਕਿ ਚੰਡੀਗੜ੍ਹ ਉਤੇ ਪੰਜਾਬ ਦਾ ਹੱਕ ਹੈ, ਪਰ ਮੌਜੂਦਾ ਕੇਸ ਵਿੱਚ ਪੰਜਾਬ ਕਹਿੰਦਾ ਹੈ ਕਿ ਪੰਜਾਬ ਚੰਡੀਗੜ੍ਹ ਦਾ ਹਿੱਸਾ ਨਹੀਂ। ਅਦਾਲਤ ਨੇ ਕਿਹਾ ਕਿ ਇਹ ਗੱਲ ਹਰਿਆਣਾ ਪਹਿਲਾਂ ਹੀ ਕਹਿ ਚੁੱਕਾ ਹੈ ਕਿ ਚੰਡੀਗੜ੍ਹ ਇਸ ਦਾ ਹਿੱਸਾ ਨਹੀਂ ਅਤੇ ਉਂਝ ਵੀ ਚੰਡੀਗੜ੍ਹ ਪੰਜਾਬ ਵਿੱਚੋਂ ਹੀ ਨਿਕਲਿਆ ਹੈ। ਦੋਵਾਂ ਜੱਜਾਂ ਦੇ ਬੈਂਚ ਨੇ ਕਿਹਾ ਕਿ ਇਸ ਹਾਲਤ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਮੁਤਾਬਕ ਚੰਡੀਗੜ੍ਹ ਤੇ ਪੰਜਾਬ ਸਰਕਾਰ ਚੰਡੀਗੜ੍ਹ ਦੇ ਇਲਾਕੇ ਉਤੇ ਪੰਜਾਬ ਦਾ ਹੱਕ ਮੰਨਦੇ ਹਨ ਜਾਂ ਨਹੀਂ, ਇਸ ਬਾਰੇ ਦੋਵੇਂ ਧਿਰਾਂ ਇਸ ਬੈਂਚ ਦੀ ਮਦਦ ਕਰਨ। ਹਰਿਆਣਾ ਦੇ ਸਰਕਾਰੀ ਵਕੀਲ ਨੇ ਸੁਣਵਾਈ ਦੌਰਾਨ ਕਿਹਾ ਕਿ ਚੰਡੀਗੜ੍ਹ ਉੱਤੇ ਪੰਜਾਬ ਦਾ ਹੱਕ ਹੋਣ ਬਾਰੇ ਸੁਪਰੀਮ ਕੋਰਟ ਦੇ ਜਿਸ ਫੈਸਲੇ ਦਾ ਹਵਾਲਾ ਦਿੱਤਾ ਜਾ ਰਿਹਾ ਹੈ, ਉਹ ਮੈਡੀਕਲ ਕਾਲਜ ਦੀਆਂ ਐੱਮ ਬੀ ਬੀ ਐੱਸ ਸੀਟਾਂ ਬਾਰੇ ਇੱਕ ਕੇਸ ਬਾਰੇ ਹੈ, ਪਰ ਬੈਂਚ ਨੇ ਕਿਹਾ ਕਿ ਇਸ ਫੈਸਲੇ ਦੀ ਇੱਕੋ ਲਾਈਨ ਮੌਜੂਦਾ ਕੇਸ 'ਚ ਕਾਫੀ ਮਹੱਤਵ ਰੱਖਦੀ ਹੈ, ਇਸ ਲਈ ਇਸ ਬਾਰੇ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ।




ਹਰਿਆਣਾ ਸਰਕਾਰ ਦਾ ਕਹਿਣਾ ਹੈ ਕਿ ਸਾਲ 1980 'ਚ ਕੇਂਦਰ ਸਰਕਾਰ ਨੇ ਖਰੜ ਤਸੀਲ ਬਾਰੇ ਤਜਵੀਜ਼ ਬਣਾ ਦਿੱਤੀ ਸੀ ਕਿ ਇਸ ਤਸੀਲ ਦੇ ਪੰਜਾਬੀ ਬੋਲਦੇ ਇਲਾਕੇ ਨਵੇਂ ਪੰਜਾਬ ਦਾ ਹਿੱਸਾ ਹੋਣਗੇ, ਹਿੰਦੀ ਬੋਲਦੇ ਇਲਾਕੇ ਨਵੇਂ ਬਣੇ ਪ੍ਰਦੇਸ਼ ਹਰਿਆਣਾ ਦਾ ਹਿੱਸਾ ਹੋਣਗੇ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦਾ ਖੇਤਰ ਯੂ ਟੀ ਬਣਿਆ ਰਹੇਗਾ। ਇਹ ਵੀ ਅਦਾਲਤ ਨੂੰ ਦੱਸਿਆ ਗਿਆ ਕਿ ਇਸ ਤੋਂ ਪਹਿਲਾਂ ਇਹ ਤਜਵੀਜ਼ ਬਣਾਈ ਜਾ ਚੁੱਕੀ ਸੀ ਕਿ ਚੰਡੀਗੜ੍ਹ ਦੇ ਪ੍ਰਬੰਧਾਂ ਦਾ ਕੰਮ ਕੇਂਦਰ ਸਰਕਾਰ ਸਿੱਧੇ ਤੌਰ ਉੱਤੇ ਵੇਖੇਗੀ।

ਫਿਲਹਾਲ ਹਾਈ ਕੋਰਟ ਦੇ ਇਸ ਬੈਂਚ ਨੇ ਸੁਪਰੀਮ ਕੋਰਟ ਦੀ ਜੱਜਮੈਂਟ ਮੁਤਾਬਕ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਮੰਨਿਆ ਹੈ, ਪਰ ਪੰਜਾਬ ਇਸ ਕੇਸ ਵਿੱਚ ਚੰਡੀਗੜ੍ਹ ਨੂੰ ਆਪਣਾ ਹਿੱਸਾ ਨਹੀਂ ਮੰਨ ਰਿਹਾ, ਇਸ ਲਈ ਹਾਈ ਕੋਰਟ ਇਸ ਮਾਮਲੇ ਵਿੱਚ ਕੀ ਰੁਖ਼ ਅਪਣਾਵੇ, ਇਹ ਨਵਾਂ ਸਵਾਲ ਖੜਾ ਹੋ ਗਿਆ ਹੈ।

## ਗੋਲੀਆਂ ਮਾਰ ਕੇ ਔਰਤ ਦਾ ਕਤਲ, ਇੱਕ ਦੋਸ਼ੀ ਕਾਬੂ

ਬੀਜਾ (ਖੰਨਾ), 17 ਨਵੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਭੁਮੱਦੀ ਵਿਖੇ ਮੋਟਰ ਸਾਈਕਲ ਸਵਾਰ ਦੋ ਜਣਿਆਂ ਨੇ ਇੱਕ 43 ਸਾਲਾ ਔਰਤ ਜਸਵੀਰ ਕੌਰ ਦੇ ਘਰ ਦਾਖਲ ਹੋ ਕੇ ਗੋਲੀਆਂ ਮਾਰ ਕੇ ਉਸ ਨੂੰ ਮਾਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਸਵੇਰੇ ਦੋ ਜਣੇ ਜਸਵੀਰ ਕੌਰ ਦੇ ਘਰ ਆਏ ਅਤੇ ਉਨ੍ਹਾਂ ਆਉਂਦੇ ਸਾਰ ਜਸਵੀਰ ਕੌਰ ਦੇ ਸਿਰ ਵਿੱਚ ਗੋਲੀਆਂ ਮਾਰੀਆਂ, ਜਿਸ ਕਰਨ ਉਸ ਦੀ ਬੇਟੀ ਅਤੇ ਹੋਰ ਪਰਵਾਰਕ ਮੈਂਬਰਾਂ ਨੇ ਰੌਲਾ ਪਾ ਦਿੱਤਾ। ਦੋਵੇਂ ਦੋਸ਼ੀ ਜਦੋਂ ਜਸਵੀਰ ਕੌਰ ਦੇ ਕਤਲ ਪਿੱਛੋਂ ਮੋਟਰ ਸਾਈਕਲ 'ਤੇ ਜਾਣ ਲੱਗੇ ਤਾਂ ਗੁਆਂਢੀ ਬਜ਼ੁਰਗ ਤੇ ਉਸ ਦੇ ਪੁੱਤਰ ਗੁਰਪ੍ਰੀਤ ਸਿੰਘ ਨੇ ਮੋਟਰ ਸਾਈਕਲ ਦੇ ਪਿੱਛੇ ਬੈਠੇ ਇੱਕ ਹਮਲਾਵਰ ਨੂੰ ਖਿੱਚ ਕੇ ਸੁੱਟ ਲਿਆ, ਪਰ ਦੂਜਾ ਹਮਲਾਵਰ ਮੋਟਰ ਸਾਈਕਲ ਛੱਡ ਕੇ ਦੌੜ ਗਿਆ। ਹਮਲਾਵਰਾਂ ਨੇ ਉਨ੍ਹਾਂ ਵਿੱਚੋਂ ਇੱਕ ਨੂੰ ਫੜਨ ਵਾਲੇ ਨੇ ਗੁਰਪ੍ਰੀਤ ਸਿੰਘ ਦੇ ਵੀ ਗੋਲੀਆਂ ਮਾਰੀਆਂ ਅਤੇ ਉਹ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਚੰਡੀਗੜ੍ਹ ਦੇ ਇੱਕ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਵਾਰਦਾਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਵਰੰਨਣ ਯੋਗ ਹੈ ਕਿ ਮ੍ਰਿਤਕ ਜਸਵੀਰ ਕੌਰ ਦੇ ਪਤੀ ਨੇ ਪਿਛਲੇ ਸਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਸੀ। ਡੀ ਐੱਸ ਪੀ ਖੰਨਾ ਨੇ ਦੱਸਿਆ ਕਿ ਪਿੰਡ ਵਾਸੀਆਂ ਵੱਲੋਂ ਮੌਕੇ 'ਤੇ ਫੜਿਆ ਹਮਲਾਵਰ ਅਮਲੋਹ ਨੇੜਲੇ ਪਿੰਡ ਮੀਆਂਪੁਰ ਦਾ ਜਸਵੀਰ ਸਿੰਘ ਹੈ। ਉਸ ਤੋਂ ਪੁੱਛਗਿੱਛ ਕਰ ਕੇ ਸਚਾਈ ਸਾਹਮਣੇ ਲਿਆਂਦੀ ਜਾਵੇਗੀ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੀ ਲੜਕੀ ਪਰਨੀਤ ਕੌਰ ਦੇ ਬਿਆਨਾਂ ਉੱਤੇ ਥਾਣਾ ਸਦਰ ਖੰਨਾ ਵਿੱਚ ਕੇਸ ਦਰਜ ਕਰ ਲਿਆ ਹੈ।

## ਕਮਿਸ਼ਨ ਲੈਣ ਗਏ ਦਲਾਲ ਦਾ ਸ਼ੈਲਰ ਮਾਲਕ ਵੱਲੋਂ ਗੋਲੀ ਮਾਰ ਕੇ ਕਤਲ

ਫਰੀਦਕੋਟ, 17 ਨਵੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਲਾਲੇਆਣਾ ਵਿਖੇ ਗੋਲੀ ਚੱਲਣ ਦੀ ਘਟਨਾ 'ਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਦੂਸਰਾ ਵਿਅਕਤੀ ਜ਼ਖਮੀ ਹੋ ਗਿਆ ਹੈ।

ਸਥਾਨਕ ਸਿਵਲ ਹਸਪਤਾਲ ਵਿਖੇ ਦਾਖਲ ਰਣਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਫਰੀਦਕੋਟ ਨੇ ਪੁਲਸ ਨੂੰ ਦੱਸਿਆ ਕਿ ਉਹ ਸ਼ੈਲਰ ਮਾਲਕਾਂ ਨੂੰ ਝੋਨਾ ਜਾਂ ਬਾਸਮਤੀ ਦਿਵਾਉਣ ਦੀ ਦਲਾਲੀ ਦਾ ਕੰਮ ਕਰਦੇ ਹਨ। ਪਿੰਡ ਲਾਲੇ-ਆਣਾ ਵਿਖੇ ਕਿਸਾਨ ਰਾਈਸ ਮਿਲ ਦੇ ਮਾਲਕ ਗੁਰਦੇਵ ਸਿੰਘ ਨੇ ਕੱਲ੍ਹ ਖੁਦ ਫੋਨ ਕਰ ਕੇ ਉਸ ਨੂੰ ਅਤੇ ਉਸ ਦੇ ਦੋਸਤ ਮਨਦੀਪ ਸਿੰਘ ਪੁੱਤਰ ਇੰਦਰਜੀਤ ਸਿੰਘ ਵਾਸੀ ਫਰੀਦਕੋਟ ਨੂੰ ਕਮਿਸ਼ਨ ਦੀ ਰਕਮ ਲਿਜਾਣ ਨੂੰ ਕਿਹਾ ਸੀ। ਜਦ ਉਹ ਅਜੇ ਸ਼ੈਲਰ ਦੇ ਬਾਹਰ ਦਰਵਾਜ਼ੇ ਤੱਕ ਪੁੱਜੇ ਸਨ ਤਾਂ ਉਥੇ ਹਾਜ਼ਰ ਗੁਰਦੇਵ ਸਿੰਘ ਤੇ ਉਸ ਦੇ ਪੁੱਤਰ ਗਗਨਦੀਪ ਸਿੰਘ ਨੇ ਪਿਸਟਲ ਕੱਢ ਕੇ ਉਨ੍ਹਾਂ ਉਤੇ ਗੋਲੀ ਚਲਾ ਦਿੱਤੀ। ਸ਼ਿਕਾਇਤ ਕਰਤਾ ਅਨੁਸਾਰ ਉਹ ਖੁਦ ਖਤਰਾ ਵੇਖ ਕੇ ਜ਼ਮੀਨ 'ਤੇ ਲੇਟ ਗਿਆ, ਪਰ ਉਸ ਦੇ ਦੋਸਤ ਮਨਦੀਪ ਸਿੰਘ ਦੇ ਗੋਲੀ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਬਲਕਾਰ ਸਿੰਘ ਸੰਧੂ ਡੀ ਐਸ ਪੀ ਕੋਟਕਪੂਰਾ ਦੀ ਅਗਵਾਈ ਹੇਠ ਪੁਲਸ ਨੇ ਘਟਨਾ ਸਥਾਨ ਦਾ ਜਾਇਜ਼ਾ ਲੈਣ ਪਿੱਛੋਂ ਕਾਰਵਾਈ ਸ਼ੂਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਦੇ ਬਿਆਨਾਂ ਉੱਤੇ ਸ਼ੈਲਰ ਮਾਲਕਾਂ ਖਿਲਾਫ ਕਤਲ ਦਾ ਕੇਸ ਦਰਜ ਕੀਤਾ ਹੈ।



## ਮਧੂ ਕੌੜਾ ਨੂੰ ਚੋਣ ਲੜਨ ਦੀ ਆਗਿਆ ਤੋਂ ਕੋਰਟ ਦਾ ਇਨਕਾਰ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਨੂੰ ਰਾਜ ਵਿਧਾਨ ਸਭਾ ਦੀਆਂ ਚੋਣਾਂ ਲੜਨ ਦੀ ਆਗਿਆ ਦੇਣ ਲਈ ਸੁਪਰੀਮ ਕੋਰਟ ਨੇ ਕੱਲ੍ਹ ਇਨਕਾਰ ਕਰ ਦਿੱਤਾ।

ਵਰਨਣ ਯੋਗ ਹੈ ਕਿ ਸਾਲ 2009 ਦੀਆਂ ਲੋਕ ਸਭਾ ਚੋਣਾਂ ਵਿੱਚ ਹੋਏ ਖਰਚ ਦਾ ਬਿਊਰਾ ਨਹੀਂ ਦੇਣ ਉਤੇ ਚੋਣਾਂ ਕਮਿਸ਼ਨ ਨੇ ਸਤੰਬਰ 2017 ਵਿੱਚ ਉਨ੍ਹਾਂ ਨੂੰ ਤਿੰਨ ਸਾਲ ਤੱਕ ਚੋਣਾਂ ਲੜਨ ਦੇ ਅਯੋਗ ਕਰਾਰ ਦੇ ਦਿੱਤਾ ਸੀ। ਇਸ ਫੈਸਲੇ ਨੂੰ ਚੁਣੌਤੀ ਦੇਂਦੀ ਮਧੂ ਕੌੜਾ ਦੀ ਅਰਜ਼ੀ ਉੱਤੇ ਜਸਟਿਸ ਐੱਨ ਵੀ ਰਮੰਨਾ ਦੀ ਅਗਵਾਈ ਵਾਲੀ ਬੈਂਚ ਨੇ ਚੋਣਾਂ ਕਮਿਸ਼ਨ ਤੋਂ ਜਵਾਬ ਮੰਗਿਆ ਹੈ। ਮਧੂ ਕੌੜਾ ਦੇ ਵਕੀਲ ਨੇ ਕਿਹਾ ਕਿ ਉਨ੍ਹਾਂ ਨੂੰ ਅਯੋਗ ਕਰਾਰ ਦਿੱਤੇ ਜਾਣ ਨੂੰ ਦੋ ਸਾਲ ਬੀਤ ਚੁੱਕੇ ਹਨ ਅਤੇ ਇਸ ਵਾਰੀ ਉਨ੍ਹਾਂ ਨੂੰ ਵਿਧਾਨ ਸਭਾ ਚੋਣਾਂ ਲੜਨ ਦੀ ਇਜ਼ਾਜਤ ਦਿੱਤੀ ਜਾਵੇ। ਅਦਾਲਤ ਨੇ ਕਮਿਸ਼ਨ ਨੂੰ ਨੋਟਿਸ ਜਾਰੀ ਕਰ ਕੇ ਕਿਹਾ, 'ਦੇਰੀ ਦੇ ਲਈ ਤੁਸੀਂ ਖੁਦ ਜ਼ਿੰਮੇਵਾਰ ਹੋ। ਤੁਹਾਨੂੰ ਇੱਕ ਸਾਲ ਹੋਰ ਉਡੀਕ ਕਰਨੀ ਪਵੇਗੀ। ਇਸ ਸਥਿਤੀ ਵਿੱਚ ਅਸੀਂ ਤੁਹਾਨੂੰ ਚੋਣਾਂ ਲੜਨ ਦੀ ਇਜ਼ਾਜਤ ਨਹੀਂ ਦੇ ਸਕਦੇ।

## ਮਾਲਵਿੰਦਰ ਅਤੇ ਸ਼ਿਵਇੰਦਰ ਅਦਾਲਤੀ ਮਾਣਹਾਨੀ ਦੇ ਦੋਸ਼ੀ ਕਰਾਰ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਰੈਨਬੈਕਸੀ ਦੇ ਸਾਬਕਾ ਪ੍ਰਮੋਟਰ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਨੂੰ ਜਾਪਾਨੀ ਕੰਪਨੀ ਦਾਇਚੀ ਸੈਕਿਓ ਵੱਲੋਂ ਦਾਇਰ ਕੇਸ 'ਚ ਅਦਾਲਤੀ ਮਾਣਹਾਨੀ ਦਾ ਦੋਸ਼ੀ ਮੰਨਿਆ ਹੈ। ਇਸ 'ਤੇ ਸਜ਼ਾ ਦਾ ਫੈਸਲਾ ਬਾਅਦ 'ਚ ਕੀਤਾ ਜਾਵੇਗਾ। ਜਾਪਾਨੀ ਕੰਪਨੀ ਨੇ ਦੋਵੇਂ ਭਰਾਵਾਂ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ ਨੇ ਆਪਣਾ ਹਿੱਸਾ ਬਿਨ੍ਹਾਂ ਅਦਾਲਤੀ ਮਨਜ਼ੂਰੀ ਤੋਂ ਵੇਚ ਦਿੱਤਾ ਹੈ। ਸੁਪਰੀਮ ਕੋਰਟ ਨੇ ਫੋਰਟਿਸ ਹੈਲਥ ਕੇਅਰ ਨੂੰ ਵੀ ਅਦਾਲਤੀ ਮਾਣਹਾਨੀ ਦਾ ਦੋਸ਼ੀ ਮੰਨਿਆ ਅਤੇ ਕਿਹਾ ਕਿ ਦੋਵੇਂ ਸਿੰਘ ਭਰਾ 1175 ਕਰੋੜ ਰੁਪਏ ਜਮ੍ਹਾਂ ਕਰਵਾ ਕੇ ਇਨ੍ਹਾਂ ਦੋਸ਼ਾਂ ਤੋਂ ਛੁਟਕਾਰਾ ਪਾ ਸਕਦੇ ਹਨ। ਦਾਇਚੀ ਨੇ ਸਾਲ 2008 'ਚ ਰੈਨਬੈਕਸੀ ਖਰੀਦਿਆ ਸੀ, ਪਰ ਮਾਲਵਿੰਦਰ-ਸ਼ਿਵਇੰਦਰ ਨੇ ਰੈਨਬੈਕਸੀ ਬਾਰੇ ਰੈਗੂਲੇਟਰੀ ਖਾਮੀਆਂ ਵਰਗੀ ਅਹਿਮ ਗੱਲ ਛੁਪਾਈ ਸੀ, ਜਿਸ 'ਤੇ ਜਾਪਾਨੀ ਕੰਪਨੀ ਨੇ ਸਿੰਗਾਪੁਰ ਟ੍ਰਿਬਿਊਨਲ 'ਚ ਸ਼ਿਕਾਇਤ ਕੀਤੀ ਤਾਂ ਟ੍ਰਿਬਿਊਨਲ ਨੇ 2016 'ਚ ਦਾਇਚੀ ਦੇ ਹੱਕ 'ਚ ਫੈਸਲਾ ਕਰ ਕੇ ਦੋਵੇਂ ਭਰਾਵਾਂ ਨੂੰ ਭੁਗਤਾਨ ਦੇ ਆਦੇਸ਼ ਦਿੱਤੇ ਸਨ। ਸਿੰਘ ਭਰਾਵਾਂ ਨੇ ਇਸ ਫੈਸਲੇ ਨੂੰ ਭਾਰਤ ਅਤੇ ਸਿੰਗਾਪੁਰ ਦੀਆਂ ਅਦਾਲਤਾਂ 'ਚ ਚੁਣੌਤੀ ਵੀ ਦਿੱਤੀ, ਪਰ ਕੋਈ ਰਾਹਤ ਨਹੀਂ ਮਿਲੀ।

# ਆਰ ਕਾਮ ਵਿੱਚ ਘਾਟੇ ਪਿੱਛੋਂ ਅਨਿਲ ਅੰਬਾਨੀ ਦਾ ਅਸਤੀਫਾ

### * 30,000 ਕਰੋੜ ਤੋਂ ਵੱਧ ਦਾ ਘਾਟਾ, ਕਈ ਡਾਇਰੈਕਟਰਾਂ ਨੇ ਕੰਪਨੀ ਛੱਡੀ

ਮੁੰਬਈ, 17 ਨਵੰਬਰ (ਪੋਸਟ ਬਿਊਰੋ)- ਭਾਰਤੀ ਕਾਰਪੋਰੇਟ ਇਤਿਹਾਸ ਵਿੱਚ ਦੂਜਾ ਸਭ ਤੋਂ ਵੱਡਾ ਤਿਮਾਹੀ ਘਾਟਾ ਪੇਸ਼ ਕਰਨ ਵਾਲੀ ਆਰ ਕਾਮ ਕੰਪਨੀ ਤੋਂ ਅਨਿਲ ਅੰਬਾਨੀ ਨੇ ਅਸਤੀਫਾ ਦੇ ਦਿੱਤਾ ਹੈ। ਦੀਵਾਲੀਆ ਪ੍ਰਕਿਰਿਆ 'ਚੋਂ ਲੰਘ ਰਹੀ ਟੈਲੀਕਾਮ ਕੰਪਨੀ ਰਿਲਾਇੰਸ ਕਮਿਊਨੀਕੇਸ਼ਨ (ਆਰ ਕਾਮ) ਦੇ ਡਾਇਰੈਕਟਰ ਅਹੁਦੇ ਤੋਂ ਅਸਤੀਫਾ ਦੇਣ ਵਾਲਿਆਂ ਵਿੱਚ ਅਨਿਲ ਅੰਬਾਨੀ ਤੋਂ ਇਲਾਵਾ ਚਾਰ ਜਣੇ ਹੋਰ ਵੀ ਸ਼ਾਮਲ ਹਨ।

ਇੱਕ ਬਿਆਨ ਵਿੱਚ ਆਰ ਕਾਮ ਨੇ ਕਿਹਾ ਹੈ ਕਿ ਅੰਬਾਨੀ ਤੋਂ ਬਿਨਾ ਛਾਇਆ ਵੀਰਾਨੀ, ਰਾਇਨਾ ਕਰਨੀ, ਮੰਜਰੀ ਕੱਕੜ ਅਤੇ ਸੁਰੇਸ਼ ਰੰਗਾਚਾਰ ਨੇ ਵੀ ਕੰਪਨੀ ਡਾਇਰੈਕਟਰ ਅਹੁਦਾ ਛੱਡ ਦਿੱਤਾ ਹੈ। ਕੰਪਨੀ ਮੁਤਾਬਕ ਇਸ ਤੋਂ ਇਲਾਵਾ ਡਾਇਰੈਕਟਰ ਅਤੇ ਚੀਫ ਫਾਈਨੈਂਸ ਆਫੀਸਰ (ਸੀ ਐੱਫ ਓ) ਮਣੀਕੰਟਨ ਵੀ ਅਸਤੀਫਾ ਦੇ ਗਏ ਹਨ। ਇਨ੍ਹਾਂ ਸਭਨਾਂ ਦਾ



ਅਸਤੀਫਾ ਵਿਚਾਰ ਲਈ ਆਰ ਕਾਮ ਦੇ ਕਰਜ਼ ਦਾਤਾਵਾਂ ਦੀ ਕਮੇਟੀ (ਸੀ ਓ ਸੀ) ਕੋਲ ਭੇਜਿਆ ਜਾਵੇਗਾ। ਸ਼ੁੱਕਰਵਾਰ ਦੇਰ ਸ਼ਾਮ ਆਰ ਕਾਮ ਨੇ ਚਾਲੂ ਸਾਲ ਦੀ ਦੂਜੀ ਤਿਮਾਹੀ (ਜੁਲਾਈ-ਸਤੰਬਰ 2019) ਦੇ ਨਤੀਜੇ ਜ਼ਾਹਰ ਕੀਤੇ ਸਨ, ਜਿਸ ਦੇ ਮੁਤਾਬਕ ਇਸ ਤਿਮਾਹੀ ਵਿੱਚ ਕੰਪਨੀ ਨੂੰ 30,142 ਕਰੋੜ ਰੁਪਏ ਘਾਟਾ ਝੱਲਣਾ ਪਿਆ ਹੈ। ਆਰ ਕਾਮ ਲਈ ਇਹ ਕਿਸੇ ਤਿਮਾਹੀ ਵਿੱਚ ਹੋਇਆ ਰਿਕਾਰਡ ਘਾਟਾ ਤੇ ਭਾਰਤੀ ਕਾਰਪੋਰੇਟ ਇਤਿਹਾਸ ਦਾ ਦੂਜਾ ਸਭ ਤੋਂ ਵੱਡਾ ਤਿਮਾਹੀ ਨੁਕਸਾਨ ਹੈ। ਪਿਛਲੇ ਸਾਲ ਏਸੇ ਬਰਾਬਰ ਮਿਆਦ ਵਿੱਚ ਆਰ ਕਾਮ ਨੂੰ 1,141 ਕਰੋੜ ਰੁਪਏ ਲਾਭ ਹੋਇਆ ਸੀ।

ਇਸ ਹਫਤੇ ਵੋਡਾਫੋਨ ਆਈਡੀਆ ਨੇ ਦੂਜੀ ਤਿਮਾਹੀ ਦੇ ਵਿੱਤੀ ਨਤੀਜੇ ਜ਼ਾਹਰ ਕੀਤੇ ਸਨ ਤਾਂ ਕੰਪਨੀ ਨੂੰ ਕਰੀਬ 51,000 ਕਰੋੜ ਰੁਪਏ ਘਾਟਾ ਹੋਇਆ, ਜੋ ਭਾਰਤੀ ਕਾਰਪੋਰੇਟ ਜਗਤ ਦੇ ਇਤਿਹਾਸ ਵਿੱਚ ਕਿਸੇ ਕੰਪਨੀ ਲਈ ਸਭ ਤੋਂ ਵੱਡਾ ਤਿਮਾਹੀ ਘਾਟਾ ਹੈ। ਪਿਛਲੇ ਮਹੀਨੇ ਸੁਪਰੀਮ ਕੋਰਟ ਨੇ ਐਡਜਸਟਿਡ ਗ੍ਰਾਸ ਰੈਵੇਨਿਊ (ਏ ਜੀ ਆਰ) ਦਾ ਜੋ ਫੈਸਲਾ ਦਿੱਤਾ ਸੀ, ਉਸ ਦੇ ਹਿਸਾਬ ਨਾਲ ਟੈਲੀਕਾਮ ਵਿਭਾਗ ਨੇ ਆਰ ਕਾਮ ਨਾਲ 28,318 ਕਰੋੜ ਰੁਪਏ ਲੈਣੇ ਹਨ। ਕੰਪਨੀ ਨੇ ਆਪਣੇ ਨਤੀਜੇ ਵਿੱਚ ਇਸੇ ਰਕਮ ਦੀ ਵਿਵਸਥਾ ਕੀਤੀ, ਜਿਸ ਨਾਲ ਉਸ ਨੂੰ 30,142 ਕਰੋੜ ਰੁਪਏ ਦਾ ਘਾਟਾ ਹੋਇਆ ਹੈ। ਵਰਨਣ ਯੋਗ ਹੈ ਕਿ ਆਰ ਕਾਮ ਦੀਵਾਲੀਆ ਪ੍ਰਕਿਰਿਆ ਤੋਂ ਲੰਘ ਰਹੀ ਹੈ ਅਤੇ ਆਖਰੀ ਪੜਾਅ ਵਿੱਚ ਹੈ।

### ਸਾਧੂਆਂ ਨੂੰ ਨਪੁੰਸਕ ਬਣਾਉਣ ਦਾ ਮਾਮਲਾ :

## ਸੀ ਬੀ ਆਈ ਦੀ ਮੰਗ ਬਾਰੇ ਹਾਈ ਕੋਰਟ ਦਾ ਫੈਸਲਾ ਪੈਂਡਿੰਗ ਹੋਣ ਕਾਰਨ ਕਾਰਵਾਈ ਨਹੀਂ ਹੋਈ

ਪੰਚਕੂਲਾ, 17 ਨਵੰਬਰ (ਪੋਸਟ ਬਿਊਰੋ)- ਸਿਰਸਾ ਵਿਚਲੇ ਡੇਰਾ ਸੱਚਾ ਸੌਦਾ ਵਿੱਚ ਡੇਰਾ ਮੁਖੀ ਰਾਮ ਰਹੀਮ ਵੱਲੋਂ ਡੇਰੇ ਦੇ 400 ਸਾਧੂਆਂ ਨੂੰ ਨਿਪੁੰਸਕ ਬਣਵਾਏ ਜਾਣ ਦੇ ਕੇਸ 'ਚ ਪੰਚਕੂਲਾ ਵਿਚਲੀ ਹਰਿਆਣਾ ਦੀ ਸੀ ਬੀ ਆਈ ਅਦਾਲਤ ਵਿੱਚ ਅੱਜ ਸੁਣਵਾਈ ਹੋਈ, ਰਾਮ ਰਹੀਮ ਨੂੰ ਵੀਡੀਓ ਕਾਨਫਰੰਸ ਰਾਹੀਂ ਜੇਲ੍ਹ ਤੋਂ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਬਾਕੀ ਦੇ ਦੋਸ਼ੀ ਪੰਕਜ ਗਰਗ ਅਤੇ ਐੱਮ ਪੀ ਸਿੰਘ ਖੁਦ ਅਦਾਲਤ 'ਚ ਪੇਸ਼ ਹੋਏ। ਫਿਰ ਵੀ ਸੀ ਬੀ ਆਈ ਵੱਲੋਂ ਹਾਈ ਕੋਰਟ ਵਿੱਚ ਦਿੱਤੀ ਅਰਜ਼ੀ 'ਤੇ ਫੈਸਲਾ ਪੈਂਡਿੰਗ ਹੋਣ ਕਾਰਨ ਕੋਈ ਕਾਰਵਾਈ ਨਹੀਂ ਹੋਈ ਤੇ ਦੋਸ਼ੀਆਂ ਦੀ ਸਿਰਫ ਹਾਜ਼ਰੀ ਲੱਗੀ। ਸੀ ਬੀ ਆਈ ਅਦਾਲਤ ਵਿੱਚ ਮਾਮਲੇ ਦੀ ਅਗਲੀ ਸੁਣਵਾਈ 18 ਦਸੰਬਰ ਨੂੰ ਹੋਵੇਗੀ।

ਵਰਨਣ ਯੋਗ ਹੈ ਕਿ ਪਿਛਲੀ ਸੁਣਵਾਈ ਮੌਕੇ ਬਚਾਅ ਪੱਖ ਨੇ ਅਰਜ਼ੀ ਦਿੱਤੀ ਸੀ, ਜਿਸ ਵਿੱਚ ਸ਼ਿਕਾਇਤ ਕਰਤਾ ਦੇ ਬਿਆਨਾਂ ਦੀ ਕਾਪੀ ਮੰਗੀ ਗਈ ਸੀ। ਪਤਾ ਲੱਗਾ ਹੈ ਕਿ ਸੀ ਬੀ ਆਈ ਨੇ ਬਚਾਅ ਪੱਖ ਨੂੰ ਸ਼ਿਕਾਇਤ ਕਰਤਾਵਾਂ ਦੇ ਬਿਆਨਾਂ ਦੀ ਕਾਪੀ ਦੇ ਦਿੱਤੀ ਸੀ, ਜਿਸ ਤੋਂ ਬਾਅਦ ਸੀ ਬੀ ਆਈ ਨੇ ਅਰਜ਼ੀ ਦੇ ਕੇ ਹਾਈ ਕੋਰਟ ਨੂੰ ਅਪੀਲ ਕੀਤੀ ਸੀ ਕਿ ਉਹ ਬਾਕੀ ਦੇ ਬਿਆਨਾਂ ਦੀ ਕਾਪੀ ਬਚਾਅ ਪੱਖ ਨੂੰ ਨਹੀਂ ਦੇ ਸਕਦੀ। ਸੀ ਬੀ ਆਈ ਵੱਲੋਂ ਹਾਈ ਕੋਰਟ ਵਿੱਚ ਦਿੱਤੀ ਗਈ ਅਰਜ਼ੀ ਦਾ ਫੈਸਲਾ ਆਉਣਾ ਅਜੇ ਬਾਕੀ ਹੈ।

## ਤਬਾਦਲਾ ਹੋਣ ਤੋਂ ਭੜਕੇ ਥਾਣੇਦਾਰ ਨੇ 65 ਕਿਲੋਮੀਟਰ ਦੌੜ ਲਾਈ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਇਟ-ਾਵਾ ਜ਼ਿਲ੍ਹੇ ਵਿੱਚ ਇੱਕ ਹੈਰਾਨੀ ਵਾਲਾ ਕੇਸ ਸਾਹਮਣੇ ਆਇਆ ਹੈ। ਓਥੇ ਇੱਕ ਪੁਲਸ ਵਾਲੇ ਨੂੰ ਟਰਾਂਸਫਰ ਕਰਨ ਨਾਲ ਉਹ ਨਾਰਾਜ਼ ਹੋ ਗਿਆ ਅਤੇ ਇਸ ਦੇ ਵਿਰੁੱਧ ਪ੍ਰਦਰਸ਼ਨ ਕਰਨ ਲਈ 65 ਕਿਲੋਮੀਟਰ ਦੀ ਦੌੜ ਲਾਉਣ ਦੀ ਸ਼ਰਤ ਲਾ ਲਈ।

ਦੌੜ ਲਗਾਉਣ ਵਾਲੇ ਇਸ ਥਾਣੇਦਾਰ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੇ ਗਲਤ ਢੰਗ ਨਾਲ ਉਸ ਦਾ ਟਰਾਂਸਫਰ ਕੀਤਾ ਹੈ ਅਤੇ ਉਸ ਦੀ ਜ਼ਿੱਦ ਹੈ ਕਿ ਉਹ ਇਸ ਦੇ ਵਿਰੁੱਧ 65 ਕਿਲੋਮੀਟਰ ਦੀ ਦੌੜ ਲਾਵੇਗਾ ਅਤੇ ਲੋਕਾਂ ਨੂੰ ਜਾਗਰੂਕ ਕਰੇਗਾ। ਇਸ ਦੌੜ ਵਿੱਚ ਥੋੜ੍ਹੀ ਦੂਰ ਜਾ ਕੇ ਉਸ ਬੇਹੋਸ਼ ਹੋ ਗਿਆ ਤਾਂ ਉਸ ਨੂੰ ਹਸਪਤਾਲ ਜਾਣਾ ਪਿਆ। ਨਿਊਜ਼ ਏਜੰਸੀ ਦੇ ਮੁਤਾਬਕ ਉਸ ਦਾ ਨਾਂਅ ਵਿਜੇ ਪ੍ਰਤਾਪ ਹੈ। ਉਨ੍ਹਾਂ ਦਾ ਤਬਾਦਲਾ ਬਿਠੌਲੀ ਥਾਣੇ ਵਿੱਚ ਕੀਤਾ ਗਿਆ ਤੋਂ ਆਪਣਾ ਵਿਰੋਧ ਦਰਜ ਕਰਾਉਣ ਲਈ ਉਸ ਨੇ ਦੌੜ ਲਾਉਣ ਦੀ ਸੋਚੀ ਅਤੇ ਰਸਤੇ ਵਿੱਚ ਦੌੜ ਬੇਹੋਸ਼ ਹੋ ਗਿਆ। ਵਿਜੇ ਪ੍ਰਤਾਪ ਦਾ ਕਹਿਣਾ ਹੈ ਕਿ ਅਧਿਕਾਰੀ ਦੀ ਤਾਨਾਸ਼ਾਹੀ ਕਰ ਕੇ ਉਸ ਦਾ ਤਬਾਦਲਾ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਐੱਸ ਐੱਸ ਪੀ ਨੇ ਉਸ ਨੂੰ ਪੁਲਸ ਲਾਈਨ ਵਿੱਚ ਰਹਿਣ ਨੂੰ ਕਿਹਾ ਸੀ, ਪਰ ਆਰ ਆਈ ਜ਼ਬਰਦਸਤੀ ਉਸ ਦਾ ਤਬਾਦਲਾ ਕਰ ਰਹੇ ਸਨ। ਉਸ ਨੇ ਕਿਹਾ ਕਿ ਉਹ ਆਪਣਾ ਗੁੱਸਾ ਉਤਾਰਨ ਲਈ ਦੌੜ ਕੇ ਬਿਟੌਲੀ ਜਾਵੇਗਾ। ਇਸ ਦੌੜ ਨਾਲੇ ਪੁਲਸ ਵਿੱਚ ਭਾਜੜ ਮਚੀ ਹੋਈ ਹੈ ਅਤੇ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

## ਕੇਰਲ ਪੁਲਸ ਨੇ 10 ਔਰਤਾਂ ਨੂੰ ਸਬਰੀਮਾਲਾ ਮੰਦਰ ਮੂਹਰਿਓਂ ਵਾਪਸ ਭੇਜਿਆ

ਤਿਰੂਵਨੰਤਪੁਰਮ, 17 ਨਵੰਬਰ (ਪੋਸਟ ਬਿਊਰੋ)- ਕੇਰਲ ਵਿਚਲੇ ਸਬਰੀਮਾਲਾ ਦਾ ਆਯੱਪਾ ਮੰਦਰ ਬੀਤੀ ਸ਼ਾਮ ਤੋਂ ਖੁੱਲ੍ਹ ਗਿਆ ਹੈ। ਪੂਜਾ ਵਿੱਚ ਹਿੱਸਾ ਲੈਣ ਲਈ ਆਂਧਰਾ ਪ੍ਰਦੇਸ਼ ਤੋਂ ਆਈਆਂ 10 ਔਰਤਾਂ ਨੂੰ ਪੁਲਸ ਨੇ ਪੰਬਾ ਤੋਂ ਮੋੜ ਦਿੱਤਾ ਹੈ। ਪਤਾ ਲੱਗਾ ਹੈ ਕਿ ਇਨ੍ਹਾਂ ਔਰਤਾਂ ਦੀ ਉਮਰ 10 ਸਾਲ ਤੋਂ 50 ਸਾਲ ਦੇ ਵਿਚਾਲੇ ਸੀ। ਮੰਦਰ ਦੀ ਪਰੰਪਰਾ ਅਨੁਸਾਰ 10 ਤੋਂ 50 ਸਾਲ ਦੇ ਵਿਚਾਲੇ ਦੀ ਉਮਰ ਦੀਆਂ ਔਰਤਾਂ ਦੇ ਮੰਦਰ ਵਿੱਚ ਦਾਖਲੇ ਦੀ ਮਨਾਹੀ ਹੈ।

ਸਬਰੀਮਾਲਾ ਮੰਦਰ ਦਾ ਦੋ ਮਹੀਨੇ ਤੱਕ ਚੱਲਣ ਵਾਲਾ ਸਮਾਰੋਹ ਸ਼ਰਧਾਲੂਆਂ ਲਈ ਅਧਿਕਾਰਤ ਤੌਰ 'ਤੇ ਐਤਵਾਰ ਸਵੇਰੇ ਪੰਜ ਵਜੇ ਖੋਲ੍ਹਿਆ ਜਾਣਾ ਸੀ, ਪਰ ਕੱਲ੍ਹ ਸ਼ਾਮ ਇਸ ਨੂੰ ਮੰਦਰ ਦੇ ਪੁਜਾਰੀਆਂ ਨੇ ਧਾਰਮਕ ਰਸਮਾਂ ਲਈ



ਖੋਲ੍ਹਿਆ ਸੀ। ਰੋਕੀਆਂ ਗਈਆਂ ਤਿੰਨ ਔਰਤਾਂ ਆਂਧਰਾ ਪ੍ਰਦੇਸ਼ ਦੇ ਵਿਜੇਵਾੜਾ ਤੋਂ ਆਈਆਂ ਸਨ। ਇਹ ਤਿੰਨੇ ਸ਼ਰਧਾਲੂਆਂ ਦੇ ਪਹਿਲੇ ਜਥੇ ਦਾ ਹਿੱਸਾ ਸਨ, ਜਿਨ੍ਹਾਂ ਨੂੰ ਪੁਲਸ ਵੱਲੋਂ ਪੰਬਾ ਬੇਸ ਕੈਂਪ ਵਿੱਚ ਪਛਾਣ ਪੱਤਰ ਵੇਖਣ ਪਿੱਛੋਂ ਰੋਕ ਦਿੱਤਾ ਸੀ। ਜਾਣਕਾਰ ਸੂਤਰਾਂ ਅਨੁਸਾਰ ਪੁਲਸ ਨੂੰ ਸ਼ੱਕ ਸੀ ਕਿ ਤਿੰਨਾਂ ਔਰਤਾਂ ਦੀ ਉਮਰ 10-50 ਸਾਲ ਉਮਰ ਵਰਗ ਦੇ ਵਿਚਾਲੇ ਸੀ, ਇਸ ਲਈ ਉਨ੍ਹਾਂ ਨੂੰ ਬਾਕੀਆਂ ਤੋਂ ਵੱਖ ਕਰ ਦਿੱਤਾ ਗਿਆ। ਸੂਤਰਾਂ ਨੇ ਦੱਸਿਆ ਕਿ ਤਿੰਨਾਂ ਔਰਤਾਂ ਨੂੰ ਮੰਦਰ ਦੀ ਪਰੰਪਰਾ ਬਾਰੇ ਦੱਸਿਆ ਜਾਣ ਤੋਂ ਬਾਅਦ ਉਹ ਵਾਪਸ ਜਾਣ ਲਈ ਰਾਜ਼ੀ ਹੋ ਗਈਆਂ ਤੇ ਬਾਕੀ ਲੋਕ ਅੱਗੇ ਵਧ ਗਏ।

## ਬੀ ਐੱਮ ਸੀ ਘੋਟਾਲਾ ਜਾਂਚ ਵਿੱਚ ਊਧਵ ਠਾਕਰੇ ਘੇਰਿਆ ਜਾਵੇਗਾ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਸ਼ਿਵ ਸੈਨਾ ਨਾਲੋਂ ਨਾਤਾ ਟੁੱਟਣ ਪਿੱਛੋਂ ਭਾਜਪਾ ਦੀ ਕੋਸ਼ਿਸ਼ ਬ੍ਰਿਹਨ ਮੁੰਬਈ ਨਗਰ ਨਿਗਮ (ਬੀ ਐੱਮ ਸੀ) ਉੱਤੇ ਪਿਛਲੇ 25 ਸਾਲ ਦਾ ਸ਼ਿਵ ਸੈਨਾ ਦਾ ਕਬਜ਼ਾ ਤੋੜਨ ਦੀ ਹੈ। ਇਸ ਦਾ ਇੱਕ ਪ੍ਰਮੱਖ ਕਾਰਨ ਬਜਟ ਹੈ, ਜੋ ਲਗਭਗ 30,000 ਕਰੋੜ ਰੁਪਏ ਦਾ ਹੈ ਅਤੇ ਕਈ ਰਾਜਾਂ ਦੇ ਬਜਟ ਤੋਂ ਵੱਧ ਹੈ।

ਪਿਛਲੇ ਦਿਨੀਂ ਇਸ ਨਗਰ ਨਿਗਮ ਵਿੱਚ ਹੋਏ ਘੋਟਾਲੇ ਵਿੱਚ ਸ਼ਿਵ ਸੈਨਾ ਮੁਖੀ ਊਧਵ ਠਾਕਰੇ ਉੱਤੇ ਵੀ ਜਾਂਚ ਦਾ ਸੇਕ ਆ ਸਕਦਾ ਹੈ। ਇਸ ਲਈ ਕੇਂਦਰੀ ਜਾਂਚ ਏਜੰਸੀਆਂ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਨਗਰ ਨਿਗਮ ਵਿੱਚ ਇਸ ਵਕਤ ਸ਼ਿਵ ਸੈਨਾ ਦੇ ਵਿਸ਼ਵਨਾਥ ਮਹਾਦੇਸ਼ਵਰ ਮੇਅਰ ਹਨ। ਉਨ੍ਹਾਂ ਦਾ ਢਾਈ ਸਾਲ ਦਾ ਕਾਰਜਕਾਲ ਸਤੰਬਰ 2019 ਵਿੱਚ ਖਤਮ ਹੋ ਗਿਆ ਸੀ, ਪਰ ਅਕਤੂਬਰ ਵਿੱਚ ਵਿਧਾਨ ਸਭਾ ਚੋਣਾਂ ਦੇ ਕਾਰਨ ਕਾਰਜਕਾਲ ਨਵੰਬਰ ਤੱਕ ਵਧਾ ਦਿੱਤਾ ਗਿਆ ਸੀ। ਭਾਜਪਾ ਦੇ ਚਰਚਿਤ ਨੇਤਾ ਕਿਰੀਟ ਸੋਮਈਆ ਨੇ ਬੀ ਐੱਮ ਸੀ ਘੋਟਾਲੇ ਵਿੱਚ ਸ਼ਿਵ ਸੈਨਾ ਮੁਖੀ ਊਧਵ ਠਾਕਰੇ 'ਤੇ ਦੋਸ਼ ਲਾਇਆ ਸੀ, ਪਰ ਓਦੋਂ ਸ਼ਿਵ ਸੈਨਾ ਤੋਂ ਸਮਰਥਨ ਲੈਣ ਦੀ ਮਜਬੂਰੀ ਵਿੱਚ ਊਧਵ ਦੀ ਨਾਰਾਜ਼ਗੀ ਤੋਂ ਬਚਣ ਦੇ ਲਈ ਭਾਜਪਾ ਹਾਈ ਕਮਾਨ ਨੇ ਲੋਕ ਸਭਾ ਚੋਣਾਂ ਵਿੱਚ ਕਿਰੀਟ ਦਾ ਟਿਕਟ ਕੱਟ ਦਿੱਤਾ। ਪਿੱਛੋਂ ਸਥਿਤੀ ਬਦਲ ਗਈ ਹੈ, ਇਸ ਲਈ ਕਿਰੀਟ ਸੋਮਾਈਆ ਦੇ ਪੁਰਾਣੇ ਦਸਤਾਵੇਜ਼ਾਂ ਨੂੰ ਕੱਢ ਕੇ ਉਸ ਨੂੰ ਨਵੇਂ ਸਿਰੇ ਤੋਂ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਦੇ ਖਿਲਾਫ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ।

## ਰਾਧਾ ਸਵਾਮੀ ਸਤਿਸੰਗ ਦੇ ਮੁਖੀ ਨੇ ਸਿੰਘ ਭਰਾਵਾਂ ਨਾਲ ਲੈਣ-ਦੇਣ ਦੀ ਗੱਲ ਮੰਨੀ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਰਾਧਾ ਸਵਾਮੀ ਸਤਿਸੰਗ ਬਿਆਸ ਦੇ ਮੁਖੀ ਗੁਰਿੰਦਰ ਸਿੰਘ ਢਿੱਲੋਂ ਨੇ ਇਹ ਗੱਲ ਮੰਨ ਲਈ ਹੈ ਕਿ ਰੈਨਬੈਕਸੀ ਵਾਲੇ ਸਿੰਘ ਭਰਾਵਾਂ ਨਾਲ ਵਿੱਤੀ ਲੈਣ-ਦੇਣ ਕੀਤਾ ਸੀ, ਪਰ ਉਨ੍ਹਾਂ ਨੇ ਮਾਲਵਿੰਦਰ ਸਿੰਘ ਤੇ ਸ਼ਿਵਿੰਦਰ ਸਿੰਘ ਵੱਲੋਂ ਪ੍ਰਮੋਟ ਕੀਤੀ ਕੰਪਨੀ ਆਰ ਐੱਚ ਸੀ ਹੋਲਡਿੰਗਸ ਲਿਮਟਿਡ ਵਿੱਚ ਹਿੱਸੇਦਾਰੀ ਨੂੰ ਰੱਦ ਕੀਤਾ ਹੈ। 12 ਨਵੰਬਰ ਨੂੰ ਦਿੱਲੀ ਹਾਈ ਕੋਰਟ ਵਿੱਚ ਪੇਸ਼ ਐਫੀਡੇਵਿਟ ਢਿੱਲੋਂ ਨੇ ਆਰ ਐੱਚ ਸੀ ਹੋਲਡਿੰਗਸ ਲਿਮਟਿਡ ਤੇ ਉਸ ਦੇ ਪਰਵਾਰਕ ਮੈਂਬਰਾਂ ਵਿਚਾਲੇ 2006 ਤੋਂ ਵਿੱਤੀ ਲੈਣ-ਦੇਣ ਦਾ ਖੁਲਾਸਾ ਕੀਤਾ ਹੈ।

ਹਾਈ ਕੋਰਟ ਵਿੱਚ ਦਾਇਰ 74 ਸਫਿਆਂ ਦੇ ਐਫੀਡੇਵਿਟ ਦੇ ਅਨੁਸਾਰ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਕਿਹਾ



ਕਿ ਸਿੰਘ ਭਰਾਵਾਂ ਦੇ ਜ਼ਬਾਨੀ ਸਮਝੌਤੇ ਦੇ ਆਧਾਰ ਉਤੇ ਆਰ ਐੱਚ ਸੀ ਹੋਲਡਿੰਗਸ ਲਿਮਟਿਡ ਵਿੱਚ ਨਿਵੇਸ਼ ਲਈ ਉਨ੍ਹਾਂ ਨੇ ਫਰਵਰੀ 2010 ਵਿੱਚ ਆਪਣੇ ਪੁੱਤਰਾਂ ਨੂੰ 219 ਕਰੋੜ ਰੁਪਏ ਟਰਾਂਸਫਰ ਕੀਤੇ ਸਨ, ਜਿਸ ਕਾਰਨ ਉਨ੍ਹਾਂ ਦੇ ਹਰ ਬੇਟੇ ਨੇ ਆਰ ਐਚ ਸੀ ਦੇ 61,83,013 ਸ਼ੇਅਰ ਖਰੀਦੇ ਸਨ। ਢਿੱਲੋਂ ਨੇ ਕਿਹਾ ਕਿ ਸਮਝੌਤੇ ਦੌਰਾਨ ਸਹਿਮਤੀ ਬਣੀ ਸੀ ਕਿ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਵਾਰ ਦੇ ਮੈਂਬਰਾਂ ਨੂੰ ਕਿਸੇ ਵੀ ਰਕਮ ਜਾਂ ਵਿਆਜ ਦੀ ਦੇਣਦਾਰੀ ਲਈ ਜ਼ਿੰਮੇਵਾਰ ਨਹੀਂ ਬਣਾਇਆ ਜਾਏਗਾ। ਉਨ੍ਹਾਂ ਦਾਅਵਾ ਕੀਤਾ ਕਿ ਪਰਵਾਰਾਂ ਵਿਚਾਲੇ ਵਿਸ਼ਵਾਸ ਅਤੇ ਨਿੱਘੇ ਪਰਵਾਰਕ ਸੰਬੰਧ ਦੇਖਦੇ ਹੋਏ ਉਨ੍ਹਾਂ ਨੇ ਕੋਈ ਸਮਝੌਤਾ ਨਹੀਂ ਕੀਤਾ ਅਤੇ ਇਹ ਵਿਵਸਥਾ ਆਪਸੀ ਜ਼ਬਾਨੀ ਸਮਝਦਰੀ ਅਤੇ ਸਮਝੌਤੇ 'ਤੇ ਆਧਾਰਤ ਸੀ। ਐਫੀਡੇਵਿਟ ਦੇ ਅਨੁਸਾਰ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਦਾਅਵਾ ਕੀਤਾ ਕਿ ਜਦ ਉਨ੍ਹਾਂ ਦੇ ਪੁੱਤਰਾਂ ਨੇ 2006 ਵਿੱਚ ਖਰੀਦੇ ਸ਼ੇਅਰ 2011 ਵਿੱਚ ਵੇਚੇ ਤਾਂ ਖੁਲਾਸਾ ਹੋਇਆ ਕਿ ਮਾਲਵਿੰਦਰ ਸਿੰਘ ਅਤੇ ਸ਼ਿਵਿੰਦਰ ਸਿੰਘ ਨੇ ਲਾਭ ਦੇ ਲਈ ਸ਼ੇਅਰ ਕਰਜ਼ੇ ਦੇ ਸੰਬੰਧ ਵਿੱਚ ਉਧਾਰ ਦਾਤਿਆਂ ਨੂੰ ਦੇ ਦਿੱਤੇ ਸਨ।

## ਜੱਜਾਂ ਨਾਲ ਪ੍ਰੈੱਸ ਕਾਨਫਰੰਸ ਕਰ ਚੁੱਕੇ ਜਸਟਿਸ ਗੋਗੋਈ ਨੇ ਜੱਜਾਂ ਨੂੰ ਪ੍ਰੈੱਸ ਤੋਂ ਦੂਰ ਰਹਿਣ ਨੂੰ ਕਿਹਾ

ਨਵੀਂ ਦਿੱਲੀ, 17 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੁਗੁਈ ਦਾ ਕੱਲ੍ਹ ਇਸ ਸੇਵਾ ਦਾ ਕਾਲ ਕੰਮ ਦਾ ਅੰਤਿਮ ਦਿਨ ਸੀ ਤਾਂ ਪ੍ਰੰਪਰਾ ਮੁਤਾਬਕ ਅੰਤਿਮ ਦਿਨ ਉਹ ਅਗਲੇ ਚੀਫ ਜਸਟਿਸ ਏ ਐਸ ਬੋਬਡੇ ਦੇ ਨਾਲ ਕੋਰਟ ਪਹੁੰਚੇ। ਸਿਰਫ ਤਿੰਨ ਮਿੰਟ ਤੱਕ ਉਹ ਕੋਰਟ ਵਿੱਚ ਬੈਠੇ। ਦਸ ਕੇਸਾਂ ਵਿੱਚ ਨੋਟਿਸ ਅਤੇ ਸਟੇ ਦਾ ਆਰਡਰ ਦੇ ਕੇ ਕਿਹਾ, 'ਤੁਹ-ਾਡਾ ਸਾਰਿਆਂ ਦਾ ਧੰਨਵਾਦ।' ਜਵਾਬ ਵਿੱਚ ਬਾਰ ਐਸੋਸਿਏਸ਼ਨ ਨੇ ਵੀ ਧੰਨਵਾਦ ਕਿਹਾ।

ਇੱਕ ਸਮੇਂ ਸੁਪਰੀਮ ਕੋਰਟ ਦੇ ਤਿੰਨ ਹੋਰ ਜੱਜਾਂ ਨਾਲ ਮਿਲ ਕੇ 12 ਜਨਵਰੀ 2018 ਨੂੰ ਜਸਟਿਸ ਰੰਜਨ ਗੋਗੋਈ ਨੇ ਓਦੋਂ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਦੇ ਖਿਲਾਫ ਪ੍ਰੈੱਸ ਕਾਨਫਰੰਸ ਕੀਤੀ ਸੀ।



ਉਸ ਘਟਨਾ ਦੇ ਇੱਕ ਸਾਲ ਦਸ ਮਹੀਨੇ ਬਾਅਦ ਰਿਟਾਇਰ ਹੋਣ ਵੇਲੇ ਚੀਫ ਜਸਟਿਸ ਰੰਜਨ ਗੋਗੋਈ ਨੇ ਕੰਮ ਦੇ ਆਖਰੀ ਦਿਨ ਸੁਪਰੀਮ ਕੋਰਟ ਦੇ ਸਾਥੀ ਜੱਜਾਂ ਨੂੰ ਮੀਡੀਆ ਤੋਂ ਦੂਰੀ ਬਣਾਉਣ ਦੀ ਸਲਾਹ ਦੇ ਦਿੱਤੀ। ਉਨ੍ਹਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੇ ਥਾਂ ਇੱਕ ਲਿਖਤੀ ਬਿਆਨ ਜਾਰੀ ਕੀਤਾ, ਜਿਸ ਚੀਫ ਜਸਟਿਸ ਗੋਗੋਈ ਨੇ ਕਿਹਾ, 'ਸਾਡੇ ਸੰਸਥਾਗਤ ਕਾਰਜ ਵਿੱਚੋਂ ਖੁੱਲ੍ਹਾਂ ਦਾ ਬਹੁਤ ਬਾਰੀਕ ਸੰਤੁਲਨ ਹੁੰਦਾ ਹੈ। ਬੈਂਚ ਦੀ ਆਪਣੇ ਜੱਜਾਂ ਤੋਂ ਆਪਣੀ ਖੁੱਲ੍ਹ ਦੀ ਵਰਤੋਂ ਕਰਦੇ ਸਮੇਂ 'ਮੌਨ' ਰੱਖਣ ਦੀ ਆਸ ਹੁੰਦੀ ਹੈ। ਇੰਜ ਨਹੀਂ ਕਿ ਜੱਜ ਬੋਲਦੇ ਨਹੀਂ, ਉਹ ਬੋਲਦੇ ਹਨ, ਪਰ ਜਦੋਂ ਉਨ੍ਹਾਂ ਦੇ ਕੰਮ ਲਈ ਬੋਲਣਾ ਜ਼ਰੂਰੀ ਹੋਵੇ। ਇਸ ਤੋਂ ਅੱਗੇ ਬਿਲਕੁਲ ਨਹੀਂ। ਕੌੜਾ ਸੱਚ ਹਮੇਸ਼ਾ ਮਨ ਵਿੱਚ ਰਹਿਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਉਨ੍ਹਾਂ ਨੂੰ ਚੁੱਪ ਹੀ ਰਹਿਣਾ ਚਾਹੀਦਾ ਹੈ, ਬਲਕਿ ਜੱਜਾਂ ਨੂੰ ਆਪਣੇ ਫਰਜ਼ ਦੀ ਪੂਰਤੀ ਲਈ ਹੀ ਬੋਲਣਾ ਚਾਹੀਦਾ ਹੈ। ਇਸ ਦੇ ਬਿਨਾਂ ਉਨ੍ਹਾਂ ਨੂੰ ਮੌਨ ਰੱਖਣਾ ਚਾਹੀਦਾ ਹੈ। ਮੈਂ ਇੱਕ ਅਜਿਹੀ ਸੰਸਥਾ ਨਾਲ ਸੰਬੰਧਿਤ ਹੋਣਾ ਚੁਣਿਆ, ਜਿਸ ਦੀ ਤਾਕਤ ਜਨਤਾ ਦੇ ਵਿਸ਼ਵਾਸ ਅਤੇ ਭਰੋਸੇ ਵਿੱਚ ਹੁੰਦੀ ਹੈ ਅਤੇ ਇਹ ਸਭ ਬੈਂਚ ਵਿੱਚ ਜੱਜ ਦੇ ਰੂਪ ਵਿੱਚ ਕੰਮ ਕਰਨ ਦੇ ਰਾਹੀਂ ਕੀਤਾ ਗਿਆ ਹੈ, ਚੰਗੇ ਮੀਡੀਆ ਦੇ ਰਾਹੀਂ ਨਹੀਂ। ਅਸੀਂ ਜਨ ਸਧਾਰਨ ਦੀ ਹਾਜ਼ਰੀ ਵਿੱਚ ਨਿਆ ਕਰਦੇ ਹਾਂ ਤਾਂ ਕਿ ਇਹ ਯਕੀਨੀ ਹੋਵੇ ਕਿ ਦੇਸ਼ ਦਾ ਜਨਣਸਾਧਾਰਨ ਸਾਨੂੰ ਸੁਣ ਸਕਦਾ ਹੈ। ਸਾਡੀ ਸੰਸਥਾ ਦਾ ਸੰਬੰਧ ਜਨ ਸਾਧਾਰਨ ਨਾਲ ਹੁੰਦਾ ਹੈ। ਪ੍ਰੈੱਸ ਦੇ ਰਾਹੀਂ ਲੋਕਾਂ ਤੱਕ ਪਹੁੰਚਣਾ ਸਾਡੀ ਸੰਸਥਾ ਜਾ ਜੱਜਾਂ ਦੀ ਜ਼ਰੂਰਤ ਨਹੀਂ ਹੈ।


MICHELIN | Hankook | Continental | ROADLUX | BFGoodrich | AEOLUS | COMPASAL | Chevron | Delo

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲ੍ਹਾ
30 Truck Parking Also Available!

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055



# ਸ੍ਰੀਲੰਕਾ ਰਾਸ਼ਟਰਪਤੀ ਚੋਣਾਂ ਵਿੱਚ ਚੀਨ ਪੱਖੀ ਆਗੂ ਰਾਜਪਕਸ਼ੇ ਦੀ ਜਿੱਤ



ਕੋਲੰਬੋ, 17 ਨਵੰਬਰ (ਪੋਸਟ ਬਿਊਰੋ)- ਸ੍ਰੀਲੰਕਾ ਦੇ ਸਾਬਕਾ ਰੱਖਿਆ ਮੰਤਰੀ ਅਤੇ ਇੱਕ ਸਾਬਕਾ ਰਾਸ਼ਟਰਪਤੀ ਮਹਿੰਦਾ ਰਾਜਪਕਸ਼ੇ ਦੇ ਭਰਾ ਗੋਤਬਾਯਾ ਰਾਜਪਕਸ਼ੇ ਨੇ ਅੱਜ ਐਤਵਾਰ ਸ੍ਰੀਲੰਕਾ ਦੀਆਂ ਰਾਸ਼ਟਰਪਤੀ ਚੋਣਾਂ ਦੀ ਜਿੱਤ ਹਾਸਲ ਕੀਤੀ ਹੈ, ਪਰ ਉਹ ਟਾਪੂਆਂ ਦੇ ਲੱਗਭਗ ਸਾਰੇ ਘੱਟ ਗਿਣਤੀ ਤਮਿਲਾਂ ਤੇ ਮੁਸਲਿਮਾਂ ਰਾਜਾਂ ਤੋਂ ਹਾਰ ਗਏ ਹਨ।

ਪਤਾ ਲੱਗਾ ਹੈ ਕਿ ਗੋਤਬਾਯਾ ਰਾਜਪਕਸ਼ੇ ਬਹੁਤਾ ਕਰ ਕੇ ਸਿਨਹਾਲੀ ਬਹੁ-ਗਿਣਤੀ ਵਾਲੇ ਦੱਖਣੀ ਜ਼ਿਲਿਆਂ ਵਿੱਚ ਜਿੱਤੇ ਹਨ, ਪਰ ਉੱਤਰੀ ਸੂਬੇ ਵਿਚ ਤਮਿਲ ਬਹੁ ਗਿਣਤੀ ਅਤੇ ਗ੍ਰਹਿ ਯੁੱਧ ਵਾਲੇ ਤੇ ਮੁਸਲਿਮ ਬਹੁ ਗਿਣਤੀ ਪੂਰਬੀ ਸੂਬੇ ਵਿਚ 65 ਤੋਂ 70 ਫੀਸਦੀ ਵੋਟ ਫੀਸਦੀ ਨਾਲ ਹਾਰ ਗਏ ਹਨ। ਉਨ੍ਹਾਂ ਨੂੰ ਉੱਤਰੀ ਸੂਬੇ ਦੇ ਸਾਰੇ ਪੰਜ ਜ਼ਿਲਿਆਂ: ਜਾਫਨਾ, ਕਿਲੀਨੋਚੀ, ਮੁਲੈਤਿਵੂ, ਵਵੁਨੀਆ, ਮੰਨਾਰ ਅਤੇ ਪੂਰਬੀ ਸੂਬੇ ਦੇ ਤਿੰਨ ਜ਼ਿਲਿਆਂ: ਤ੍ਰਿੰਕੋਮਾਲੀ, ਬਟੀਕਾਲੋਆ ਤੇ ਅੰਪਾਰਾ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ। ਇਹ ਜ਼ਿਲੇ ਲੱਗਭਗ ਤਿੰਨ ਦਹਾਕਿਆਂ ਦੇ ਲੰਬੇ ਯੁੱਧ ਤੋਂ ਪ੍ਰਭਾਵਤ ਸਨ।

ਉਂਜ ਇਹ ਨਤੀਜੇ ਐਲਾਨੇ ਜਾਣ ਤੋਂ ਪਹਿਲਾਂ ਹੀ ਸ੍ਰੀਲੰਕਾ ਵਿਚ ਹਾਕਮ ਪਾਰਟੀ ਦੇ ਉਮੀਦਵਾਰ ਸਾਜਿਤ ਪ੍ਰੇਮਦਾਸਾ ਨੇ ਆਪਣੇ ਵਿਰੋਧੀ ਗੋਤਬਾਯਾ ਰਾਜਪਕਸ਼ੇ ਵਿਰੁੱਧ ਹਾਰ ਮੰਨ ਲਈ ਸੀ। ਉਨ੍ਹਾਂ ਨੇ ਗੋਤਬਾਯਾ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਕਿਹਾ, 'ਮੈਂ ਲੋਕਾਂ ਦੇ ਫੈਸਲੇ ਦਾ ਸਨਮਾਨ ਕਰਦਾ ਅਤੇ ਗੋਤਬਾਯਾ ਨੂੰ ਦੇਸ਼ ਦੇ 7ਵੇਂ ਰਾਸ਼ਟਰਪਤੀ ਵਜੋਂ ਉਨ੍ਹਾਂ ਦੀ ਚੋਣ ਉੱਤੇ ਵਧਾਈ ਦਿੰਦਾ ਹਾਂ।' ਰਾਸ਼ਟਰਪਤੀ ਚੋਣਾਂ ਦੇ ਨਤੀਜਿਆਂ ਮੁਤਾਬਕ ਮੁੱਖ ਵਿਰੋਧੀ ਧਿਰ ਦੇ ਉਮੀਦਵਾਰ ਰਾਜਪਕਸ਼ੇ ਨੂੰ 4,940,849 (51.41 ਫੀਸਦੀ) ਵੋਟਾਂ ਹਾਸਲ ਮਿਲੀਆਂ ਅਤੇ ਉਨ੍ਹਾਂ ਦੇ ਨੇੜਲੇ ਵਿਰੋਧੀ ਨਿਊ ਡੈਮੋਕ੍ਰੈਟਿਕ ਫਰੰਟ (ਐੱਨ ਡੀ ਐੱਫ) ਅਤੇ ਯੂ ਐੱਨ ਪੀ ਦੇ ਉਪ-ਨੇਤਾ ਸਾਜਿਤ ਪ੍ਰੇਮਦਾਸਾ ਨੂੰ 4,106,293 (42.72 ਵੋਟਾਂ) ਮਿਲੀਆਂ। ਦੇਸ਼ ਦੇ ਕਾਨੂੰਨ ਮੁਤਾਬਕ ਰਾਸ਼ਟਰਪਤੀ ਚੋਣ ਜਿੱਤਣ ਲਈ 50 ਫੀਸਦੀ ਜਾਂ ਉਸ ਤੋਂ ਵੱਧ ਵੋਟਾਂ ਲੈਣੀਆਂ ਪੈਂਦੀਆਂ ਹਨ।

## ਟਵਿੱਟਰ ਦਾ ਸਟੈਂਡ

# ਸਮਾਜਿਕ ਸੰਦੇਸ਼ ਵਾਲੇ ਸਿਆਸੀ ਇਸ਼ਤਿਹਾਰਾਂ ਉੱਤੇ ਰੋਕ ਨਹੀਂ



ਵਾਸ਼ਿੰਗਟਨ, 17 ਨਵੰਬਰ (ਪੋਸਟ ਬਿਊਰੋ)- ਟਵਿੱਟਰ ਨੇ ਕਿਹਾ ਹੈ ਕਿ ਸਿਆਸੀ ਇਸ਼ਤਿਹਾਰਾਂ ਉੱਤੇ ਲਾਈਆਂ ਗਈਆਂ ਪਾਬੰਦੀਆਂ ਤੋਂ ਉਨ੍ਹਾਂ ਸੰਦੇਸ਼ਾਂ ਨੂੰ ਛੋਟ ਮਿਲੇਗੀ, ਜਿਨ੍ਹਾਂ ਵਿਚ ਸਮਾਜਿਕ ਜਾਂ ਵਾਤਾਵਰਨ ਨਾਲ ਸਬੰਧਿਤ ਮੁੱਦੇ ਉਠਾਏ ਜਾਂਦੇ ਹਨ। ਸਮਾਜਿਕ ਸੰਦੇਸ਼ ਵਾਲੇ ਸਿਆਸੀ ਇਸ਼ਤਿਹਾਰਾਂ ਉੱਤੇ ਕੋਈ ਰੋਕ ਨਹੀਂ ਹੋਵੇਗੀ।

ਇਸ ਦੌਰਾਨ ਟਵਿੱਟਰ ਨੇ 22 ਨਵੰਬਰ ਤੋਂ ਸਾਰੇ 'ਪੇਡ' ਸਿਆਸੀ ਇਸ਼ਤਿਹਾਰਾਂ ਉੱਤੇ ਪਾਬੰਦੀ ਲਾਉਣ ਦੇ ਆਪਣੇ ਕਦਮ ਬਾਰੇ ਜਾਣਕਾਰੀ ਦਿੱਤੀ ਅਤੇ ਸਮਾਜਿਕ ਵਰਕਰਾਂ ਦੀਆਂ ਚਿੰਤਾਵਾਂ ਨੂੰ ਦੂਰ ਕੀਤਾ ਹੈ। ਮਾਈਕ੍ਰੋ ਬਲਾਗਿੰਗ ਸਾਈਟ ਟਵਿੱਟਰ ਨੇ ਇਸ ਨਵੀਂ ਨੀਤੀ ਵਿਚ ਕਿਹਾ ਕਿ ਸਿੱਖਿਅਤ ਕਰਨ, ਜਾਗਰੂਕਤਾ ਫੈਲਾਉਣ, ਲੋਕਾਂ ਨੂੰ ਗ਼ੈਰ-ਫ਼ੌਜੀ ਮੁਹਿੰਮਾਂ ਵਿਚ ਹਿੱਸਾ ਲੈਣ ਦੀ ਅਪੀਲ ਕਰਨ ਵਾਲੇ ਅਤੇ ਆਰਥਿਕ ਵਿਕਾਸ, ਵਾਤਾਵਰਨ ਸੁਰੱਖਿਆ ਜਾਂ ਸਮਾਜਿਕ ਸਮਾਨਤਾ ਨਾਲ ਜੁੜੇ ਇਸ਼ਤਿਹਾਰਾਂ ਨੂੰ ਉਸ ਦੇ ਪਲੇਟਫਾਰਮ ਉੱਤੇ ਖੁੱਲ੍ਹ ਮਿਲੀ ਰਹੇਗੀ।

ਵਰਨਣ ਯੋਗ ਹੈ ਕਿ ਟਵਿੱਟਰ ਨੇ 30 ਅਕਤੂਬਰ ਨੂੰ ਸਿਆਸੀ ਇਸ਼ਤਿਹਾਰਾਂ ਉੱਤੇ ਪਾਬੰਦੀ ਦਾ ਐਲਾਨ ਕੀਤਾ ਸੀ, ਜਿਸ ਦਾ ਮਕਸਦ ਆਗੂਆਂ ਵੱਲੋਂ ਫੈਲਾਏ ਜਾਂਦੇ ਮਾੜੇ ਪ੍ਰਚਾਰ ਨੂੰ ਰੋਕਣਾ ਸੀ। ਇਸ ਦੇ ਮੁੱਖ ਕਾਰਜਕਾਰੀ ਅਧਿਕਾਰੀ ਜੈਕ ਡੋਰਸੇ ਨੇ ਓਦੋਂ ਕਿਹਾ ਸੀ ਕਿ ਮਸ਼ੀਨ ਲਰਨਿੰਗ ਤਕਨੀਕ ਨਾਲ ਗ਼ੈਰ-ਭਰੋਸੇਯੋਗ ਸੂਚਨਾਵਾਂ ਨੂੰ ਰੋਕਣ ਵਿਚ ਸਮੱਸਿਆ ਦੇ ਕਾਰਨ ਇਹ ਫ਼ੈਸਲਾ ਲਿਆ ਗਿਆ ਹੈ। ਟਵਿੱਟਰ ਦੀ ਨਵੀਂ ਨੀਤੀ ਹੇਠ ਜਿਨ੍ਹਾਂ ਸਮਾਜਿਕ ਅਤੇ ਵਾਤਾਵਰਨ ਨਾਲ ਸਬੰਧਿਤ ਇਸ਼ਤਿਹਾਰਾਂ ਨੂੰ ਛੋਟ ਦਿੱਤੀ ਗਈ ਹੈ, ਉਨ੍ਹਾਂ ਉੱਤੇ ਵੀ ਇਸ ਗੱਲ ਦੀ ਪਾਬੰਦੀ ਹੋਵੇਗੀ ਕਿ ਉਹ ਕਿਸੇ ਵਿਸ਼ੇਸ਼ ਇਲਾਕੇ ਨੂੰ ਨਿਸ਼ਾਨਾ ਬਣਾ ਕੇ ਇਸ਼ਤਿਹਾਰ ਨਹੀਂ ਦੇਣਗੇ। ਸਿਆਸੀ ਇਸ਼ਤਿਹਾਰਾਂ ਉੱਤੇ ਪਾਬੰਦੀ ਲਾਉਣ ਦੇ ਫ਼ੈਸਲੇ ਉੱਤੇ ਰਲੇ-ਮਿਲੇ ਪ੍ਰਤੀਕਰਮ ਆਏ ਹਨ। ਕੁਝ ਲੋਕਾਂ ਦੀ ਰਾਏ ਹੈ ਕਿ ਇਸ ਨਾਲ ਫੇਸਬੁੱਕ ਉੱਤੇ ਇਸ ਤਰ੍ਹਾਂ ਦੇ ਇਸ਼ਤਿਹਾਰਾਂ ਉੱਤੇ ਪਾਬੰਦੀ ਲਾਏ ਜਾਣ ਨਾਲ ਵੀ ਦਬਾਅ ਪਵੇਗਾ। ਦੂਜੇ ਪਾਸੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਲਾਗੂ ਕਰ ਸਕਣਾ ਅਤਿਅੰਤ ਔਖਾ ਹੋਵੇਗਾ। ਰਾਸ਼ਟਰਪਤੀ ਡੋਨਾਲਡ ਟਰੰਪ ਦੀ 2020 ਦੀ ਚੋਣ ਮੁਹਿੰਮ ਦੇ ਮੈਨੇਜਰ ਬ੍ਰੈਡ ਪਾਸਕਲ ਨੇ ਇਸ ਨੂੰ ਖੱਬੇ ਪੱਖੀ ਵਿਚਾਰਾਂ ਵਾਲੇ ਲੋਕਾਂ ਦਾ ਡੋਨਾਲਡ ਟਰੰਪ ਤੇ ਕੰਜ਼ਰਵੇਟਿਵ ਆਗੂਆਂ ਨੂੰ ਚੁੱਪ ਕਰਾਉਣ ਦਾ ਨਵਾਂ ਯਤਨ ਦੱਸਿਆ ਹੈ।

ਇਸ ਦੌਰਾਨ ਸਮਾਰਟ ਫੋਨ ਵਾਲੀ ਕੰਪਨੀ ਐਪਲ ਨੇ ਐਪ ਸਟੋਰ ਤੋਂ ਸਾਰੇ ਵੇਪਿੰਗ ਐਟ ਹਟਵਾ ਦਿੱਤੇ ਹਨ। ਇਹ ਐਪ ਯੂਜ਼ਰ ਦੀ ਈ-ਸਿਗਰਟ ਅਤੇ ਇਨਹੇਲਿੰਗ ਡਿਵਾਈਸ ਨੂੰ ਆਈ ਫੋਨ ਨਾਲ ਕੁਨੈਕਟ ਕਰਦੇ ਹਨ। ਇਕ ਰਿਪੋਰਟ ਦੇ ਮੁਤਾਬਕ ਅਜਿਹੇ 181 ਐਪ ਨੂੰ ਐਪ ਸਟੋਰ ਤੋਂ ਹਟਾਇਆ ਗਿਆ ਹੈ। ਜੋ ਲੋਕ ਇਨ੍ਹਾਂ ਐਪ ਨੂੰ ਡਾਊਨਲੋਡ ਕਰ ਚੁੱਕੇ ਹਨ, ਉਹ ਇਸ ਦੀ ਵਰਤੋਂ ਕਰ ਸਕਣਗੇ। ਵਰਨਣ ਯੋਗ ਹੈ ਕਿ ਇਨ੍ਹਾਂ ਵੇਪਿੰਗ ਐਪ ਨਾਲ ਜਿਥੇ ਅਮਰੀਕਾ ਵਿਚ 42 ਲੋਕਾਂ ਦੀ ਮੌਤ ਹੋ ਚੁੱਕੀ ਹੈ, ਓਥੇ ਦੋ ਹਜ਼ਾਰ ਤੋਂ ਵੱਧ ਲੋਕ ਫੇਫੜਿਆਂ ਦੀ ਬਿਮਾਰੀ ਤੋਂ ਪੀੜਤ ਹਨ।

# ਬ੍ਰੈਗਜ਼ਿਟ ਦੇ ਦਬਾਅ ਕਾਰਨ ਭਾਰਤੀ ਲੋਕਾਂ ਦਾ ਰੁਝਾਨ ਆਇਰਲੈਂਡ ਵੱਲ ਵਧ ਰਿਹੈ

ਲੰਡਨ, 17 ਨਵੰਬਰ (ਪੋਸਟ ਬਿਊਰੋ)- ਅੱਜ ਦੇ ਸਮੇਂ ਵਿੱਚ ਭਾਰਤੀਆਂ ਦਾ ਰੁਝਾਨ ਆਇਰਲੈਂਡ ਵੱਲ ਵਧੀ ਜਾ ਰਿਹਾ ਹੈ ਜਦਕਿ ਪਹਿਲਾਂ ਇਹ ਰੁਝਾਨ ਬ੍ਰਿਟੇਨ ਵੱਲ ਵੱਧ ਸੀ ਤੇ ਬਹੁਤੇ ਭਾਰਤੀ ਬ੍ਰਿਟੇਨ ਜਾਣ ਨੂੰ ਪਹਿਲ ਦਿੰਦੇ ਸਨ।

ਵਰਨਣ ਯੋਗ ਹੈ ਕਿ ਬ੍ਰਿਟੇਨ ਇਸ ਵਕਤ ਯੂਰਪੀ ਯੂਨੀਅਨ ਤੋਂ ਵੱਖ ਹੋਣ ਦੀ ਪ੍ਰਕਿਰਿਆ ਤੋਂ ਲੰਘ ਰਿਹਾ ਹੈ ਜਿਸ ਕਾਰਨ ਏਥੇ ਮੌਜੂਦ ਭਾਰਤੀਆਂ ਸਣੇ ਭਾਰਤ ਦੇ ਹੋਰ ਲੋਕ ਵੀ ਆਇਰਲੈਂਡ ਵੱਲ ਰੁਖ ਕਰਨ ਬਾਰੇ ਸੋਚਣ ਲੱਗ ਪਏ ਹਨ। ਆਇਰਲੈਂਡ ਅਤੇ ਬ੍ਰਿਟੇਨ ਵਿਚਾਲੇ ਇੱਕ ਸੰਧੀ ਹੈ ਕਿ ਉਹ ਯੂਰਪੀ ਯੂਨੀਅਨ ਦਾ ਮੈਂਬਰ ਹੁੰਦੇ ਹੋਏ ਵੀ ਬ੍ਰਿਟੇਨ ਦੇ ਨਾਲ ਜੁੜਿਆ ਰਹੇਗਾ ਤੇ ਇਥੋਂ ਦੇ ਨਾਗਰਿਕਾਂ ਨੂੰ ਯੂਰਪੀ ਦੇਸ਼ਾਂ ਤੇ ਬ੍ਰਿਟੇਨ 'ਚ ਘੁੰਮਣ ਸਮੇਂ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਇਸ ਦੇਸ਼ ਦਾ ਬ੍ਰਿਟੇਨ ਨਾਲ ਇੱਕ ਸਮਝੌਤਾ ਹੈ, ਜਿਸ ਨੂੰ 'ਕਾਮਨ ਟ੍ਰੈਵਲ ਏਰੀਆ ਐਗਰੀਮੈਂਟ' ਕਿਹਾ ਜਾਂਦਾ ਹੈ। ਇਸ ਸਮਝੌਤੇ ਹੇਠ ਦੋਵਾਂ ਦੇਸ਼ਾਂ ਦੇ ਲੋਕ ਬ੍ਰਿਟੇਨ ਜਾਂ ਆਇਰਲੈਂਡ 'ਚ ਬਿਨ੍ਹਾਂ ਵੀਜ਼ੇ ਅਤੇ ਵਰਕ ਪਰਮਿਟ ਦੇ ਕੰਮ ਕਰ ਸਕਦੇ ਜਾਂ ਘੁੰਮ ਸਕਦੇ ਹਨ। ਇਸ ਦੌਰਾਨ ਆਇਰਿਸ਼ ਡਾਇਸਪੋਰਾ ਲੋਨ ਫੰਡ ਦੇ ਚੀਫ ਕਮਰਸ਼ਲ ਅਫਸਰ ਐਂਡ੍ਰਿਊ ਪੇਰਿਸ਼ ਨੇ ਕਿਹਾ ਕਿ ਇਸ ਸੰਧੀ ਹੇਠ ਆਇਰਲੈਂਡ ਦੁਨੀਆ ਦਾ ਇਕਲੌਤਾ ਉਹ ਦੇਸ਼ ਬਣ ਜਾਵੇਗਾ, ਜਿੱਥੋਂ ਦੇ ਸਿਟੀਜ਼ਨ ਯੂਰਪੀ ਯੂਨੀਅਨ ਦੇਸ਼ਾਂ ਅਤੇ ਬ੍ਰਿਟੇਨ 'ਚ ਕਿਤੇ ਵੀ ਜਾ ਸਕਣਗੇ।

# ਹਾਈ ਕਮਿਸ਼ਨਰ ਨੇ ਕਿਹਾ, ਜਦੋਂ ਮੇਰੇ ਪਰਵਾਰ ਦੀ ਸਿੱਖ ਟਰੱਕ ਡਰਾਈਵਰ ਨੇ ਮਦਦ ਕੀਤੀ

ਲੰਡਨ, 17 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਭਾਰਤੀ ਹਾਈ ਕਮਿਸ਼ਨਰ ਲੰਡਨ ਰੁਚੀ ਘਣਸ਼ਿਆਮ ਨੇ ਇਹ ਹਾਈ ਕਮਿਸ਼ਨ ਦਾ ਚਾਰਜ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਯੂਰਪ ਦੇ ਸਭ ਤੋਂ ਵੱਡੇ ਗੁਰੂ ਘਰ ਵਜੋਂ ਜਾਣੇ ਜਾਂਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਮੱਥਾ ਟੇਕਿਆ। ਇਸ ਮੌਕੇ ਆਪਣੇ ਜੀਵਨ ਦੀ ਘਟਨਾ ਸਾਂਝੀ ਕਰਦਿਆਂ ਉਨ੍ਹਾਂ ਕਿਹਾ ਕਿ ਬਚਪਨ ਵਿੱਚ ਉਹ ਆਪਣੇ ਪਿਤਾ, ਭੈਣਾਂ ਤੇ ਪੂਰੇ ਪਰਵਾਰ ਨਾਲ ਜਾ ਰਹੇ ਸਨ, ਤਾਂ ਰਾਤ ਸਮੇਂ ਉਨ੍ਹਾਂ ਦੀ ਕਾਰ ਖਰਾਬ ਹੋ ਗਈ। ਉਸ ਸਮੇਂ ਇੱਕ ਸਿੱਖ ਟਰੱਕ ਡਰਾਈਵਰ ਨੇ ਮਦਦ ਕੀਤੀ ਸੀ, ਜਿਸ ਨੂੰ ਮੈਂ ਭੁਲਾ ਨਹੀਂ ਸਕਦਾ।

ਰੁਚੀ ਘਣਸ਼ਿਆਮ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਨੇ ਕਿਹਾ ਸੀ ਕਿ ਜਦੋਂ ਵੀ ਲੋੜ ਪਵੇ, ਬਿਨਾਂ ਝਿਜਕ ਕਿਸੇ ਸਿੱਖ ਤੋਂ ਮਦਦ ਲੈ ਸਕਦੇ ਹੋ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਵਧਾਈ ਦਿੱਤੀ ਅਤੇ ਭਾਰਤ ਸਰਕਾਰ ਵਲੋਂ ਜਾਰੀ ਕੀਤੀਆਂ ਡਾਕ ਟਿਕਟਾਂ ਤੇ ਯਾਦਗਰੀ ਚਿੰਨ ਵੀ ਸਭਾ ਨੂੰ ਭੇਂਟ ਕੀਤੇ। ਗੁਰੂ ਘਰ ਵਲੋਂ ਪ੍ਰਧਾਨ ਗੁਰਮੇਲ ਸਿੰਘ ਮੱਲੀ ਤੇ ਮੀਤ ਪ੍ਰਧਾਨ ਸੋਹਣ ਸਿੰਘ ਸਮਰਾ ਨੇ ਰੁਚੀ ਘਣਸ਼ਿਆਮ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# ਬਲੋਚ ਕਾਰਕੁਨਾਂ ਨੇ ਪਾਕਿ ਦੇ ਜ਼ੁਲਮਾਂ ਵਿਰੁੱਧ ਭਾਰਤ ਕੋਲੋਂ ਮਦਦ ਮੰਗੀ

ਲੰਡਨ, 17 ਨਵੰਬਰ (ਪੋਸਟ ਬਿਊਰੋ)- ਬਲੋਚ ਨੈਸ਼ਨਲ ਮੂਵਮਟ (ਬੀ ਐੱਨ ਐੱਮ) ਦੀ ਬ੍ਰਿਟੇਨ ਇਕਾਈ ਅਤੇ ਉਸ ਨਾਲ ਜੁੜੇ ਸੰਗਠਨਾਂ ਨੇ ਭਾਰਤ ਸਰਕਾਰ ਨੂੰ ਪਾਕਿਸਤਾਨ ਦੇ ਜ਼ੁਲਮਾਂ ਵਿਰੁੱਧ ਆਵਾਜ਼ ਚੁੱਕਣ ਅਤੇ ਬਲੋਚਿਸਤਾਨ ਦੀ ਆਜ਼ਾਦੀ ਦੇ ਅੰਦੋਲਨ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।

ਲੰਡਨ ਵਿੱਚ ਕੱਲ੍ਹ ਬਲੋਚ ਸਟੂਡੈਂਟਜ਼ ਆਰਗੇਨਾਈਜ਼ੇਸ਼ਨ ਵਰਗੇ ਗਰੁੱਪਾਂ ਨੇ ਬਲੋਚਿਸਤਾਨ ਦੀ ਆਜ਼ਾਦੀ ਦੇ ਲਈ ਲੜਾਈ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਅਮੀਰ ਖੇਤਰ ਬਲੋਚਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਉੱਤੇ ਬ੍ਰਿਟੇਨ ਸਰਕਾਰ ਦੀ ਚੁੱਪ ਨੂੰ ਪਾਖੰਡ ਕਿਹਾ। ਬਲੋਚ ਨੈਸ਼ਨਲ ਮੂਵਮੈਂਟ ਦੇ ਵਿਦੇਸ਼ੀ ਮਾਮਲਿਆਂ ਦੇ ਬੁਲਾਰੇ ਹਮਾਨ ਹੈਦਰ ਨੇ ਕਿਹਾ, ਪਾਕਿਸਤਾਨ ਦੇ ਸੁਰੱਖਿਆ ਬਲਾਂ ਨੇ ਪਿਛਲੇ ਦੋ ਦਹਾਕਿਆਂ ਵਿੱਚ 20,000 ਤੋਂ ਵੱਧ ਬਲੋਚ ਲੋਕਾਂ ਨੂੰ ਅਗਵਾ ਕੀਤਾ ਤੇ ਕਈਆਂ ਨੂੰ ਮਾਰ ਦਿੱਤਾ ਹੈ। ਭਾਰਤ ਸਰਕਾਰ ਨੂੰ ਸਾਡਾ ਇਹ ਸੁਨੇਹਾ ਹੈ ਕਿ ਉਸ ਨੂੰ ਪਾਕਿਸਤਾਨ ਦੇ ਸੁਰੱਖਿਆ ਬਲਾਂ ਦੇ ਅਤਿਆਚਾਰਾਂ ਵਿਰੁੱਧ ਆਪਣੀ ਆਵਾਜ਼ ਚੁੱਕਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ, ਭਾਰਤ ਨੇ ਬੰਗਲਾ ਦੇਸ਼ ਨੂੰ ਆਜ਼ਾਦ ਕਰਾਉਣ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਈ ਸੀ ਤੇ ਇੱਕ ਵਾਰ ਫਿਰ ਉਸ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਪਾਕਿਸਤਾਨ ਤੋਂ ਆਜ਼ਾਦੀ ਹਾਸਲ ਕਰਨ ਦੇ ਸਾਡੇ ਅੰਦੋਲਨ ਨੂੰ ਸਮਰਥਨ ਦੇਣਾ ਚਾਹੀਦਾ ਹੈ।

# ਮੁਹਾਜਰ ਲਹਿਰ ਦੇ ਮੋਢੀ ਅਲਤਾਫ ਨੇ ਭਾਰਤ ਤੋਂ ਸ਼ਰਨ ਮੰਗੀ



ਲੰਡਨ, 17 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਜਲਾਵਤਨ ਜੀਵਨ ਗੁਜ਼ਾਰ ਰਹੇ ਪਾਕਿਸਤਾਨੀ ਆਗੂ ਤੇ ਮੁਤਾਹਿਦਾ ਕੌਮੀ ਮੂਵਮੈਂਟ (ਐੱਮ ਕਿਊ ਐੱਮ) ਦੇ ਮੋਢੀ ਅਲਤਾਫ ਹੁਸੈਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲੋਂ ਭਾਰਤ ਵਿਚ ਸ਼ਰਨ ਦੇਣ ਦੀ ਮੰਗ ਕੀਤੀ ਹੈ। ਐੱਮ ਕਿਊ ਐੱਮ ਦੇ ਇਸ ਮੋਢੀ ਆਗੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਮੇਰੇ ਸਾਥੀਆਂ ਸਣੇ ਮੈਨੂੰ ਭਾਰਤ ਵਿਚ ਸ਼ਰਨ ਦੇਣ, ਜੇ ਉਹ ਅਜਿਹਾ ਕਰਨ ਵਿੱਚ ਅਸਮਰਥ ਹਨ ਤਾਂ ਆਰਥਿਕ ਪੱਖ ਤੋਂ ਸਾਡੀ ਮਦਦ ਕਰਨ। ਜਿਓ ਨਿਊਜ਼ ਮੁਤਾਬਕ ਬ੍ਰਿਟੇਨ ਦੇ ਇਮੀਗ੍ਰੇਸ਼ਨ ਵਿਭਾਗ ਨੇ ਸਾਲ 2016 ਵਿਚ ਆਪਣੇ ਪਾਕਿਸਤਾਨੀ ਸਾਥੀਆਂ ਨੂੰ ਬ੍ਰਿਟੇਨ ਵਿਚ ਭੜਕਾਊ ਭਾਸ਼ਣ ਦੇਣ ਦੇ ਦੋਸ਼ ਵਿਚ ਹੁਸੈਨ ਖ਼ਿਲਾਫ਼ ਦੋਸ਼ ਤੈਅ ਕੀਤੇ ਹਨ। ਅਗਲੇ ਸਾਲ ਜੂਨ ਵਿਚ ਇਸ ਕੇਸ ਦੀ ਸੁਣਵਾਈ ਹੋਵੇਗੀ ਤੇ ਵਕੀਲ ਇਹ ਜਾਇਜ਼ਾ ਲੈ ਰਹੇ ਹਨ ਕਿ ਕਿਤੇ ਅਲਤਾਫ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਸ਼ਰਨ ਦੀ ਮੰਗ ਕਰ ਕੇ ਜ਼ਮਾਨਤ ਦੀਆਂ ਸ਼ਰਤਾਂ ਦਾ ਉਲੰਘਣ ਤਾਂ ਨਹੀਂ ਕੀਤਾ।

ਐੱਮ ਕਿਊ ਐੱਮ ਦੇ ਆਗੂ ਅਲਤਾਫ ਹੁਸੈਨ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਮੋਦੀ ਇਜਾਜ਼ਤ ਦੇਣ ਤਾਂ ਮੈਂ ਆਪਣੇ ਸਾਥੀਆਂ ਸਮੇਤ ਭਾਰਤ ਆਉਣ ਨੂੰ ਤਿਆਰ ਹਾਂ। ਮੇਰੇ ਦਾਦਾ-ਦਾਦੀ ਅਤੇ ਹਜ਼ਾਰਾਂ ਰਿਸ਼ਤੇਦਾਰ ਭਾਰਤ ਵਿਚ ਦਫ਼ਨਾਏ ਗਏ ਸਨ, ਮੈਂ ਉਨ੍ਹਾਂ ਦੀਆਂ ਕਬਰਾਂ ਉੱਤੇ ਜਾਣਾ ਚਾਹੁੰਦਾ ਹਾਂ। ਐੱਮ ਕਿਊ ਐੱਮ ਦਾ ਪ੍ਰਭਾਵ ਕਰਾਚੀ ਅਤੇ ਪਾਕਿਸਤਾਨ ਦੇ ਸਿੰਧ ਸੂਬੇ ਦੇ ਹੋਰ ਕਈ ਸ਼ਹਿਰੀ ਇਲਾਕਿਆਂ ਵਿਚ ਕਾਫੀ ਹੈ।

# ਪਾਕਿ ਵਿੱਚ 300 ਸਾਲ ਪੁਰਾਣੇ ਸ਼ਹਿਰ ਦੀ ਖੋਜ, ਹਿੰਦੂ ਮੰਦਰਾਂ ਤੇ ਸਤੂਪਾਂ ਦੇ ਚਿੰਨ੍ਹ ਮਿਲੇ



ਲਾਹੌਰ, 17 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਤੇ ਇਟਲੀ ਦੇ ਪੁਰਾਤੱਤਵ ਮਾਹਰਾਂ ਨੇ 3000 ਸਾਲ ਪੁਰਾਣੇ ਸ਼ਹਿਰ ਦੀ ਖੋਜ ਕਰਨ ਦਾ ਦਾਅਵਾ ਕੀਤਾ ਹੈ। ਮੰਨਿਆ ਜਾਂਦਾ ਹੈ ਕਿ ਮਾਹਰਾਂ ਵੱਲੋਂ ਉੱਤਰ ਪੱਛਮੀ ਪਾਕਿਸਤਾਨ 'ਚ ਕੀਤੀ ਗਈ ਸਾਂਝੀ ਖੁਦਾਈ ਵਿੱਚ ਅਲੈਗਜ਼ੈਂਡਰ (ਸਿਕੰਦਰ) ਦੀਆਂ ਨਿਸ਼ਾਨੀਆਂ ਮਿਲੀਆਂ ਹਨ। 5000 ਸਾਲ ਪੁਰਾਣੀ ਸਭਿਅਤਾ ਅਤੇ ਇਸ ਦੀਆਂ ਕਲਾਕ੍ਰਿਤੀਆਂ ਲਈ ਜਾਣੇ ਜਾਂਦੇ ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੇ ਸਵਾਤ ਜ਼ਿਲੇ ਦੀ ਬਾਰਿਕੋਟ ਤਹਿਸੀਲ ਵਿੱਚ ਬੇਜੇਰ ਨਾਮਕ ਸ਼ਹਿਰ ਦੀ ਖੋਜ ਕੀਤੀ ਗਈ ਹੈ, ਜਿਸ ਵਿੱਚ ਹਿੰਦੂ ਮੰਦਰਾਂ, ਸਿੱਕਿਆਂ, ਸਤੂਪਾਂ, ਮਿੱਟੀ ਦੇ ਬਰਤਨਾਂ ਤੇ ਉਸ ਸਮੇਂ ਦੇ ਹਥਿਆਰਾਂ ਦੇ ਚਿੰਨ੍ਹ ਵੀ ਮਿਲੇ ਹਨ।

ਮਾਹਰਾਂ ਦਾ ਖਿਆਲ ਹੈ ਕਿ ਅਲੈਗਜ਼ੈਂਡਰ 326 ਈਸਾ ਪੂਰਵ ਵਿੱਚ ਆਪਣੀ ਫੌਜ ਨਾਲ ਸਵਾਤ ਆਇਆ ਸੀ ਅਤੇ ਉਸ ਨੇ ਓਡੀਗਰਾਮ ਖੇਤਰ ਵਿੱਚ ਹੋਈ ਇੱਕ ਲੜਾਈ 'ਚ ਵਿਰੋਧੀਆਂ ਨੂੰ ਹਰਾਇਆ ਅਤੇ ਬੇਜੇਰਾ ਨਾਮੀ ਕਿਲ੍ਹੇ ਬਣਾਇਆ ਸੀ। ਇਨ੍ਹਾਂ ਮਾਹਰਾਂ ਨੂੰ ਸਿਕੰਦਰ ਦੇ ਯੁੱਗ ਤੋਂ ਪਹਿਲਾਂ ਵੀ ਸ਼ਹਿਰ ਵਿੱਚ ਲੋਕਾਂ ਦੇ ਆਬਾਦ ਹੋਣ ਦੀਆਂ ਕੁਝ ਨਿਸ਼ਾਨੀਆਂ ਮਿਲੀਆਂ ਸਨ। ਸਿਕੰਦਰ ਤੋਂ ਪਹਿਲਾਂ ਇੰਡੋ-ਗਰੀਕ, ਬੁੱਧ ਮਤ, ਹਿੰਦੂ ਸ਼ਾਹੀ ਅਤੇ ਮੁਸਲਮਾਨਾਂ ਦੇ ਪੈਰੋਕਾਰ ਇਸ ਸ਼ਹਿਰ ਵਿੱਚ ਰਹਿੰਦੇ ਸਨ। ਭਾਰਤੀ ਪੁਰਾਤੱਤਵ ਵਿਭਾਗ ਵੱਲੋਂ ਸਾਲ 1922 ਵਿੱਚ ਮੋਹਨਜੋਦੜੋ ਦੀ ਖੋਜ ਕੀਤੀ ਗਈ ਸੀ, ਪਰ ਦੇਸ਼ ਦੀ ਵੰਡ ਦੇ ਬਾਅਦ ਇਹ ਪੁਰਾਤੱਤਵ ਸਾਈਟ ਪਾਕਿਸਤਾਨ ਦੇ ਸਿੰਧ ਪ੍ਰਾਂਤ ਦੇ ਹਿੱਸੇ ਚਲੀ ਗਈ। ਇਸ ਤੋਂ ਬਾਅਦ 50 ਸਾਲਾਂ ਤੱਕ ਕਈ ਪੜਾਵਾਂ 'ਚ ਉਥੇ ਖੁਦਾਈ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਹੜੱਪਾ ਸੱਭਿਅਤਾ ਦੇ ਦੂਸਰੇ ਸ਼ਹਿਰਾਂ ਵਾਂਗ ਮੋਹਨਜੋਦੜੋ ਵੀ ਇਮਾਰਤ ਕਲਾ ਦੀ ਵਿਲੱਖਣ ਮਿਸਾਲ ਹੈ। ਜਿਹੜੇ ਸ਼ਹਿਰ ਮਿਲੇ ਹਨ, ਉਹ ਬਹੁਤ ਹੀ ਉਤਮ ਢੰਗ ਨਾਲ ਬਣਾਏ ਗਏ ਹਨ ਤੇ ਇਸ ਤਰ੍ਹਾਂ ਪੂਰੇ ਸ਼ਹਿਰ ਦੇ ਡਿਜ਼ਾਈਨ ਦੀ ਯੋਜਨਾ ਬਣਾਉਣਾ ਉਸ ਵਕਤ ਦੇ ਹਿਸਾਬ ਬਹੁਤ ਮੁਸ਼ਕਲ ਹੈ। ਮੰਨਿਆ ਜਾਂਦਾ ਹੈ ਕਿ ਲਗਭਗ 1900 ਈਸਾ ਪੂਰਵ ਇਸ ਦਾ ਅੰਤ ਹੋ ਗਿਆ। ਵਿਗਿਆਨੀ ਮੰਨਦੇ ਹਨ ਕਿ ਮੋਹਨਜੋਦੜੋ ਨੂੰ ਸਭ ਤੋਂ ਵੱਡਾ ਖਤਰਾ ਸੈਲਾਨੀਆਂ ਤੋਂ ਹੈ, ਜੋ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਉਥੇ ਪਹੁੰਚ ਰਹੇ ਹਨ।

# ਨੌਂ ਸਾਲਾ ਬੱਚਾ ਗ੍ਰੈਜੂਏਸ਼ਨ ਕਰੀ ਜਾ ਰਿਹੈ



ਬ੍ਰਸੇਲਸ, 17 ਨਵੰਬਰ (ਪੋਸਟ ਬਿਊਰੋ)- ਯੂਰਪੀ ਦੇਸ਼ ਬੈਲਜੀਅਮ ਦਾ ਵਸਨੀਕ ਮੁੰਡਾ ਸਿਰਫ ਨੌਂ ਸਾਲ ਦੀ ਉਮਰ ਵਿੱਚ ਗ੍ਰੈਜੂਏਸ਼ਨ ਦੀ ਡਿਗਰੀ ਹਾਸਲ ਕਰ ਰਿਹਾ ਹੈ। ਲਾਰੇਂਟ ਸਿਮਨਸ ਨਾਮ ਦਾ ਇਹ ਮੁੰਡਾ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਹੈ। ਉਹ ਇੰਡੋਵਨ ਯੂਨੀਵਰਸਿਟੀ ਆਫ ਤਕਨਾਲੋਜੀ ਵਿੱਚ ਪੜ੍ਹਦਾ ਹੈ। ਇਹ ਗ੍ਰੈਜੂਏਸ਼ਨ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਲਈ ਕਾਫੀ ਮੁਸ਼ਕਲ ਕੋਰਸ ਮੰਨਿਆ ਜਾਂਦਾ ਹੈ। ਯੂਨੀਵਰਸਿਟੀ ਸਟਾਫ ਦਾ ਕਹਿਣਾ ਹੈ ਕਿ ਲਾਰੇਂਟ ਦਸੰਬਰ ਵਿੱਚ ਇਹ ਡਿਗਰੀ ਪੂਰੀ ਕਰ ਲਵੇਗਾ। ਉਸ ਦੇ ਪਿਤਾ ਦਾ ਕਹਿਣਾ ਹੈ ਕਿ ਇਸ ਮਗਰੋਂ ਉਹ ਆਪਣੇ ਬੇਟੇ ਨੂੰ ਮੈਡੀਕਲ ਡਿਗਰੀ ਦੇ ਨਾਲ ਇਲੈਕਟ੍ਰੀਕਲ ਇੰਜੀਨੀਅਰਿੰਗ ਵਿੱਚ ਪੀ ਐਚ ਡੀ ਕਰਵਾਉਣਗੇ। ਲਾਰੇਂਟ ਦੀ ਮਾਂ ਲਿਡੀਆ ਅਤੇ ਪਿਤਾ ਅਲੈਗਜ਼ੈਂਡਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲਾਰੇਂਟ ਦੇ ਦਾਦਾ-ਦਾਦੀ ਤੋਂ ਇਸ ਗੱਲ ਦਾ ਪਤਾ ਲੱਗਾ ਸੀ ਕਿ ਉਹ ਕੁਝ ਵੱਖਰਾ ਹੈ। ਇਸ ਮਾਮਲੇ ਵਿੱਚ ਲਾਰੇਂਟ ਦੀ ਮਾਂ ਦਾ ਕਹਿਣਾ ਹੈ, 'ਗਰਭਵਤੀ ਹੋਣ ਦੌਰਾਨ ਉਸ ਨੇ ਕਾਫੀ ਮਾਤਰਾ ਵਿੱਚ ਮੱਛੀਆਂ ਖਾਧੀਆਂ ਸਨ। ਲਾਰੇਂਟ ਦੀ ਕਾਬਲੀਅਤ ਬਾਰੇ ਉਸ ਦੇ ਅਧਿਆਪਕਾਂ ਨੇ ਵੀ ਸਹਿਮਤੀ ਜ਼ਾਹਰ ਕੀਤੀ ਸੀ। ਜਦੋਂ ਉਸ ਦੀ ਟੀਚਰ ਉਸ ਦੀ ਪ੍ਰਤਿਭਾ ਦੀ ਜਾਂਚ ਕਰਨ ਲਈ ਪ੍ਰੀਖਿਆ ਲੈ ਰਹੀ ਸੀ ਤਾਂ ਉਹ ਲਗਾਤਾਰ ਪ੍ਰੀਖਿਆ ਦਿੰਦਾ ਜਾਂਦਾ ਸੀ। ਲਾਰੇਂਟ ਡਾਕਟਰਾਂ ਦੇ ਪਰਵਾਰ ਤੋਂ ਹੈ, ਪਰ ਉਸ ਦੇ ਪਰਵਾਰ ਵਿੱਚੋਂ ਕੋਈ ਇਹ ਪਤਾ ਨਹੀਂ ਲਾ ਸਕਿਆ ਕਿ ਆਖਿਰ ਲਾਰੇਂਟ ਦੀ ਯਾਦ ਰੱਖਣ ਦੀ ਸਮਰੱਥਾ ਇੰਨੀ ਚੰਗੀ ਕਿਵੇਂ ਹੈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਓਸਾਮਾ ਬਿਨ ਲਾਦੇਨ ਦੀ ਭਾਲ ਵਿੱਚ 10 ਸਾਲ ਚੱਲੀ ਮੁਹਿੰਮ ਬਾਰੇ ਨਿਊ ਯਾਰਕ ਵਿੱਚ ਪ੍ਰਦਰਸ਼ਨੀ




ਨਿਊ ਯਾਰਕ, 17 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ 9/11 ਵਾਲੇ ਹਮਲੇ ਦੇ ਮਾਸਟਰ ਮਾਈਂਡ ਓਸਾਮਾ ਬਿਨ ਲਾਦੇਨ ਨੂੰ ਲੱਭਣ ਤੇ ਉਸ ਨੂੰ ਮਾਰਨ ਦੀ ਮੁਹਿੰਮ ਬਾਰੇ ਇੱਕ ਪ੍ਰਦਰਸ਼ਨੀ ਨਿਊ ਯਾਰਕ ਵਿੱਚ ਲਾਈ ਗਈ ਹੈ। ਇਸ ਵਿੱਚ ਪਾਕਿਸਤਾਨ ਦੇ ਉਸ ਬੰਗਲੇ ਦਾ ਮਾਡਲ ਵੀ ਹੈ, ਜਿੱਥੇ ਓਸਾਮਾ ਰਹਿੰਦਾ ਸੀ। ਇਸ ਦੀ ਵੀਡੀਓ ਵੀ ਵਿਖਾਈ ਜਾ ਰਹੀ ਹੈ, ਜਿਸ 'ਚ ਅਮਰੀਕਾ ਦੇ ਓਦੋਂ ਦੇ ਰਾਸ਼ਟਰਪਤੀ ਹਮਲੇ ਦੀ ਕਾਰਵਾਈ ਨੂੰ ਮਨਜ਼ੂਰੀ ਦੇਣ ਵਿੱਚ ਆਪਣੀ ਝਿਜਕ ਦਾ ਕਾਰਨ ਦੱਸ ਰਹੇ ਹਨ। 'ਰਿਵੀਲਡ : ਦਿ ਹੰਟ ਫਾਰ ਬਿਨ ਲਾਦੇਨ; ਪ੍ਰਦਰਸ਼ਨੀ 11 ਸਤੰਬਰ 2001 ਦੇ ਹਮਲੇ ਵਾਲੇ ਮਿਊਜ਼ੀਅਮ ਵਿੱਚ ਸ਼ੁਰੂ ਹੋਈ ਹੈ ਤੇ ਇਸ 'ਚ ਓਸਾਮਾ ਦੀ 10 ਸਾਲ ਤੱਕ ਭਾਲ ਦੀ ਕਹਾਣੀ ਪੇਸ਼ ਹੈ। ਨਿਊ ਯਾਰਕ ਦੇ ਵਰਲਡ ਟਰੇਡ ਸੈਂਟਰ ਦੀ ਘਟਨਾ ਬਾਰੇ '9/11 ਮੈਮੋਰੀਅਲ ਮਿਊਜ਼ੀਅਮ' ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਅਲਿਸ ਗ੍ਰੀਨਵਾਲਡ ਨੇ ਦੱਸਿਆ ਕਿ ਛਾਪੇ ਦੀ ਕਾਰਵਾਈ ਕਿਵੇਂ ਹੋਈ ਸੀ, ਇਸ ਦੀ ਜਾਣਕਾਰੀ ਉਨ੍ਹਾਂ ਲੋਕਾਂ ਤੋਂ ਲਈ ਗਈ, ਜੋ ਉਸ ਸਮੇਂ ਉਥੇ ਸਨ। ਅਮਰੀਕੀ ਖੁਫੀਆ ਏਜੰਸੀਆਂ ਦੇ ਕਮਾਂਡੋਜ਼ ਨੇ ਇੱਕ ਅਤੇ ਦੋ ਮਈ 2011 ਦੀ ਦਰਮਿਆਨੀ ਰਾਤ ਆਪਰੇਸ਼ਨ ਜੇਰੋਨਿਮੋ ਦੇ ਤਹਿਤ ਬਿਨ ਲਾਦੇਨ ਨੂੰ ਖਤਮ ਕਰ ਦਿੱਤਾ ਸੀ। ਓਸਾਮਾ ਨੇ ਨਿਊ ਯਾਰਕ 'ਚ ਟਵਿਨ ਟਾਵਰ 'ਤੇ ਜਹਾਜ਼ਾਂ ਨਾਲ ਹਮਲਾ ਕਰਾਇਆ ਸੀ, ਜਿਸ ਵਿੱਚ 3000 ਲੋਕ ਮਾਰੇ ਗਏ ਸਨ। ਪਤਾ ਲੱਗਾ ਹੈ ਕਿ ਇਹ ਪ੍ਰਦਰਸ਼ਨੀ ਮਈ 2021 ਤੱਕ ਚੱਲੇਗੀ। ਪ੍ਰਦਰਸ਼ਨੀ ਵਿੱਚ ਕਰੀਬ 60 ਵਸਤੂਆਂ ਰੱਖੀਆਂ ਗਈਆਂ ਹਨ ਜਿਨ੍ਹਾਂ 'ਚੋਂ ਕੁਝ ਅਜਿਹੀਆਂ ਚੀਜ਼ਾਂ ਹਨ, ਜੋ ਪਾਕਿਸਤਾਨ ਦੇ ਉਸ ਘਰੋਂ ਮਿਲੀਆਂ ਸਨ, ਜਿੱਥੇ ਓਸਾਮਾ ਰਹਿ ਰਿਹਾ ਸੀ। ਇਸ ਤੋਂ ਇਲਾਵਾ ਕਈ ਦਰਜਨਾਂ ਫੋਟੋਆਂ ਅਤੇ ਵੀਡੀਓ ਵੀ ਪ੍ਰਦਰਸ਼ਨੀ 'ਚ ਲੱਗੀਆਂ ਹਨ।

# ਪਾਕਿਸਤਾਨ ਵਿੱਚ ਕ੍ਰਿਕਟ ਟੈਸਟ ਦੀ ਇੱਕ ਦਹਾਕੇ ਮਗਰੋਂ ਵਾਪਸੀ

ਲਾਹੌਰ, 17 ਨਵੰਬਰ (ਪੋਸਟ ਬਿਊਰੋ)- ਸ੍ਰੀਲੰਕਾ ਨੇ ਦਸੰਬਰ ਵਿੱਚ ਪਾਕਿਸਤਾਨ ਵਿੱਚ ਦੋ ਟੈਸਟ ਮੈਚਾਂ ਦੀ ਲੜੀ ਖੇਡਣ ਦੀ ਪੁਸ਼ਟੀ ਕੀਤੀ ਹੈ, ਜਿਸ ਨਾਲ ਪਾਕਿਸਤਾਨ ਵਿੱਚ ਇੱਕ ਦਹਾਕੇ ਤੋਂ ਵੀ ਵੱਧ ਸਮੇਂ ਬਾਅਦ ਟੈਸਟ ਕ੍ਰਿਕਟ ਦੀ ਵਾਪਸੀ ਹੋਣ ਲੱਗੀ ਹੈ। ਇਸ ਨੂੰ ਬੰਦ ਕਰਨ ਵੇਲੇ ਵੀ ਓਥੇ ਸ੍ਰੀ ਲੰਕਾ ਟੀਮ ਹੀ ਖੇਡ ਰਹੀ ਸੀ।

ਇਸ ਵਾਰ ਦੀ ਕ੍ਰਿਕਟ ਲੜੀ ਮੌਜੂਦ ਵਿਸ਼ਵ ਟੈਸਟ ਚੈਂਪੀਅਨਸ਼ਿਪ ਦਾ ਹਿੱਸਾ ਹੋਵੇਗੀ ਅਤੇ ਇੱਕ ਰੋਜ਼ਾ ਕਪਤਾਨ ਦਿਮੁਥ ਕਰੁਣਾਰਤਨੇ ਅਤੇ ਟੀ-20 ਕਪਤਾਨ ਲੇਸਿਥ ਮਲਿੰਗਾ ਸਣੇ 10 ਖਿਡਾਰੀਆਂ ਦੀ ਸੁਰੱਖਿਆ ਕਾਰਨਾਂ ਕਰ ਕੇ ਹਟਣ ਦੇ ਬਾਵਜੂਦ ਸ੍ਰੀਲੰਕਾ ਨੇ ਇਸ ਸਾਲ ਸਤੰਬਰ-ਅਕਤੂਬਰ ਵਿੱਚ ਪਾਕਿਸਤਾਨ ਵਿੱਚ ਦੋ-ਪੱਖੀ ਇੱਕ ਰੋਜ਼ਾ ਅਤੇ ਟੀ-20 ਕ੍ਰਿਕਟ ਲੜੀ ਖੇਡੀ ਸੀ। ਅਗਲੀ ਲੜੀ ਦਾ ਪਹਿਲਾ ਟੈਸਟ ਮੈਚ 11 ਤੋਂ 15 ਦਸੰਬਰ ਤੱਕ ਰਾਵਲਪਿੰਡੀ ਵਿੱਚ ਅਤੇ ਦੂਜਾ ਟੈਸਟ 19 ਤੋਂ 23 ਦਸੰਬਰ ਤੱਕ ਕਰਾਚੀ ਵਿੱਚ ਖੇਡਿਆ ਜਾਵੇਗਾ।

ਪਾਕਿਸਤਾਨ ਕ੍ਰਿਕਟ ਬੋਰਡ ਦੇ ਡਾਇਰੈਕਟਰ ਜਾਕਿਰ ਖਾਨ ਨੇ ਕਿਹਾ ਕਿ ਪਾਕਿਸਤਾਨ ਵਿੱਚ ਕ੍ਰਿਕਟ ਅਤੇ ਦੁਨੀਆ ਦੇ ਕਿਸੇ ਹੋਰ ਦੇਸ਼ ਦੀ ਤਰ੍ਹਾਂ ਸੁਰੱਖਿਅਤ ਦੇਸ਼ ਦੇ ਰੂਪ ਵਿੱਚ ਇਸ ਦੀ ਹੋਂਦ ਤੇ ਸਨਮਾਨ ਲਈ ਇਹ ਸ਼ਾਨਦਾਰ ਖਬਰ ਹੈ। ਖੇਡ ਦੇ ਲੰਮੀ ਵੰਨਗੀ ਲਈ ਟੀਮ ਭੇਜਣ ਉੱਤੇ ਰਾਜ਼ੀ ਹੋਣ ਲਈ ਅਸੀਂ ਸ੍ਰੀਲੰਕਾ ਕ੍ਰਿਕਟ ਦਾ ਧੰਨਵਾਦ ਕਰਦੇ ਹਾਂ। ਖਾਨ ਨੇ ਕਿਹਾ ਕਿ ਇਸ ਪੁਸ਼ਟੀ ਨਾਲ ਦੇਸ਼ ਵਿੱਚ ਅੰਟਰਰਾਸ਼ਟਰੀ ਕ੍ਰਿਕਟ ਬਾਕਾਇਦਾ ਫਿਰ ਸ਼ੁਰੂ ਕਰਵਾਉਣ ਦੀਆਂ ਕੋਸ਼ਿਸ਼ਾਂ ਵਿੱਚ ਮਦਦ ਮਿਲੇਗੀ। ਸ੍ਰੀਲੰਕਾ ਨੇ ਹੀ 2009 ਵਿੱਚ ਪਾਕਿਸਤਾਨ ਵਿੱਚ ਪਿਛਲਾ ਟੈਸਟ ਖੇਡਿਆ ਸੀ। ਉਸ ਦੌਰਾਨ ਲਾਹੌਰ ਵਿੱਚ ਅੱਤਵਾਦੀਆਂ ਨੇ ਸ੍ਰੀਲੰਕਾ ਟੀਮ 'ਤੇ ਹਮਲਾ ਕੀਤਾ ਸੀ, ਜਿਸ ਤੋਂ ਬਾਅਦ ਅੰਤਰਰਾਸ਼ਟਰੀ ਟੀਮਾਂ ਨੇ ਕ੍ਰਿਕਟ ਖੇਡਣ ਲਈ ਪਾਕਿਸਤਾਨ ਆਉਣ ਤੋਂ ਇਨਕਾਰ ਕਰ ਦਿੱਤਾ ਸੀ।

# ਔਰਤ ਉੱਤੇ ਤਸ਼ੱਦਦ ਤੇ ਨਾਜਾਇਜ਼ ਹਿਰਾਸਤ ਲਈ 12 ਪੁਲਸੀਆਂ ਉੱਤੇ ਕੇਸ ਦਰਜ

*** ਦੋਸ਼ੀਆਂ ਵਿੱਚ ਡੀ ਐੱਸ ਪੀ ਰੈਂਕ ਦਾ ਅਫਸਰ ਵੀ**

ਫਿਰੋਜ਼ਪੁਰ, 17 ਨਵੰਬਰ, (ਪੋਸਟ ਬਿਊਰੋ)- ਬਠਿੰਡਾ ਸ਼ਹਿਰ ਦੇ ਜੁਝਾਰ ਨਗਰ ਦੀ ਸਿਮਰਨਪ੍ਰੀਤ ਕੌਰ ਉੱਤੇ ਝੂਠਾ ਕੇਸ ਦਰਜ ਕਰਨ ਨਾਲ ਫਿਰੋਜ਼ਪੁਰ ਪੁਲਿਸ ਫਸ ਗਈ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ ਉੱਤੇ ਕੈਂਟ ਥਾਣਾ ਦੇ ਉਸ ਵਕਤ ਦੇ ਐੱਸ ਐੱਚ ਓ ਰਾਜੇਸ਼ ਕੁਮਾਰ (ਇਸ ਵੇਲੇ ਬਠਿੰਡਾ ਵਿੱਚ ਡੀ ਐੱਸ ਪੀ ਕ੍ਰਾਈਮ) ਸਮੇਤ 12 ਪੁਲਿਸ ਵਾਲਿਆਂ ਉੱਤੇ ਉਸ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਣ ਤੇ ਤਸੀਹੇ ਦੇਣ ਦਾ ਕੇਸ ਦਰਜ ਹੋਇਆ ਹੈ। ਇਸ ਕੇਸ ਵਿੱਚ ਅਜੇ ਸਿਰਫ਼ ਰਾਜੇਸ਼ ਕੁਮਾਰ ਦਾ ਨਾਂ ਦਿੱਤਾ ਗਿਆ ਹੈ, ਹੋਰਨਾਂ ਦੀ ਪਛਾਣ ਕੀਤੀ ਜਾ ਰਹੀ ਹੈ।

ਬੀਤੀ 14 ਨਵੰਬਰ ਨੂੰ ਹਾਈ ਕੋਰਟ ਵਿੱਚ ਸੁਣਵਾਈ ਵੇਲੇ ਜ਼ਿਲਾ ਫਿਰੋਜ਼ਪੁਰ ਦੇ ਪੁਲਸ ਮੁਖੀ ਵਿਵੇਕਸ਼ੀਲ ਸੋਨੀ ਨੇ ਦਰਜ ਕੀਤੇ ਗਏ ਕੇਸ ਵਿੱਚ ਸਾਰੇ ਦੋਸ਼ੀਆਂ ਦੇ ਨਾਂਵਾਂ ਦਾ ਜ਼ਿਕਰ ਕਰ ਕੇ 19 ਨਵੰਬਰ ਤਕ ਅਦਾਲਤ ਨੂੰ ਰਿਪੋਰਟ ਦੀ ਕਾਪੀ ਪੇਸ਼ ਕਰਨ ਦਾ ਭਰੋਸਾ ਦਿੱਤਾ ਹੈ, ਜਿਸ ਉੱਤੇ ਕਾਰਵਾਈ ਕੀਤੀ ਗਈ ਹੈ। ਅਸਲ ਵਿੱਚ ਬਠਿੰਡਾ ਦੀ ਸਿਮਰਨਪ੍ਰੀਤ ਕੌਰ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਦੱਸਿਆ ਸੀ ਕਿ 13 ਜੂਨ 2017 ਕੈਂਟ ਥਾਣਾ ਫਿਰੋਜ਼ਪੁਰ ਦੇ ਮੁਖੀ ਰਾਜੇਸ਼ ਕੁਮਾਰ ਅਤੇ ਕਰੀਬ 12 ਹੋਰ ਪੁਲਿਸ ਵਾਲਿਆਂ ਨੇ ਉਸ ਨੂੰ ਫੜਿਆ ਤੇ ਸੀ ਆਈ ਏ ਸਟਾਫ਼ ਫਿਰੋਜ਼ਪੁਰ ਨੂੰ ਸੌਂਪ ਦਿੱਤਾ ਸੀ। ਉਸ ਨੂੰ ਦੋ ਦਿਨ ਨਾਜਾਇਜ਼ ਹਿਰਾਸਤ



ਵਿੱਚ ਰੱਖਣ ਪਿੱਛੋਂ 15 ਜੂਨ 2017 ਨੂੰ ਫਿਰੋਜ਼ਪੁਰ ਕੈਂਟ ਪੁਲਿਸ ਨੇ ਧਾਰਾ 109 ਹੇਠ ਅਵਾਰਾਗਰਦੀ ਦਾ ਝੂਠਾ ਕੇਸ ਦਰਜ ਕਰ ਦਿੱਤਾ। ਬਾਅਦ ਵਿੱਚ ਐੱਸ ਡੀ ਐੱਮ ਦੀ ਅਦਾਲਤ ਤੋਂ ਉਸ ਨੂੰ ਜ਼ਮਾਨਤ ਮਿਲਣ ਪਿੱਛੋਂ ਉਹ ਫ਼ਰੀਦਕੋਟ ਮੈਡੀਕਲ ਕਾਲਜ ਵਿੱਚ ਦਾਖਲ ਹੋ ਗਈ ਤੇ ਡਾਕਟਰੀ ਰਿਪੋਰਟ ਬਣਵਾਈ ਸੀ। ਉਸ ਨੇ ਦੱਸਿਆ ਕਿ ਉਹ ਪੁਲਿਸ ਅਫਸਰਾਂ ਕੋਲ ਸ਼ਿਕਾਇਤ ਕਰਨ ਗਈ, ਪਰ ਸੁਣਵਾਈ ਨਾ ਹੋਈ ਤਾਂ ਹਾਈ ਕੋਰਟ ਪਹੁੰਚੀ ਹੈ। ਇਸ ਉੱਤੇ 14 ਨਵੰਬਰ ਨੂੰ ਕੋਰਟ ਨੇ ਕੈਂਟ ਥਾਣਾ ਦੇ ਸਾਬਕਾ ਐੱਸ ਐੱਚ ਓ ਰਾਜੇਸ਼ ਕੁਮਾਰ ਦੇ ਖ਼ਿਲਾਫ਼ ਕੇਸ ਦਰਜ ਕਰਨ ਦਾ ਆਦੇਸ਼ ਦਿੱਤਾ ਸੀ। ਰਾਜੇਸ ਕੁਮਾਰ ਜਿਸ ਥਾਣੇ ਦਾ ਮੁਖੀ ਹੁੰਦਾ ਸੀ, ਉਸੇ ਥਾਣੇ ਵਿੱਚ ਉਸ ਉੱਤੇ ਕੇਸ ਦਰਜ ਹੋਇਆ ਹੈ। ਉਸ ਨੂੰ ਅਗਸਤ 2017 ਵਿੱਚ ਐੱਸ ਐੱਚ ਓ ਹੁੰਦੇ ਹੋਏ ਲਾਈਨ ਹਾਜ਼ਰ ਵੀ ਕੀਤਾ ਗਿਆ ਸੀ। ਡੀ ਐੱਸ ਪੀ ਰਾਜੇਸ ਕੁਮਾਰ ਨੇ ਕਿਹਾ ਕਿ ਪੁਲਿਸ ਨੇ ਸ਼ਿਕਾਇਤ ਕਰਤਾ ਔਰਤ ਨੂੰ ਆਵਾਰਾਗਰਦੀ ਕਰਦਿਆਂ ਰਾਤ ਵੇਲੇ ਫੜਿਆ ਤੇ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਸੀ, ਪਰ ਇਸ ਦੀ ਜਾਂਚ ਮਹਿਲਾ ਏ ਐੱਸ ਆਈ ਕਰ ਰਹੀ ਸੀ। ਔਰਤ ਨੂੰ ਐੱਸ ਡੀ ਐੱਮ ਕੋਰਟ ਨੇ ਜ਼ਮਾਨਤ ਉੱਤੇ ਛੱਡਿਆ ਸੀ।

## ਰਿਸ਼ਤਾ ਟੁੱਟਣ ਕਾਰਨ ਮਹਿਲਾ ਸਿਪਾਹੀ ਵੱਲੋਂ ਖੁਦਕੁਸ਼ੀ

ਬੁਢਲਾਡਾ, 17 ਨਵੰਬਰ (ਪੋਸਟ ਬਿਊਰੋ)- ਰਿਸ਼ਤਾ ਟੁੱਟ ਜਾਣ ਕਾਰਨ ਪ੍ਰੇਸ਼ਾਨ ਥਾਣਾ ਸ਼ਹਿਰੀ ਬੁਢਲਾਡਾ ਵਿੱਚ ਤਾਇਨਾਤ ਮਹਿਲਾ ਸਿਪਾਹੀ ਨੇ ਜ਼ਹਿਰੀਲੀ ਚੀਜ਼ ਨਿਗਲ ਕੇ ਖੁਦਕੁਸ਼ੀ ਕਰ ਲਈ। ਇਸ ਸੰਬੰਧ ਵਿੱਚ ਲੜਕੀ ਦੇ ਪਿਤਾ ਰਣਵੀਰ ਸਿੰਘ ਵਾਸੀ ਦੋਦੜਾ ਨੇ ਦੱਸਿਆ ਕਿ ਉਨ੍ਹਾਂ ਨੇ ਧੀ ਗਗਨਦੀਪ ਕੌਰ ਦਾ ਰਿਸ਼ਤਾ ਸੰਗਰੂਰ 'ਚ ਕੀਤਾ ਸੀ। ਲੜਕੀ ਨੇ ਪਰਿਵਾਰ ਨੂੰ ਦੱਸਿਆ ਕਿ ਗੁਰਪ੍ਰੀਤ ਸਿੰਘ ਵਾਸੀ ਚੀਮਾ ਉਸ ਨੂੰ ਬਲੈਕਮੇਲ ਕਰ ਰਿਹਾ ਹੈ ਕਿ ਉਹ ਉਸ ਦਾ ਰਿਸ਼ਤਾ ਤੁੜਵਾ ਦੇਵੇਗਾ। ਲੜਕੀ ਦੇ ਪਿਤਾ ਮੁਤਾਬਕ ਲੜਕੇ ਨੇ ਲੜਕੀ ਦੇ ਸਹੁਰਾ ਪਰਿਵਾਰ ਨੂੰ ਕੁਝ ਤਸਵੀਰਾਂ ਦਿਖਾਈਆਂ ਸਨ, ਜਿਸ ਕਾਰਨ ਗਗਨਦੀਪ ਦਾ ਰਿਸ਼ਤਾ ਟੁੱਟ ਗਿਆ ਤੇ ਉਹ ਹੋਰ ਉਦਾਸ ਰਹਿਣ ਲੱਗ ਪਈ ਤੇ ਕੋਈ ਜ਼ਹਿਰੀਲੀ ਚੀਜ਼ ਖਾ ਲਈ।

# ਪਤਨੀ ਦਾ ਕਤਲ ਪ੍ਰੇਮ ਸਬੰਧਾਂ ਕਾਰਨ ਪਤੀ ਨੇ ਹੀ ਕਰਾਇਐ

ਅੰਮ੍ਰਿਤਸਰ, 17 ਨਵੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਆਜ਼ਾਦ ਨਗਰ ਦੇ ਇੱਕ ਘਰ ਵਿੱਚ ਇੱਕ ਔਰਤ ਨੂੰ ਗਲਾ ਘੁੱਟ ਕੇ ਕਤਲ ਕਰਨ ਦਾ ਕੇਸ ਪੁਲਸ ਨੇ ਹੱਲ ਕਰ ਕੇ ਤਿੰਨ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ 'ਚ ਔਰਤ ਦਾ ਪਤੀ ਖੁਦ ਵੀ ਸ਼ਾਮਲ ਹੈ। ਇਹ ਕੇਸ ਪ੍ਰੇਮ ਸਬੰਧਾਂ ਦਾ ਦੱਸਿਆ ਗਿਆ ਹੈ। ਗ੍ਰਿਫਤਾਰ ਕੀਤੇ ਲੋਕਾਂ ਦੀ ਪਛਾਣ ਗੁਰਮਿੰਦਰ ਸਿੰਘ, ਵੀਰਪਾਲ ਕੌਰ ਵਾਸੀ ਜਲੰਧਰ, ਗੁਰਵਿੰਦਰ ਸਿੰਘ ਉਰਫ ਗੋਰਾ ਉਰਫ ਨਿੱਕੂ ਦਾਸ ਵਜੋਂ ਹੋਈ ਹੈ। ਮ੍ਰਿਤਕ ਔਰਤ ਦੀ ਪਛਾਣ ਬਲਜੀਤ ਕੌਰ ਉਰਫ ਰੂਪ ਵਜੋਂ ਹੋਈ ਸੀ। ਗ੍ਰਿਫਤਾਰ ਕੀਤੇ ਤਿੰਨ ਵਿਅਕਤੀਆਂ 'ਚ ਗੁਰਮਿੰਦਰ ਸਿੰਘ ਮ੍ਰਿਤਕ ਔਰਤ ਦਾ ਪਤੀ ਹੈ, ਜਿਹੜਾ ਸੀ ਆਰ ਪੀ ਐਫ ਚੰਡੀਗੜ੍ਹ 'ਚ ਇੰਸਪੈਕਟਰ ਹੈ। ਇਸ ਕੇਸ ਵਿੱਚ ਪੁਲਸ ਨੂੰ ਦੋ ਹੋਰਨਾਂ ਦੀ ਵੀ ਭਾਲ ਹੈ,




ਜਿਨ੍ਹਾਂ ਦੀ ਸ਼ਨਾਖਤ ਪੂਰੀ ਹੋ ਚੁੱਕੀ ਹੈ। ਪੁਲਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਸੀ ਆਈ ਏ ਸਟਾਫ ਨੂੰ ਸੌਂਪੀ ਗਈ ਸੀ। ਇਸ ਦੌਰਾਨ ਪਤਾ ਲੱਗਾ ਕਿ ਗੁਰਮਿੰਦਰ ਸਿੰਘ ਤੇ ਉਸ ਦੀ ਪਤਨੀ ਬਲਜੀਤ ਕੌਰ ਦੇ ਸਬੰਧ ਠੀਕ ਨਹੀਂ ਸਨ। ਦੋਵੇਂ ਪਤੀ-ਪਤਨੀ ਦਾ ਬੋਲਚਾਲ ਵੀ ਨਹੀਂ ਸੀ। ਝਗੜੇ ਦਾ ਕਾਰਨ ਗੁਰਮਿੰਦਰ ਸਿੰਘ ਅਤੇ ਵੀਰਪਾਲ ਕੌਰ ਦੇ ਪ੍ਰੇਮ ਸਬੰਧ ਸੀ, ਜਿਨ੍ਹਾਂ ਕਾਰਨ ਬਲਜੀਤ ਕੌਰ ਨੂੰ ਰਸਤੇ 'ਚੋਂ ਹਟਾਉਣ ਲਈ ਗੁਰਮਿੰਦਰ ਸਿੰਘ ਉਰਫ ਨਿੱਕੂ ਦਾਸ ਨੂੰ ਨਾਲ ਮਿਲਾ ਕੇ ਕਤਲ ਕਰਵਾਇਆ ਗਿਆ ਸੀ। ਵੀਰਪਾਲ ਕੌਰ ਨੇ ਹੀ ਗੁਰਮਿੰਦਰ ਸਿੰਘ ਨੂੰ ਨਿੱਕੂ ਦਾਸ ਨਾਲ ਮਿਲਾਇਆ ਸੀ। ਬਲਜੀਤ ਕੌਰ ਦਾ ਕਤਲ ਕਰਾਉਣ ਲਈ ਦੋ ਜਣਿਆਂ ਨੂੰ ਸੁਪਾਰੀ ਦਿੱਤੀ ਗਈ। ਇਨ੍ਹਾਂ ਦੋਵਾਂ ਨੂੰ ਵੀਰਪਾਲ ਕੌਰ ਨੇ 12 ਨਵੰਬਰ ਨੂੰ ਅੰਮ੍ਰਿਤਸਰ ਬਲਜੀਤ ਕੌਰ ਦਾ ਘਰ ਵੀ ਦਿਖਾਇਆ ਸੀ। ਦੋਵੇਂ ਜਣੇ ਉਸ ਰਾਤ ਅੰਮ੍ਰਿਤਸਰ ਵਿੱਚ ਠਹਿਰੇ ਤੇ 13 ਨਵੰਬਰ ਨੂੰ ਗਲਾ ਘੁੱਟ ਕੇ ਕਤਲ ਕਰਨ ਮਗਰੋਂ ਫਰਾਰ ਹੋ ਗਏ। ਉਸੇ ਦਿਨ ਜਲੰਧਰ 'ਚ ਵੀਰਪਾਲ ਕੌਰ ਨੇ ਇਨ੍ਹਾਂ ਨੂੰ ਦੋ ਲੱਖ ਰੁਪਏ ਸੁਪਾਰੀ ਦੀ ਰਕਮ ਦਿੱਤੀ। ਬਾਕੀ ਤਿੰਨ ਲੱਖ ਬਾਅਦ 'ਚ ਦੇਣ ਲਈ ਕਿਹਾ। ਕਤਲ ਕਰਨ ਲਈ ਪੰਜ ਲੱਖ ਰੁਪਏ ਦੀ ਸੁਪਾਰੀ ਦਿੱਤੀ ਗਈ ਸੀ। ਕਤਲ ਕਰਨ ਵਾਲਿਆਂ ਦੀ ਪਛਾਣ ਸੁਖਦੀਪ ਸਿੰਘ ਉਰਫ ਜੇਪੀ ਵਾਸੀ ਡੱਬਵਾਲੀ ਤੇ ਦੇਸਾ ਵਾਸੀ ਬਠਿੰਡਾ ਵਜੋਂ ਹੋਈ ਹੈ। ਪੁਲਸ ਨੇ ਕਤਲ ਦਾ ਕੇਸ ਦਰਜ ਕਰ ਲਿਆ ਸੀ।

# ਪ੍ਰਵਾਸੀ ਭਾਰਤੀ ਆਪਣੀਆਂ ਇਮਾਰਤਾਂ ਕਿਰਾਏਦਾਰਾਂ ਤੋਂ ਛੁਡਵਾ ਸਕਣਗੇ

ਚੰਡੀਗੜ੍ਹ, 17 ਨਵੰਬਰ (ਪੋਸਟ ਬਿਊਰੋ)- ਵਿਦੇਸ਼ ਵਸਦੇ ਗੈਰ ਰਿਹਾਇਸ਼ੀ ਭਾਰਤੀਆਂ (ਐਨ ਆਰ ਆਈਜ਼) ਨੂੰ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ 'ਦ ਈਸਟ ਪੰਜਾਬ ਅਰਬਨ ਰੈਂਟ ਰਿਸਟ੍ਰਿਕਸ਼ਨ ਐਕਟ' ਦੀਆਂ ਉਨ੍ਹਾਂ ਤਜਵੀਜ਼ਾਂ ਵਿਰੁੱਧ ਕਿਰਾਏਦਾਰਾਂ ਦੀਆਂ ਅਪੀਲਾਂ ਰੱਦ ਕਰ ਦਿੱਤੀਆਂ ਹਨ, ਜਿਨ੍ਹਾਂ ਨਾਲ ਕਿਸੇ ਪ੍ਰਵਾਸੀ ਭਾਰਤੀ ਨੂੰ ਆਪਣੀ ਇਮਾਰਤ ਖਾਲੀ ਕਰਵਾਉਣ ਦਾ ਹੱਕ ਮਿਲਦਾ ਹੈ। ਇਹ ਫੈਸਲਾ ਕਿਰਾਏਦਾਰਾਂ ਦੇ ਖਿਲਾਫ ਗਿਆ ਹੈ।

ਚੀਫ ਜਸਟਿਸ ਰੰਜਨ ਗੋਗੋਈ ਅਤੇ ਦੋ ਹੋਰ ਜੱਜਾਂ ਦੀ ਬੈਂਚ ਨੇ ਅਪੀਲਾਂ ਰੱਦ ਕਰਦਿਆਂ ਕਿਹਾ ਕਿ ਉਸ ਕਾਨੂੰਨ ਦੇ ਸੈਕਸ਼ਨ 13-ਬੀ ਵਿੱਚ ਜਿੱਥੇ ਪ੍ਰਵਾਸੀ ਭਾਰਤੀਆਂ ਨੂੰ ਕਿਰਾਏਦਾਰਾਂ ਤੋਂ ਇਮਾਰਤਾਂ ਖਾਲ ਕਰਾਉਣ ਦੀ ਛੋਟ ਦਿੱਤੀ ਗਈ ਹੈ, ਉਥੇ ਉਨ੍ਹਾਂ ਉੱਤੇ ਵੀ ਕਈ ਰੋਕ ਲਾਈਆਂ ਗਈਆਂ ਹਨ, ਇਸ ਲਈ ਇਨ੍ਹਾਂ ਤਜਵੀਜ਼ਾਂ ਨੂੰ ਰੱਦ ਕਰਨ ਦੀ ਲੋੜ ਨਹੀਂ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨਾਲ 'ਰੈਂਟ ਐਕਟ' ਦੀ ਉਸ ਤਜਵੀਜ਼ ਮੁਤਾਬਕ ਕੋਈ ਵੀ ਪ੍ਰਵਾਸੀ ਭਾਰਤੀ (ਐਨ ਆਰ ਆਈ) ਪੰਜਾਬ ਅਤੇ ਚੰਡੀਗੜ੍ਹ ਵਿੱਚ ਆਪਣੀਆਂ ਇਮਾਰਤਾਂ ਨੂੰ ਓਥੇ ਬੈਠੇ ਕਿਰਾਏਦਾਰ ਤੋਂ ਖਾਲੀ ਕਰਵਾ ਸਕੇਗਾ। ਕਾਨੂੰਨ ਦੀ ਇਸ ਤਜਵੀਜ਼ ਮੁਤਾਬਕ ਕਿਸੇ ਪ੍ਰਵਾਸੀ ਭਾਰਤੀ ਨੂੰ ਆਪਣੇ ਲਈ ਜਾਂ ਆਪਣੇ ਕਿਸੇ ਆਸ਼ਰਿਤ ਲਈ ਜੇ ਲੋੜ ਹੈ ਤਾਂ ਉਹ ਇਸ ਇਮਾਰਤ ਖਾਲੀ ਨੂੰ ਕਰਵਾ ਸਕਦਾ ਹੈ। ਕਾਨੂੰਨ ਵਿੱਚ ਤਜਵੀਜ਼ ਇਹ ਵੀ ਹੈ ਕਿ ਭਾਵੇਂ ਪ੍ਰਵਾਸੀ ਭਾਰਤੀ ਉਸ ਇਮਾਰਤ ਦਾ ਮਾਲਕ ਪੰਜ ਸਾਲ ਪਹਿਲਾਂ ਹੀ ਬਣਿਆ ਹੋਵੇ, ਉਹ ਇਮਾਰਤ ਖਾਲੀ ਕਰਾਉਣ ਦਾ ਹੱਕਦਾਰ ਹੈ ਅਤੇ ਇਸ ਲਈ ਉਸ ਨੂੰ ਕੰਟਰੋਲਰ ਕੋਲ ਸਿਰਫ ਅਰਜ਼ੀ ਦੇਣੀ ਹੋਵੇਗੀ। ਇਮਾਰਤ ਖਾਲੀ ਕਰਾਉਣ ਦੇ ਬਦਲੇ ਪ੍ਰਵਾਸੀ ਭਾਰਤੀ ਲਈ ਉਸ ਐਕਟ ਵਿੱਚ ਇਹ ਸ਼ਰਤ ਵੀ ਹੈ ਕਿ ਭਾਵੇਂ ਉਸ ਕੋਲ ਜਿੰਨੀਆਂ ਮਰਜ਼ੀ ਇਮਾਰਤਾਂ ਹੋਣ, ਉਹ ਕਿਰਾਏਦਾਰ ਤੋਂ ਆਪਣੀ ਇਮਾਰਤ ਖਾਲੀ ਕਰਵਾ ਸਕਦਾ ਹੈ, ਪਰ ਖਾਲੀ ਕਰਵਾਈ ਇਹ ਇਮਾਰਤ ਅੱਗੇ ਪੰਜ ਸਾਲ ਕਿਸੇ ਨੂੰ ਵੇਚ ਨਹੀਂ ਸਕਦਾ ਅਤੇ ਨਾ ਕਿਰਾਏ 'ਤੇ ਦੇ ਸਕਦਾ ਹੈ। ਇਹ ਵੀ ਵੱਡੀ ਸ਼ਰਤ ਹੈ ਕਿ ਉਸ ਨੂੰ ਇਮਾਰਤ ਖਾਲੀ ਕਰਵਾਉਣ ਦਾ ਮੌਕਾ ਜ਼ਿੰਦਗੀ 'ਚ ਸਿਰਫ ਇੱਕ ਵਾਰ ਹੀ ਮਿਲੇਗਾ।

# ਕਿਰਪਾਨ ਮਾਰ ਕੇ ਕੀਤੀ ਪਤਨੀ ਦੀ ਹੱਤਿਆ

ਅਹਿਮਦਗੜ੍ਹ, 17 ਨਵੰਬਰ (ਪੋਸਟ ਬਿਊਰੋ)- ਥਾਣਾ ਸਿਟੀ ਹੇਠ ਏਥੋਂ ਦੇ ਦਹਿਲੀਜ ਰੋਡ ਦੇ ਵਸਨੀਕ ਰਵੀ ਲਾਲ ਪੁੱਤਰ ਬਾਲ ਕ੍ਰਿਸ਼ਨ ਨੇ ਆਪਣੀ ਪਤਨੀ ਬਿਮਲਾ ਰਾਣੀ ਉਰਫ ਬੰਦਨਾ ਨੂੰ ਕਿਰਪਾਨ ਨਾਲ ਕਤਲ ਕਰ ਦਿੱਤਾ ਹੈ। ਮ੍ਰਿਤਕਾ ਦੀ ਭੈਣ ਪ੍ਰਮੋਦ ਰਾਣੀ ਪਤਨੀ ਕ੍ਰਿਸ਼ਨ ਲਾਲ ਨੇ ਥਾਣਾ ਸਿਟੀ ਨੂੰ ਬਿਆਨ ਦਿੱਤੇ ਹਨ ਕਿ 15 ਸਾਲ ਪਹਿਲਾਂ ਮੈਂ ਅਤੇ ਮੇਰੀ ਮ੍ਰਿਤਕ ਭੈਣ ਇੱਕੋ ਘਰ ਵਿਆਹੀਆਂ ਸਾਂ। ਮੇਰੀ ਭੈਣ ਦੀ ਇੱਕ ਲੜਕੀ (14) ਹੈ। ਮੇਰੀ ਭੈਣ ਜਗਰਾਤੇ 'ਚ ਭੇਟਾਂ ਗਾਉਂਦੀ ਸੀ, ਜਿਸ ਨਾਲ ਘਰ ਦਾ ਗੁਜ਼ਾਰਾ ਹੁੰਦਾ ਸੀ ਅਤੇ ਉਸ ਦਾ ਪਤੀ ਰਵੀ ਲਾਲ ਕੁਝ ਨਹੀਂ ਸੀ ਕਰਦਾ, ਅਤੇ ਨਸ਼ੇ ਲਈ ਮੇਰੀ ਭੈਣ ਤੋਂ ਪੈਸੇ ਮੰਗਦਾ ਰਹਿੰਦਾ ਸੀ, ਜਿਸ ਕਾਰਨ ਦੋਵਾਂ ਵਿੱਚ ਝਗੜਾ ਹੁੰਦਾ ਰਹਿੰਦਾ ਸੀ। 14 ਨਵੰਬਰ ਦੀ ਰਾਤ ਵੀ ਇਨ੍ਹਾਂ ਵਿੱਚ ਝਗੜਾ ਹੋਇਆ ਅਤੇ 15 ਨਵੰਬਰ ਦੀ ਸਵੇਰੇ ਜਦੋਂ ਮੈਂ ਕਮਰੇ ਦੇ ਬਾਹਰ ਭਾਂਡੇ ਮਾਂਜ ਰਹੀ ਸੀ ਤਾਂ ਕਮਰੇ ਅੰਦਰੋਂ ਗਾਲੀ ਗਲੋਚ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਜਦੋਂ ਮੈਂ ਅੰਦਰ ਗਈ ਤਾਂ ਰਵੀ ਨਾਲ ਨੇ ਮੇਰੀ ਭੈਣ ਬਿਮਲਾ ਰਾਣੀ ਦੇ ਪੇਟ ਵਿੱਚ ਕਿਰਪਾਨ ਮਾਰੀ। ਉਹ ਦੂਸਰੀ ਵਾਰ ਮਾਰਨ ਲੱਗਾ ਤਾਂ ਮੈ ਭੱਜ ਕੇ ਉਸ ਨੂੰ ਫੜ ਲਿਆ ਅਤੇ ਉਹ ਮੈਨੂੰ ਧੱਕਾ ਮਾਰ ਕੇ ਕਿਰਪਾਨ ਸਣੇ ਫਰਾਰ ਹੋ ਗਿਆ। ਅਸੀਂ ਬਿਮਲਾ ਰਾਣੀ ਨੂੰ ਸਰਕਾਰੀ ਹਸਪਤਾਲ ਅਹਿਮਦਗੜ੍ਹ ਲੈ ਕੇ ਗਏ ਤਾਂ ਉਨ੍ਹਾਂ ਨੂੰ ਫਸਟ ਏਡ ਦੇ ਕੇ ਰਜਿੰਦਰਾ ਹਸਪਤਾਲ ਰੈਫਰ ਕਰ ਦਿੱਤਾ, ਪਰ ਅਸੀਂ ਸਰਕਾਰੀ ਹਸਪਤਾਲ ਮਾਲੇਰਕੋਟਲਾ ਲੈ ਗਏ, ਜਿਨ੍ਹਾਂ ਨੇ ਸੰਗਰੂਰ ਹਸਪਤਾਲ ਭੇਜ ਦਿੱਤਾ। ਉਥੇ ਪਹੁੰਚਣ 'ਤੇ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ।


A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153





## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘੁੰਮਣ

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਬੰਧੀ ਸਮਾਗਮ ਕਰਵਾਇਆ



ਮੋਗਾ, 17 ਨਵੰਬਰ (ਗਿਆਨ ਸਿੰਘ): ਅੱਜ ਵਿਸ਼ਵਕਰਮਾ ਭਵਨ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਦੇ ਸਬੰਧ ਵਿਚ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ,ਕੈਨੇਡੀਅਨ ਹਰਜਿੰਦਰ ਸਿੰਘ ਤੇ ਪਵਨਜੀਤ ਕੌਰ ਵਲੋਂ ਸਾਂਝੇ ਤੌਰ ਤੇ ਮਨਾਇਆ ਗਿਆ। ਇਸ ਮੌਕੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਆਖੰਡ ਪਾਠ ਦੇ ਭੋਗ ਉਪਰੰਤ ਸ੍ਰੀ ਸੁਖਮਨੀ ਸੇਵਾ ਸੁਸਾਇਟੀ ਦੇ ਬੀਬੀਆਂ ਦੇ ਜੱਥੇ ਅਤੇ ਪਰਮਜੀਤ ਸਿੰਘ ਦੇ ਕੀਰਤਨੀ ਜੱਥੇ ਨੇ ਕੀਰਤਨ ਤੇ ਭਾਈ ਹਰਨੇਕ ਸਿੰਘ ਨੇ ਗੁਰਮਿਤ ਵਿਚਾਰਾਂ ਪੇਸ ਕੀਤੀਆਂ ਗਈਆਂ। ਇਸ ਮੌਕੇ ਸੁਖਮਨੀ ਸੇਵਾ ਸੁਸਾਇਟੀ ਦੀ ਲੰਬੇ ਸਮੇਂ ਤੋਂ ਸੇਵਾ ਨਿਭਾ ਰਹੀ ਮਾਤਾ ਲਖਵੀਰ ਕੌਰ ਅਤੇ ਭਵਿੱਖ ਲਈ ਸੇਵਾ ਸੰਭਾਲ ਰਹੀਆਂ ਸੁਰਿੰਦਰ ਕੌਰ ਕਲਸੀ ਤੇ ਗੁਰਮੀਤ ਕੌਰ ਸਮੇਤ ਬੀਬੀਆਂ ਦੇ ਜੱਥੇ ਨੂੰ ਵਿਸ਼ੇਸ਼ ਤੌਰ ਤੇ ਸੁਸਾਇਟੀ ਵਲੋਂ ਸਨਮਾਨਿਤ ਕੀਤਾ ਗਿਆ। ਕੈਨੇਡੀਅਨ ਹਰਜਿੰਦਰ ਸਿੰਘ ਤੇ ਪਵਨਜੀਤ ਕੌਰ ਦਾ ਸਿਰੋਪਾਓ ਬਲਦੇਵ ਸਿੰਘ ਤੇ ਰਾਜਾ ਸਿੰਘ ਭਾਰਤ ਵਾਲਿਆਂ ਨੇ ਪ੍ਰਾਪਤ ਕੀਤਾ।

ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸ ਇੰਦਰਜੀਤ ਸਿੰਘ ਨੇ ਗੁਰਪੁਰਬ ਦੀ ਵਧਾਈ ਦਿੰਦਿਆਂ ਸੰਗਤਾਂ ਨੂੰ ਪ੍ਰੇਰਨਾ ਕੀਤੀ ਕਿ ਸਾਨੂੰ ਗੁਰੂ ਸਾਹਿਬਾਨ ਵਲੋਂ ਦਰਸਾਏ ਮਾਰਗ ਤੇ ਚਲਦਿਆਂ ਮਨੁੱਖਤਾ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ। ਉਹਨਾਂ ਵਿਸ਼ਵਕਮਾ ਭਵਨ ਦੇ ਨਿਰਮਾਣ ਲਈ ਸੰਗਤਾਂ ਵਲੋਂ ਪਾਏ ਜਾ ਰਹੇ ਯੋਗਦਾਨ ਦੀ ਭਰਭੂਰ ਪ੍ਰਸੰਸਾ ਕੀਤੀ। ਇਸ ਮੌਕੇ ਕਰਨੈਲ ਸਿੰਘ ਦੌਧਰੀਆ, ਇੰਜ ਪ੍ਰੀਤਮ ਸਿੰਘ,ਹਾਕਮ ਸਿੰਘ ਖੋਸਾ, ਮੁਖਤਿਆਰ ਸਿੰਘ ਪਤੰਗਾ,ਚੰਮਕੌਰ ਸਿੰਘ ਝੰਡੇਆਣਾ, ਗਿਆਨ ਸਿੰਘ,ਸੋਹਣ ਸਿੰਘ ਸੱਗੂ, ਬਲਵਿੰਦਰ ਸਿੰਘ, ਗੁਰਜੰਟ ਸਿੰਘ, ਚਰਨਜੀਤ ਸਿੰਘ ਝੰਡੇਆਣਾ, ਹਰਜਿੰਦਰ ਸਿੰਘ, ਭਜਨ ਸਿੰਘ ਅਜਾਦ ਹਿੰਦ ਵਾਲੇ ਤੇ ਸੰਗਤਾਂ ਸਾਮਿਲ ਸਨ। ਇਸ ਮੌਕੇ ਲੰਗਰ ਦੀ ਸੇਵਾ ਗੁਰਬਖਸ਼ ਸਿੰਘ ਟੀਟਾ, ਗੁਰਨਾਮ ਸਿੰਘ ਲਵਲੀ, ਜੋਗਿੰਦਰ ਸਿੰਘ, ਨਛੱਤਰ ਸਿੰਘ ਘਾਲੀ,ਚਰਨਜੀਤ ਕੌਰ, ਬਿੰਦਰ ਕੌਰ, ਬਲਜੀਤ ਕੌਰ, ਸੁਰਿੰਦਰ ਕੌਰ, ਗੁਰਮੀਤ ਕੌਰ ਨੇ ਨਿਭਾਈ।


JOBS! JOBS! JOBS! JOBS! JOBS!

General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic

- Full time/Part time workers Needed
- ਵਿੰਡੋ, ਮੈਟਲ, ਬੇਕਰੀ ਕੰਮਪਨੀਆਂ
- ਸਿਨ ਨੰਬਰ ਹੋਣਾ ਜ਼ਰੂਰੀ
- ਦਿਨ, ਦੁਪਿਹਰ ਤੇ ਰਾਤ ਦਾ ਕੰਮ Available

2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

TransExpert NOW HIRING! Skylark LOGISTICS INC.

Full Time Mechanic Also Needed
Highway US Drivers & Owner Operators Wanted

- 2 year experience must.
- Drivers paid 60C per mile.
- Midwest runs.
- Direct deposit payments.
- Friendly dispatch and flexible schedule.
- Brand new automatic trucks.
- New trailers so no hastle at scales.
- On site fuel and scale.

Also Flatbed owner operators are needed.
Regular flatbed freight.

*Yards located in Milton ON and Puslinch both on Highway 401
Contact 6474064420 or 6479220000
if busy send txt message.


# ਬਾਵਾ ਨੇ ਜਾਖੜ ਦੇ ਨਾਲ ਦੇਸ਼ ਦੇ ਮੌਜੂਦਾ ਆਰਥਿਕ ਹਾਲਾਤਾਂ ’ਤੇ ਕੀਤੀ ਚਰਚਾ



ਲੁਧਿਆਣਾ, 17 ਨਵੰਬਰ (ਗਿਆਨ ਸਿੰਘ): ਪੰਜਾਬ ਰਾਜ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਪੰਜਾਬ ਪ੍ਰਧਾਨ ਚੌਧਰੀ ਸੁਨੀਲ ਜਾਖੜ ਦੇ ਨਾਲ ਦੇਸ਼ ਦੇ ਮੌਜੂਦਾ ਆਰਥਿਕ ਹਾਲਾਤਾਂ ਤੇ ਚਰਚਾ ਕੀਤੀ । ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੁਆਰਾ ਨੋਟਬੰਦੀ ਕਰਨ ਦੇ ਲਈ ਫੈਸਲੇ ਤੋਂ ਬਾਅ ਹੀ ਦੇਸ਼ ਵਿਚ ਅਸਥਿਰਤਾ ਦਾ ਮਾਹੌਲ ਪੈਦਾ ਹੋ ਗਿਆ ਹੈ । ਅੱਜ ਉਦਯੋਗ ਅਤੇ ਵਪਾਰ ਦੀ ਹਾਲਤ ਬੇਹੱਦ ਨਾਜ਼ੁਕ ਦੌਰ ਵਿਚ ਹੈ । ਦੇਸ਼ ਦੇ ਲੋਕਾਂ ਨੇ ਅੱਜ ਤੋਂ ਪਹਿਲਾਂ ਕਦੇ ਵੀ ਇੰਨੀ ਜਿਆਦਾ ਮੰਦੀ ਦੇ ਹਾਲਾਤਾਂ ਦਾ ਸਾਹਮਣਾ ਨਹੀਂ ਕੀਤਾ ਸੀ । ਅੱਜ ਤਾਂ ਪੈਸੇ ਦਾ ਫਲੋ ਵੀ ਘੱਟ ਕੇ ਰਹਿ ਗਿਆ ਹੈ । ਬਾਜਾਰ ਵਿਚੋਂ ਇਕ ਹੀ ਅਵਾਜ ਸੁਣਨ ਨੂੰ ਮਿਲਦੀ ਹੈ ਕਿ ਕੰਮ ਹੀ ਨਹੀਂ ਹੈ ਤਾਂ ਪੈਸਾ ਕਿੱਥੋਂ ਆਵੇਗਾ । ਕੰਮ ਨਾ ਹੋਣ ਦੀ ਵਜ੍ਹਾ ਨਾਲ ਬੇਰੁਜਗਾਰੀ ਵਿਚ ਕਈ ਗੁਣਾ ਵਾਧਾ ਹੋ ਚੁੱਕਾ ਹੈ । ਦੇਸ਼ ਦੀ ਜਨਤਾ ਨੂੰ ਇਹਨਾਂ ਹਾਲਾਤਾਂ ਵਿਚ ਕੇਂਦਰ ਸਰਕਾਰ ਦੀ ਨੀਤੀਆਂ ਦੇ ਬਾਰੇ ਵਿਚ ਪਹਿਲਾਂ ਤੋਂ ਹੀ ਵੱਧ ਜਾਗਰੂਕ ਅਤੇ ਸੁਚੇਤ ਰਹਿਣਾ ਪਵੇਗਾ । ਬਾਵਾ ਨੇ ਕਿਹਾ ਕਿ ਦੇਸ਼ ਦੇ ਵਿਕਾਸ ਦੀ ਰੀੜ ਦੀ ਹੱਡੀ ਤਾਂ ਉਦਯੋਗ ਅਤੇ ਵਪਾਰ ਹੀ ਹੈ, ਪਰੰਤੂ ਕੇਂਦਰ ਸਰਕਾਰ ਨੂੰ ਆਮ ਜਨਤਾ ਦੇ ਕਾਰੋਬਾਰ ਨਾਲ ਕੋਈ ਵੀ ਲੈਣਾ ਦੇਣਾ ਨਹੀਂ ਹਿਰਾ । ਮੋਦੀ ਸਰਕਾਰ ਨੂੰ ਤਾਂ ਚਿੰਤਾ ਕੇਵਲ ਇਸ ਗੱਲ ਦੀ ਹੈ ਕਿ ਅੰਬਾਨੀ ਅਤੇ ਅਡਾਨੀ ਨੂੰ ਕਿਸੇ ਵੀ ਪੱਧਰ ਤੇ ਕੋਈ ਨੁਕਸਾਨ ਨਾ ਹੋਵੇ । ਉਹਨਾਂ ਨੇ ਕਿਹਾ ਕਿ ਇਹ ਵੀ ਇਤਿਹਾਸ ਹੈ ਕਿ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਪੰਜਾਬ ਵਿਚ ਭਾਖੜਾ ਡੈਮ ਅਤੇ ਲੁਧਿਆਣਾ ਵਿਚ ਖੇਤੀ ਦੇ ਵਿਕਾਸ ਦੇ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ । ਜਦਕਿ ਮੋਦੀ ਸਰਕਾਰ ਨੇ ਆਪਣੀਆਂ ਭਾਵਨਾਵਾਂ ਨੂੰ ਖੁਦ ਕਰਨ ਲਈ 3 ਹਜਾਰ ਕਰੋੜ ਰੁਪਏ ਦੀ ਮੂਰਤੀ ਸਥਾਪਿਤ ਕਰਵਾ ਦਿੱਤੀ । ਲੋੜ ਹੈ ਤਾਂ ਇਸ ਗੱਲ ਦੀ ਕਿ ਸ. ਪਟੇਲ ਦੀ ਸੋਚ ਤੇ ਪਹਿਰਾ ਦੇਣ ਦੀ ਅਤੇ ਉਹਨਾਂ ਦੇ ਆਦਰਸ਼ਾਂ ਨੂੰ ਅੱਜ ਦੀ ਨੌਜ਼ਵਾਨ ਪੀੜੀ ਜੀਵਨ ਵਿਚ ਅਪਨਾਏ । ਬਾਵਾ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਆਪਣੇ ਸਮੇਂ ਵਿਚ ਇਸ ਤਰ੍ਹਾਂ ਦੇ ਫੈਸਲੇ ਲਏ ਕਿ ਦੇਸ਼ ਦੀ ਆਰਥਿਕਤਾ ਨੂੰ ਬੱਲ ਮਿਲਿਆ । ਜਦਕਿ ਮੌਜੂਦਾ ਕੇਂਦਰੀਯ ਭਾਜਪਾ ਸਰਕਾਰ ਦੇ ਸਾਸ਼ਨਕਾਲ ਵਿਚ ਜੀ.ਡੀ.ਪੀ. ਬੁਰੀ ਤਰ੍ਹਾਂ ਲੜਖੜਾ ਚੁਕੀ ਹੈ ਜਿਸ ਨਾਲ ਦੇਸ਼ ਭਰ ਵਿਚ ਵਿਤੀਯ ਸੰਕਟ ਦੇ ਬੱਦਲ ਛਾਉਣ ਲੱਗੇ ਹਨ ਅਤੇ ਦੇਸ਼ ਦੇ ਭਵਿੱਖ ਦੇ ਲਈ ਖਤਰੇ ਦੀ ਘੰਟੀ ਹਨ ।

# ਸਮਝੌਤਾ ਕਰਵਾਉਣ ਗਏ ਵਿਅਕਤੀ ਦਾ ਕਤਲ

ਸਮਰਾਲਾ, 17 ਨਵੰਬਰ (ਪੋਸਟ ਬਿਊਰੋ)- ਪਿੰਡ ਮੁਸ਼ਕਾਬਾਦ ਵਿੱਚ ਮਾਮੂਲੀ ਝਗੜੇ ਤੋਂ ਗੁੱਸੇ ਵਿੱਚ ਆਏ ਚਾਰ ਨੌਜਵਾਨਾਂ ਨੇ ਦੂਸਰੇ ਨੌਜਵਾਨ ਦੀ ਮਦਦ ਕਰਨ ਅਤੇ ਸਮਝੌਤੇ ਲਈ ਆਏ ਆਦਮੀ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਪੁਲਸ ਨੇ ਕੇਸ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤਾ ਹੈ।

ਮਿਲ ਸਕੀ ਜਾਣਕਾਰੀ ਅਨੁਸਾਰ ਪਿੰਡ ਮੁਸ਼ਕਾਬਾਦ ਦੇ ਗੁਰਿੰਦਰ ਸਿੰਘ ਗਿੰਦੀ ਦਾ ਪੁਰਾਣੀ ਰੰਜਿਸ਼ ਕਾਰਨ ਪਿੰਡ ਦੇ ਕੁਝ ਨੌਜਵਾਨਾਂ ਨਾਲ ਝਗੜਾ ਚੱਲਦਾ ਸੀ। ਕੱਲ੍ਹ ਸ਼ਾਮ ਗੁਰਿੰਦਰ ਸਿੰਘ ਗਿੰਦੀ ਨੂੰ ਦੂਜੀ ਧਿਰ ਵਾਲਿਆਂ ਨੇ ਆਪਣੀ ਮੋਟਰ ਉਤੇ ਸੱਦਿਆ। ਗਿੰਦੀ ਆਪਣੇ ਨਾਲ ਸੁਖਵਿੰਦਰ ਸਿੰਘ (42) ਪੁੱਤਰ ਅਮਰੀਕ ਸਿੰਘ ਨੂੰ ਵੀ ਲੈ ਗਿਆ। ਮੋਟਰ 'ਤੇ ਪੁੱਜ ਕੇ ਦੋਵਾਂ ਧਿਰਾਂ ਵਿੱਚ ਬਹਿਸ ਹੋ ਗਈ ਅਤੇ ਦੂਜੀ ਧਿਰ ਦੇ ਚਾਰ ਨੌਜਵਾਨਾਂ ਬਬਨਦੀਪ ਸਿੰਘ ਉਰਫ ਬੱਬੂ, ਮਨਵੀਰ ਸਿੰਘ, ਮਨਜਿੰਦਰ ਸਿੰਘ ਪਹਿਲਵਾਨ ਤੇ ਪਰਦੀਪ ਸਿੰਘ ਨੇ ਕਿਰਚ ਅਤੇ ਹੋਰ ਹਥਿਆਰ ਕੱਢ ਲਏ। ਗਿੰਦੀ ਜਾਨ ਬਚਾਉਣ ਲਈ ਉਥੋਂ ਭੱਜ ਗਿਆ, ਪਰ ਸੁਖਵਿੰਦਰ ਸਿੰਘ ਉਨ੍ਹਾਂ ਦੇ ਕਾਬੂ ਆ ਗਿਆ। ਦੋਸ਼ੀਆਂ ਨੇ ਸੁਖਵਿੰਦਰ ਸਿੰਘ 'ਤੇ ਕਿਰਚ ਨਾਲ ਕਈ ਵਾਰ ਕੀਤੇ। ਉਸ ਨੇ ਜ਼ਖਮੀ ਹਾਲਤ ਵਿੱਚ ਦੌੜਨ ਦੀ ਕੋਸ਼ਿਸ਼ ਕੀਤੀ, ਪਰ ਦੋਸ਼ੀਆਂ ਨੇ ਪਿੱਛਾ ਕਰ ਕੇ ਉਸ 'ਤੇ ਮੁੜ ਵਾਰ ਕੀਤੇ ਅਤੇ ਕਤਲ ਕਰ ਦਿੱਤਾ। ਉਥੋਂ ਥੋੜ੍ਹੀ ਦੂਰ ਮੌਜੂਦ ਪਿੰਡ ਦੇ ਦੋ ਨੌਜਵਾਨਾਂ ਨੇ ਰੌਲਾ ਪਾਇਆ ਤਾਂ ਦੋਸ਼ੀ ਉਨ੍ਹਾਂ ਪਿੱਛੇ ਪੈ ਗਏ। ਇਨ੍ਹਾਂ ਨੌਜਵਾਨਾਂ ਨੇ ਪਿੰਡ ਜਾ ਕੇ ਸੁਖਵਿੰਦਰ ਸਿੰਘ ਦੇ ਪਰਵਾਰ ਨੂੰ ਤਾਂ ਉਹ ਘਟਨਾ ਸਥਾਨ ਉੱਤੇ ਪੁੱਜੇ, ਪਰ ਉਦੋਂ ਤੱਕ ਸੁਖਵਿੰਦਰ ਸਿੰਘ ਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਦੋਸ਼ੀਆਂ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ।

## ਕਰਤਾਰਪੁਰ ਸਾਹਿਬ ਜਾਣ ਵਾਲੀ ਸੰਗਤ ਲਈ ਜ਼ਰੂਰੀ ਸੂਚਨਾ

ਕਰਤਾਰਪੁਰ ਸਾਹਿਬ ਜਾਣ ਵਾਲੇ ਲੋਕਾਂ 'ਚ ਇੱਕ ਵੱਡਾ ਭੰਬਲਭੂਸਾ ਚੱਲ ਰਿਹਾ ਹੈ। ਕੁਝ ਲੋਕ ਆਧਾਰ ਕਾਰਡ ਲੈਕੇ ਸਰਹੱਦ ਤੇ ਪਹੁੰਚ ਰਹੇ ਹਨ ਤੇ ਕੁਝ ਲੋਕ ਆਪਣੇ ਪਾਸਪੋਰਟ ਲੈਕੇ ਪਹੁੰਚ ਰਹੇ ਹਨ। ਜੇਕਰ ਤੁਸੀਂ ਕਰਤਾਰਪੁਰ ਜਾਣਾ ਹੈ ਤਾਂ ਕੁਝ ਗੱਲਾਂ ਨੋਟ ਕਰਨ ਵਾਲੀਆਂ ਹਨ।

* ਬਿਨਾਂ ਪਾਸਪੋਰਟ ਦੇ ਨਹੀਂ ਜਾਇਆ ਜਾ ਸਕਦਾ
* ਬਿਨਾਂ ਰਜਿਸਟ੍ਰੇਸ਼ਨ ਦੇ ਨਹੀਂ ਜਾਇਆ ਜਾ ਸਕਦਾ, ਇਹ ਰਜਿਸਟ੍ਰੇਸ਼ਨ ...

ਇਹ ਦੋ ਮੁਲਕਾਂ ਵਿਚਾਲੇ ਲਾਂਘਾ ਹੈ। ਬਿਨਾਂ ਪੇਪਰਾਂ ਤੋਂ ਜਾ ਕੇ ਪ੍ਰਸਾਸਨ ਨੂੰ ਬੁਰਾ ਭਲਾ ਕਹਿਣਾ ਗਲਤ ਹੈ। ਉਨ੍ਹਾਂ ਨੇ ਉਹੀ ਕਰਨਾ ਹੈ ਜੋ ਕਾਗਜਾਂ ਵਿਚ ਹੈ।

ਵੱਲੋਂ: ਪੰਜਾਬੀ ਪੋਸਟ


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
- Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE, RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋਂ ਸ਼ਨੀਵਾਰ
- Biweekly payment • ਵਧੀਆ ਤਨਖਾਹ
- Homely Environment
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

GF1 SECURITY SERVICES
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TEMS CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
For Owner Operator upto $1.62/mile
USA Driver $0.60/mile | Canada wide $0.50/mile
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆਂ

## ਵਿਦਿਆ ਦੇ ਜਵਾਈ ਬਣਨਗੇ ਅਮਿਤ ਸਾਧ





ਮਹਾਨ ਮੈਥਮੈਟੀਸ਼ੀਅਨ ਸ਼ਕੁੰਤਲਾ ਦੇਵੀ 'ਤੇ ਬਣ ਰਹੀ ਬਾਇਓਪਿਕ ਦੀ ਲੰਬੇ ਸਮੇਂ ਤੋਂ ਚਰਚਾ ਹੈ। ਇਸ ਦੇ ਫੈਂਸ ਦੀ ਐਕਸਾਈਟਮੈਂਟ ਉਸ ਸਮੇਂ ਹੋਰ ਵਧ ਗਈ, ਜਦ ਫਿਲਮ ਨਾਲ ਸ਼ਕੁੰਤਲਾ ਦੇ ਕਿਰਦਾਰ ਵਿੱਚ ਵਿਦਿਆ ਬਾਲਨ ਦਾ ਲੁਕ ਰਿਲੀਜ਼ ਕੀਤਾ ਗਿਆ। ਫਿਲਮ ਵਿੱਚ ਵਿਦਿਆ ਦੀ ਬੇਟੀ ਦੇ ਰੋਲ ਵਿੱਚ ਅਭਿਨੇਤਰੀ ਸਾਨਿਆ ਮਲਹੋਤਰਾ ਆਏਗੀ ਅਤੇ ਇੱਕ ਹੋਰ ਨਾਂਅ ਇਸ ਫਿਲਮ ਨਾਲ ਜੁੜ ਗਿਆ ਹੈ। ਇਹ ਨਾਂਅ ਐਕਟਰ ਅਮਿਤ ਸਾਧ ਦਾ ਹੈ, ਜੋ 'ਕਾਇ ਪੋ ਛੇ', 'ਗੋਲਡ' ਅਤੇ 'ਸੁਲਤਾਨ' ਵਰਗੀਆਂ ਫਿਲਮਾਂ ਵਿੱਚ ਦਮਖਮ ਦਿਖਾ ਚੁੱਕੇ ਹਨ। ਸ਼ਕੁੰਤਲਾ ਦੇਵੀ ਦੀ ਬਾਇਓਪਿਕ ਵਿੱਚ ਅਮਿਤ, ਵਿਦਿਆ ਬਾਲਨ ਦੇ ਜਵਾਈ ਦੇ ਰੋਲ ਵਿੱਚ ਨਜ਼ਰ ਆਉਣਗੇ। ਸੂਤਰਾਂ ਮੁਤਾਬਕ ਇਸ ਫਿਲਮ ਬਾਰੇ ਅਮਿਤ ਸਾਧ ਨੇ ਕਿਹਾ ਕਿ ਜਦ ਉਸ ਨੇ ਇਸ ਫਿਲਮ ਦੀ ਸਕ੍ਰਿਪਟ ਪੜ੍ਹੀ ਤਦ ਉਸ ਨੂੰ ਲੱਗਾ ਕਿ ਸ਼ਕੁੰਤਲੀ ਦੇਵੀ ਦੇ ਬਾਰੇ ਕਾਫੀ ਕੁਝ ਪਤਾ ਲੱਗਾ। ਉਹ ਇਸ ਫਿਲਮ ਨਾਲ ਜੁੜ ਕੇ ਕਾਫੀ ਖੁਸ਼ ਹਨ ਅਤੇ ਆਸ ਕਰਦੇ ਹਨ ਕਿ ਦਰਸ਼ਕਾਂ ਨੂੰ ਉਨ੍ਹਾਂ ਦਾ ਅਜੈ ਦਾ ਕਿਰਦਾਰ ਪਸੰਦ ਆਏਗਾ। ਸ਼ਕੁੰਤਲਾ ਦੇਵੀ ਇੱਕ ਮਹਾਨ ਮੈਥਮੈਟੀਸ਼ੀਅਨ ਸਨ। ਉਹ ਇੰਨੀ ਤੇਜ਼ ਬੁੱਧੀ ਦੀ ਮਾਲਕ ਸਨ ਕਿ ਉਨ੍ਹਾਂ ਨੂੰ 'ਮਾਨਵ ਕੰਪਿਊਟਰ' ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਇਸ ਫਿਲਮ ਵਿੱਚ ਬੰਗਲਾ ਐਕਟਰ ਜਿਸ਼ੂ ਸੇਨਗੁਪਤਾ ਵਿਦਿਆ ਦੇ ਪਤੀ ਦੇ ਰੋਲ ਵਿੱਚ ਹੋਣਗੇ। ਫਿਲਮ ਨੂੰ ਅਨੂ ਮੇਨਨ ਡਾਇਰੈਕਟ ਕਰ ਰਹੀ ਹੈ। ਇਹ ਫਿਲਮ 2020 ਵਿੱਚ ਰਿਲੀਜ਼ ਹੋਵੇਗੀ।

## 'ਰਾਧੇ' ਵਿੱਚ ਅੰਡਰਕਵਰ ਪੁਲਸ ਬਣਨਗੇ ਸਲਮਾਨ ਖਾਨ



ਬਾਲੀਵੁੱਡ ਦੇ ਦਬੰਗ ਸਟਾਰ ਕਹੇ ਜਾਂਦੇ ਸਲਮਾਨ ਖਾਨ ਆਪਣੀ ਅਗਲੀ ਫਿਲਮ 'ਰਾਧੇ' ਵਿੱਚ ਅੰਡਰਕਵਰ ਪੁਲਸ ਦੀ ਭੂਮਿਕਾ ਨਿਭਾਉਂਦੇ ਨਜ਼ਰ ਆ ਸਕਦੇ ਹਨ। ਪਿਛਲੇ ਦਿਨੀਂ ਜਦ ਸਲਮਾਨ ਨੇ ਡਾਇਰੈਕਟਰ ਪ੍ਰਭੂਦੇਵਾ ਦੇ ਨਾਲ ਆਪਣੀ ਫਿਲਮ 'ਰਾਧੇ : ਯੋਰ ਮੋਸਟ ਵਾਂਟਿਡ ਭਾਈ' ਦਾ ਐਲਾਨ ਕੀਤਾ ਤਾਂ ਲੋਕਾਂ ਨੇ ਇਸ ਨੂੰ 'ਤੇਰੇ ਨਾਮ' ਨਾਲ ਜੋੜ ਕੇ ਦੇਖਿਆ ਸੀ। ਚਰਚਾ ਹੈ ਕਿ ਫਿਲਮ ਵਿੱਚ ਸਲਮਾਨ ਖਾਨ ਇੱਕ ਅੰਡਰਕਵਰ ਪੁਲਸ ਅਫਸਰ ਦੀ ਭੂਮਿਕਾ ਵਿੱਚ ਨਜ਼ਰ ਆਉਣਗੇ। ਇਹ ਅਜਿਹਾ ਪੁਲਸ ਅਫਸਰ ਹੋਵੇਗਾ, ਜੋ 'ਭਾਈ' ਦੇ ਤੌਰ ਉਤੇ ਸਾਰਿਆਂ ਦੇ ਸਾਹਮਣੇ ਰਹਿੰਦਾ ਹੈ, ਜਦ ਕਿ ਅਸਲ ਵਿੱਚ ਉਹ ਅੰਡਰਕਵਰ ਪੁਲਸ ਵਾਲਾ ਹੈ।

ਫਿਲਮ 'ਰਾਧੇ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਦਿੱਲੀ, ਕੋਲਕਾਤਾ ਸਮੇਤ ਕਈ ਰੀਅਲ ਲੋਕੇਸ਼ਨਾਂ 'ਤੇ ਇਸ ਨੂੰ ਸ਼ੂਟ ਕੀਤਾ ਜਾਏਗਾ। ਕਿਹਾ ਜਾ ਰਿਹਾ ਹੈ ਕਿ ਫਿਲਮ ਵਿੱਚ ਸਲਮਾਨ ਭਾਈ ਦੇ ਕਿਰਦਾਰ ਵਿੱਚ ਨਜ਼ਰ ਆਉਣਗੇ, ਜੋ ਅਸਲ ਵਿੱਚ ਅੰਡਰਕਵਰ ਪੁਲਸ ਅਫਸਰ ਹੈ। ਉਹ ਅੰਡਰਵਰਲਡ ਦਾ ਗੈਂਗ ਖਤਮ ਕਰਨ ਲਈ ਭਾਈ ਬਣ ਕੇ ਲੋਕਾਂ ਵਿੱਚ ਰਹਿੰਦਾ ਹੈ। ਸਲਮਾਨ ਚਾਰ ਨਵੰਬਰ ਤੋਂ ਇੱਕ ਮਹੀਨੇ ਤੱਕ ਫਿਲਮ ਦਾ ਪਹਿਲਾ ਸ਼ਡਿਊਲ ਸ਼ੂਟ ਕਰਨਗੇ। ਦੱਸਿਆ ਗਿਆ ਹੈ ਕਿ ਫਿਲਮ ਵਿੱਚ ਰਾਧੇ ਆਪਣੇ ਮਿਸ਼ਨ ਨੂੰ ਸਿਰੇ ਚਾੜ੍ਹਨ ਲਈ ਦਿੱਲੀ, ਕੋਲਕਾਤਾ, ਜੈਪੁਰ ਅਤੇ ਲਖਨਊ ਸਮੇਤ ਕਈ ਸ਼ਹਿਰਾਂ ਵਿੱਚ ਜਾਂਦਾ ਹੈ। ਪ੍ਰਭੂਦੇਵਾ ਨੇ ਵੱਖ-ਵੱਖ ਦੇ ਲਈ ਕਈ ਐਕਸ਼ਨ ਸੀਨ ਸੋਚੇ ਹਨ ਜਿਨ੍ਹਾਂ ਨੂੰ ਸਲਮਾਨ ਸ਼ੂਟ ਕਰਨਗੇ। ਹਾਲਾਂਕਿ ਫਿਲਮ ਦੀ ਹੀਰੋਇਨ ਨੂੰ ਸਾਈਨ ਨਹੀਂ ਕੀਤਾ ਗਿਆ, ਪਰ ਕਿਹਾ ਜਾ ਰਿਹਾ ਹੈ ਕਿ ਦਿਸ਼ਾ ਪਟਾਨੀ ਨੂੰ ਫਿਲਮ ਵਿੱਚ ਕਾਸਟ ਕੀਤਾ ਜਾ ਸਕਦਾ ਹੈ।

## ਸ਼ਾਹਰੁਖ ਦੀ ਅਗਲੀ ਫਿਲਮ ਦਾ ਨਾਂਅ ਹੋਵੇਗਾ 'ਸਨਕੀ'



ਬਾਲੀਵੁੱਡ ਦੇ ਕਿੰਗ ਖਾਨ ਸ਼ਾਹਰੁਖ ਖਾਨ ਫਿਲਮ 'ਸਨਕੀ' ਵਿੱਚ ਕੰਮ ਕਰਦੇ ਨਜ਼ਰ ਆ ਸਕਦੇ ਹਨ। ਸ਼ਾਹਰੁਖ ਆਖਰੀ ਵਾਰ ਆਨੰਦ ਐੱਲ ਰਾਏ ਦੀ ਫਿਲਮ 'ਜੀਰੋ' ਵਿੱਚ ਨਜ਼ਰ ਆਏ ਸਨ। ਹਾਲਾਂਕਿ ਇਹ ਫਿਲਮ ਬਾਕਸ ਆਫਿਸ 'ਤੇ ਆਪਣਾ ਕੋਈ ਕਮਾਲ ਨਹੀਂ ਦਿਖਾ ਸਕੀ ਸੀ।

ਅਜਿਹੀ ਚਰਚਾ ਸੀ ਕਿ ਉਹ ਪੁਲਾੜੀ ਯਾਤਰੀ ਰਾਕੇਸ਼ ਸ਼ਰਮਾ ਦੀ ਬਾਇਓਪਿਕ ਕਰਨਗੇ। ਫਿਰ ਕਿਹਾ ਗਿਆ ਕਿ ਸ਼ਾਹਰੁਖ ਨੇ ਖੁਦ ਨੂੰ ਪ੍ਰੋਜੈਕਟ ਤੋਂ ਅਲੱਗ ਕਰ ਲਿਆ ਹੈ। ਇਸ ਦੇ ਬਾਅਦ ਕਿਹਾ ਜਾ ਰਿਹਾ ਸੀ ਕਿ ਉਹ ਫਰਹਾਨ ਅਖਤਰ ਦੀ 'ਡਾਨ 3' ਕਰਨਗੇ, ਪਰ ਕੁਝ ਕਾਰਨਾਂ ਕਰ ਕੇ ਇਹ ਸੰਭਵ ਨਹੀਂ ਹੋ ਸਕਿਆ। ਚਰਚਾ ਹੋ ਰਹੀ ਹੈ ਸੀ ਕਿ ਸ਼ਾਹਰੁਖ ਹੁਣ ਸਾਊਥ ਦੇ ਡਾਇਰੈਕਟਰ ਏਟਲੀ ਦੇ ਨਾਲ ਕੰਮ ਕਰ ਸਕਦੇ ਹਨ। ਕਿਹਾ ਜਾ ਰਿਹਾ ਹੈ ਕਿ ਫਿਲਮ ਮੇਕਰਸ ਸ਼ਾਹਰੁਖ ਅਤੇ ਏਟਲੀ ਦੀ ਫਿਲਮ ਦਾ ਨਾਂਅ 'ਸਨਕੀ' ਰੱਖਣਾ ਚਾਹੁੰਦੇ ਹਨ।

## ਮੇਰੇ ਕੋਲੋਂ ਬਚ ਕੇ ਕਿੱਥੇ ਜਾਓਗੇ : ਤਾਪਸੀ ਪਨੂੰ



ਜਿੱਥੇ ਕਈ ਹੀਰੋਇਨਾਂ ਸੋਸ਼ਲ ਮੀਡੀਆ 'ਤੇ ਟਰੋਲ ਹੋਣ ਦੇ ਕੇਸ ਬਾਰੇ ਚੁੱਪ ਰਹਿਣਾ ਠੀਕ ਸਮਝਦੀਆਂ ਹਨ, ਉਥੇ ਤਾਪਸੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਟਰੋਲਰਜ਼ ਨੂੰ ਕਿਸ ਤਰ੍ਹਾਂ ਸਬਕ ਸਿਖਾਉਣਾ ਹੈ। ਪਿੱਛੇ ਜਿਹੇ ਫਿਲਮ 'ਸਾਂਢ ਕੀ ਆਂਖ' ਵਿੱਚ ਨਜ਼ਰ ਆਈ ਤਾਪਸੀ ਆਪਣੀ ਹਾਜ਼ਰ ਜਵਾਬੀ ਕਰ ਕੇ ਵੀ ਪ੍ਰਸਿੱਧ ਹੋਈ ਹੈ। ਸਾਹਮਣੇ ਭਾਵੇਂ ਕੋਈ ਕਿਉਂ ਨਾ ਹੋਵੇ, ਉਹ ਆਪਣੀ ਗੱਲ ਪੂਰੀ ਬੇਬਾਕੀ ਨਾਲ ਰੱਖਣਾ ਜਾਣਦੀ ਹੈ। ਪਿਛਲੇ ਦਿਨੀਂ ਟਵਿੱਟਰ ਉੱਤੇ ਇੱਕ ਯੂਜ਼ਰ ਨੇ ਤਾਪਸੀ ਨੂੰ ਬਾਲੀਵੁੱਡ ਦੇ ਇਤਿਹਾਸ 'ਚ ਸਭ ਤੋਂ 'ਪ੍ਰਾਬਲਮੈਟਿਕ' ਹੀਰੋਇਨ ਕਿਹਾ। ਉਸ ਦਾ ਭਾਵ ਸੀ ਕਿ ਤਾਪਸੀ ਨੂੰ ਹਮੇਸ਼ਾ ਕਿਸੇ ਨਾ ਕਿਸੇ ਚੀਜ਼ ਤੋਂ ਸਮੱਸਿਆ ਰਹਿੰਦੀ ਹੈ। ਇਸ ਉਤੇ ਤਾਪਸੀ ਨੇ ਉਸ ਨੂੰ ਲੰਮੇ ਹੱਥੀਂ ਲੈਂਦੇ ਹੋਏ ਲਿਖਿਆ, ''ਮੈਂ ਜਾਣਦੀ ਹਾਂ, ਮੇਰੇ ਮਾਤਾ ਪਿਤਾ ਵੀ ਮੈਨੂੰ ਮੁਸੀਬਤ ਸਮਝਦੇ ਹਨ। ਸਟੀਰੀਓ ਟਾਈਪਸ ਲਈ ਬਹੁਤ ਵੱਡੀ ਮੁਸੀਬਤ ਅਤੇ ਤੁਹਾਨੂੰ ਦੱਸਦੇ ਹੋਏ ਅਫਸੋਸ ਹੋ ਰਿਹਾ ਹੈ ਕਿ ਮੈਂ ਅੱਗੇ ਵੀ ਅਜਿਹੀ ਰਹਾਂਗੀ, ਇਸ ਲਈ ਉਮੀਦ ਕਰਦੀ ਹਾਂ ਕਿ ਤੁਸੀਂ ਆਪਣੀ ਸਹਿਣ ਦੀ ਸਮਰੱਥਾ ਨੂੰ ਵਧਾ ਲਓ।''

ਤਾਪਸੀ ਦੀ ਪਿਛਲੇ ਦਿਨੀਂ ਆਈ ਫਿਲਮ 'ਸਾਂਢ ਕੀ ਆਂਖ' ਨੂੰ ਕਾਫੀ ਪਸੰਦ ਕੀਤਾ ਗਿਆ, ਜਿਸ ਵਿੱਚ ਤਾਪਸੀ ਤੋਂ ਇਲਾਵਾ ਭੂਮੀ ਪੇਡਨੇਕਰ ਵੀ ਸੀ। ਫਿਲਮ ਵਿੱਚ ਤਾਪਸੀ ਅਤੇ ਭੂਮੀ 60 ਸਾਲ ਦੀਆਂ ਸ਼ਾਰਪ-ਸ਼ੂਟਰ ਔਰਤਾਂ ਦੇ ਰੋਲ ਵਿੱਚ ਸਨ। ਇਸ ਦੇ ਲਈ ਉਨ੍ਹਾਂ ਨੇ ਮੇਕਅਪ ਦਾ ਸਹਾਰਾ ਲਿਆ, ਪਰ ਫਿਲਮ ਵਿੱਚ ਉਨ੍ਹਾਂ ਦੇ ਕਿਰਦਾਰਾਂ ਨੂੰ ਲੈ ਕੇ ਕੰਗਨਾ ਰਣੌਤ ਦੀ ਭੈਣ ਰੰਗੋਲੀ ਨੇ ਤਾਪਸੀ ਨੂੰ ਨਿਸ਼ਾਨਾ ਬਣਾਇਆ ਸੀ ਅਤੇ ਕਿਹਾ ਸੀ ਕਿ ਉਸ ਨੂੰ ਐਕਟਿੰਗ ਦੀ 'ਏ' ਵੀ ਨਹੀਂ ਆਉਂਦੀ। ਇਸ 'ਤੇ ਤਾਪਸੀ ਨੇ ਜਵਾਬ ਦਿੰਦੇ ਹੋਏ ਕਿਹਾ ਕਿ ਹਾਂ ਨਹੀਂ ਆਉਂਦੀ, ਫਿਰ ਵੀ ਫਿਲਮਾਂ ਮਿਲ ਰਹੀਆਂ ਹਨ। ਡਾਇਰੈਕਟਰਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਉਹ ਮੇਰੇ ਕੋਲ ਕਿਉਂ ਆ ਰਹੇ ਹਨ। ਮੈਨੂੰ ਮੁਆਫ ਕਰਨਾ, ਪਰ ਚਾਰ ਫਿਲਮਾਂ ਮੈਂ ਸਾਈਨਾਂ ਕੀਤੀਆਂ ਹਨ, ਤੁਹਾਨੂੰ ਇਹ ਸਭ ਬਰਦਾਸ਼ਤ ਕਰਨਾ ਹੋਵੇਗਾ।

## 'ਗੰਗੂਬਾਈ' ਵਿੱਚ ਆਲੀਆ ਦੇ ਆਪੋਜ਼ਿਟ ਆਉਣਗੇ ਰਿਤਿਕ



ਬਾਲੀਵੁੱਡ ਦੇ ਮਾਚੋ ਮੈਨ ਰਿਤਿਕ ਰੋਸ਼ਨ ਫਿਲਮ 'ਗੰਗੂਬਾਈ ਕਾਠਿਆਵਾੜੀ' ਵਿੱਚ ਆਲੀਆ ਭੱਟ ਦੇ ਆਪੋਜ਼ਿਟ ਨਜ਼ਰ ਆ ਸਕਦੇ ਹਨ। ਸੰਜੇ ਲੀਲਾ ਭੰਸਾਲੀ ਦੀ ਫਿਲਮ 'ਗੰਗੂਬਾਈ ਕਾਠਿਆਵਾੜੀ' ਦੀ ਅਨਾਉਂਸਮੈਂਟ ਵਕਤ ਤੋਂ ਖੂਬ ਸੁਰਖੀਆਂ ਬਟੋਰ ਰਹੀ ਹੈ। ਫਿਲਮ ਵਿੱਚ ਆਲੀਆ ਭੱਟ ਲੀਡ ਰੋਲ ਵਿੱਚ ਹੈ ਤੇ ਚਰਚਾ ਹੈ ਕਿ ਇਸ ਫਿਲਮ ਲਈ ਰਿਤਿਕ ਨੂੰ ਵੀ ਅਪਰੋਚ ਕੀਤਾ ਗਿਆ ਹੈ। ਰਿਤਿਕ ਨੂੰ ਇਸ ਫਿਲਮ ਵਿੱਚ ਹਾਜੀ ਮਸਤਾਨ ਦੇ ਰੋਲ ਲਈ ਅਪਰੋਚ ਕੀਤਾ ਗਿਆ ਹੈ। ਅਜੇ ਇਸ ਬਾਰੇ ਕੋਈ ਅਧਿਕਾਰਕ ਪੁਸ਼ਟੀ ਨਹੀਂ ਕੀਤੀ ਗਈ ਅਤੇ ਨਾ ਇਹ ਕਨਫਰਮ ਹੈ ਕਿ ਰਿਤਿਕ ਨੇ ਇਸ ਫਿਲਮ ਦੇ ਲਈ ਹਾਂ ਕਹੀ ਹੈ ਜਾਂ ਨਹੀਂ, ਪਰ ਜੇ ਉਹ ਇਸ ਫਿਲਮ ਨੂੰ ਕਰਨ ਲਈ ਤਿਆਰ ਹੋ ਜਾਣ ਤਾਂ ਇਹ ਫੈਨਸ ਦੇ ਲਈ ਕਾਫੀ ਦਿਲਚਸਪ ਹੋਵੇਗਾ। ਰਿਤਿਕ-ਆਲੀਆ ਦੀ ਫ੍ਰੈਸ਼ ਜੋੜੀ ਨੂੰ ਸਕਰੀਨ 'ਤੇ ਦੇਖਣਾ ਫੈਂਸ ਲਈ ਕਿਸੇ ਵਿਜੁਅਲ ਟ੍ਰੀਟ ਤੋਂ ਘੱਟ ਨਹੀਂ ਹੋਵੇਗਾ। ਕਿਹਾ ਜਾ ਰਿਹਾ ਹੈ ਕਿ 'ਗੰਗੂਬਾਈ' ਦੀ ਸ਼ੂਟਿੰਗ ਇਸ ਸਾਲ ਦਸੰਬਰ ਤੋਂ ਸ਼ੁਰੂ ਹੋਵੇਗੀ।

## ਰੋਮਾਂਚਕ ਭੂਮਿਕਾ ਤੋਂ ਉਤਸ਼ਾਹਤ ਕ੍ਰਿਤੀ



ਕ੍ਰਿਤੀ ਕੁਲਹਾਰੀ ਦਾ ਕਹਿਣਾ ਹੈ ਕਿ ਫਿਲਮ 'ਦਿ ਗਰਲ ਔਨ ਦੀ ਟਰੇਨ' ਵਿੱਚ ਅੰਗਰੇਜ਼ ਪੁਲਸਵਾਲੀ (ਆਲੀਆ ਕੌਰ) ਦੇ ਆਪਣੇ ਰੋਲ ਨੂੰ ਲੈ ਕੇ ਉਹ ਕਾਫੀ ਉਤਸ਼ਾਹਤ ਹੈ। ਉਸ ਨੇ ਕਿਹਾ, ''ਇਹ ਮੇਰੇ ਵੱਲੋਂ ਨਿਭਾਈਆਂ ਗਈਆਂ ਸਭ ਤੋਂ ਰੋਮਾਂਚਕ ਭੂਮਿਕਾਵਾਂ 'ਚੋਂ ਇੱਕ ਹੈ। ਮੈਂ ਬਹੁਤ ਖੁਸ਼ ਹਾਂ ਕਿ ਮੈਨੂੰ ਦਿਲਚਸਪ ਤੇ ਉਤਸ਼ਾਹਤ ਕਰਨ ਵਾਲੀਆਂ ਭੂਮਿਕਾਵਾਂ ਮਿਲ ਰਹੀਆਂ ਹਨ। ਇਹ ਉਹੀ ਸਭ ਹੈ ਜੋ ਮੈਂ ਹਮੇਸ਼ਾ ਤੋਂ ਕਰਨਾ ਚਾਹੁੰਦੀ ਸੀ।''

ਉਸ ਨੇ ਕਿਹਾ ਕਿ ਫਿਲਮ ਦੇ ਨਿਰਦੇਸ਼ਕ ਰਿਭੂ ਦਾਸ ਗੁਪਤਾ ਅਤੇ ਉਸ ਵਿਚਕਾਰ ਕਾਫੀ ਸਮਝ ਹੈ ਕਿ ਕਿਉਂਕਿ ਉਹਦੇ ਨਾਲ ਪਿੱਛੇ ਜਿਹੇ ਉਸ ਨੇ ਵੈੱਬ ਸੀਰੀਜ਼ 'ਬਾਰਡ ਆਫ ਬਲੱਡ' ਵਿੱਚ ਕੰਮ ਕੀਤਾ ਸੀ। ਕ੍ਰਿਤੀ ਅਨੁਸਾਰ, ''ਫਿਲਮ ਲਈ ਰਿਭੂ ਨੇ ਹੀ ਮੈਨੂੰ ਫੋਨ 'ਤੇ ਕਿਹਾ ਕਿ ਉਸ ਕੋਲ ਮੇਰੇ ਲਈ ਦਿਲਚਸਪ ਭੂਮਿਕਾ ਹੈ।'' ਰਿਭੂ ਅਨੁਸਾਰ ਕ੍ਰਿਤੀ ਦੀ ਇਹ ਭੂਮਿਕਾ ਦਰਸ਼ਕਾਂ ਨੂੰ ਜ਼ਰੂਰ ਹੈਰਾਨ ਕਰੇਗੀ ਕਿਉਂਕਿ ਇਸ ਤੋਂ ਪਹਿਲਾਂ ਉਹ ਕਦੀ ਇਸ ਰੂਪ ਵਿੱਚ ਨਹੀਂ ਦਿੱਸੀ। ਇਸ 'ਚ ਸਭ ਨੂੰ ਉਸ ਦਾ ਨਵਾਂ ਰੂਪ ਦੇਖਣ ਨੂੰ ਮਿਲੇਗਾ। ਜ਼ਿਕਰ ਯੋਗ ਹੈ ਕਿ ਇਹ ਸਾਲ ਉਸ ਲਈ ਚੰਗਾ ਗਿਆ ਹੈ। ਪਹਿਲੀ ਫਿਲਮ 'ਉੜੀ' ਦੀ ਸਫਲਤਾ ਪਿੱਛੋਂ ਉਸ ਦੀ ਸਾਲ ਦੀ ਦੂਜੀ ਫਿਲਮ 'ਮਿਸ਼ਨ ਮੰਗਲ' ਵੀ ਵੱਡੀ ਹਿੱਟ ਰਹੀ ਹੈ।

# ਕਰਨਾਟਕ ਦੇ ਅਯੋਗ ਕਰਾਰ ਦਿੱਤੇ ਸਾਰੇ 16 ਵਿਧਾਇਕ ਭਾਜਪਾ ਵਿੱਚ, 13 ਨੂੰ ਟਿਕਟ ਮਿਲੀ

ਬੰਗਲੁਰ, 17 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਤੋਂ ਚੁਣ ਲੜਨ ਦੀ ਆਗਿਆ ਮਿਲਣ ਦੇ ਇੱਕ ਦਿਨ ਪਿੱਛੋਂ ਹੀ ਕਰਨਾਟਕ ਦੀ ਕਾਂਗਰਸ ਅਤੇ ਜਨਤਾ ਦਲ ਐੱਸ ਵਿੱਚੋਂ ਨਿਕਲੇ ਤੇ ਅਯੋਗ ਕਰਾਰ ਦਿੱਤੇ ਗਏ16 ਵਿਧਾਇਕਾਂ ਨੇ ਭਾਜਪਾ ਦਾ ਪੱਲਾ ਫੜ ਲਿਆ। ਇਸ ਦੇ ਕੁਝ ਦੇਰ ਬਾਅਦ ਪਾਰਟੀ ਨੇ ਸੂਬੇ ਦੀਆਂ 15 ਵਿਧਾਨ ਸਭਾ ਸੀਟਾਂ 'ਤੇ ਪੰਜ ਦਸੰਬਰ ਨੂੰ ਹੋਣ ਵਾਲੀਆਂ ਉਪ ਚੋਣਾਂ ਲਈ 14 ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ, ਜਿਸ ਵਿੱਚ ਕਾਂਗਰਸ-ਜਨਤਾ ਦਲ ਐਸ ਦੇ 13 ਅਯੋਗ ਠਹਿਰਾਏ ਜਾ ਚੁੱਕੇ ਵਿਧਾਇਕ ਸ਼ਾਮਲ ਹਨ।

ਭਾਜਪਾ ਨੇ ਤਾਜ਼ਾ-ਤਾਜ਼ਾ ਦਲਬਦਲੀ ਕਰ ਕੇ ਆਏ ਕੇ ਸੁਧਾਕਰ, ਬੀ ਸੀ ਪਾਟਿਲ, ਸ਼ਿਵਰਾਮੇ ਹੇਬਰ, ਆਨੰਦ ਸਿੰਘ, ਐੱਸ ਟੀ ਸੋਮਾਸ਼ੇਖਰ, ਐੱਮ ਟੀ ਬੀ, ਨਾਗਰਾਜ, ਏ ਐੱਚ ਵਿਸ਼ਵਨਾਥਨ ਆਦਿ ਨੂੰ ਉਨ੍ਹਾਂ ਦੀ ਪੁਰਾਣੀਆਂ ਸੀਟਾਂ ਤੋਂ ਹੀ ਉਤਾਰਿਆ ਹੈ। ਕਾਂਗਰਸ ਦੇ ਬਾਗੀ ਅਤੇ ਅਯੋਗ ਕਰਾਰ ਦਿੱਤੇ ਗਏ ਇੱਕ ਵਿਧਾਇਕ ਰੋਸ਼ਨ ਬੇਗ ਨੂੰ ਭਾਜਪਾ ਨੇ ਹਾਲੇ ਆਪਣੇ ਵਿੱਚ ਸ਼ਾਮਲ ਨਹੀਂ ਕਰਾਇਆ, ਕਿਉਂਕਿ ਉਸ ਦੇ ਖਿਲਾਫ ਕੇਸ ਚੱਲ ਰਹੇ ਹਨ।

ਮੁੱਖ ਮੰਤਰੀ ਤੇ ਭਾਜਪਾ ਨੇਤਾ ਬੀ ਐੱਸ ਯੇਦੀਯੁਰੱਪਾ ਨੇ ਕਾਂਗਰਸ-ਜਨਤਾ ਦਲ ਐੱਸ ਦੇ ਬਾਗੀ ਨੇਤਾਵਾਂ ਦਾ ਇਥੇ ਪਾਰਟੀ ਹੈਡਕੁਆਰਟਰ ਵਿੱਚ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਭਵਿੱਖ ਦਾ ਵਿਧਾਇਕ ਅਤੇ ਮੰਤਰੀ ਕਿਹਾ। ਉਨ੍ਹਾਂ ਨੇ ਕਿਹਾ, ਕਾਂਗਰਸ-ਜਨਤਾ ਦਲ ਐੱਸ ਦੇ ਵਿਧਾਇਕਾਂ ਅਤੇ ਮੰਤਰੀਆਂ ਦੇ ਤਿਆਗ ਦੇ ਕਾਰਨ ਹੀ ਮੈਂ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਸਕਿਆ ਹੈ। ਯੇਦੀਯੁਰੱਪਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਦੇ ਨਾਲ ਮੈਂ ਮੁੱਖ ਮੰਤਰੀ ਦੇ ਤੌਰ 'ਤੇ ਤੁਹਾਨੂੰ ਭਰੋਸਾ ਦਿੰਦਾ ਹਾਂ ਕਿ ਤੁਹਾਡੇ ਨਾਲ ਕੀਤਾ ਗਿਆ ਹਰ ਵਾਅਦਾ ਪੂਰਾ ਕੀਤਾ ਜਾਏਗਾ ਅਤੇ ਅਸੀਂ 15 ਵਿੱਚੋਂ 15 ਸੀਟਾਂ ਜਿੱਤਾਂਗੇ।

ਭਾਜਪਾ ਸੂਤਰਾਂ ਨੇ ਦੱਸਿਆ ਕਿ ਰੋਸ਼ਨ ਬੇਗ ਦੇ ਖਿਲਾਫ ਆਈ ਐੱਮ ਏ ਠੱਗੀ ਸਕੀਮ ਘੋਟਾਲੇ ਦੀ ਜਾਂਚ ਦੇ ਕਾਰਨ ਉਸ ਦਾ ਮਾਮਲਾ ਹਾਲੇ ਲਟਕਾ ਦਿੱਤਾ ਗਿਆ ਹੈ। ਰੋਸ਼ਨ ਬੇਗ ਦੇ ਕਰੀਬੀ ਸੂਤਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਮਿਲ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਉਹ ਬਤੌਰ ਆਜ਼ਾਦੀ ਉਮੀਦਵਾਰ ਚੋਣ ਲੜ ਸਕਦੇ ਹਨ।


NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.




Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



